


PUNJABSTAR.COM
# ਪੰਜਾਬ ਸਟਾਰ





Phone: 905-673-7666 , Fax: 1-289-206-8611
24 ਸਤੰਬਰ ਤੋਂ 30 ਸਤੰਬਰ, 2026
Email :- editor@punjabstar.com, Vo. 20. Issue:1256


# ਦੱਖਣੀ ਅਫਰੀਕਾ 'ਚ ਇੱਕ ਘਰ 'ਚ ਅੰਨ੍ਹੇਵਾਹ ਗੋਲੀਬਾਰੀ ਦੌਰਾਨ 11 ਲੋਕਾਂ ਦੀ ਮੌਤ, ਤਿੰਨ ਜ਼ਖ਼ਮੀ




ਕੇਪ ਟਾਊਨ, (ਪੰਜਾਬ ਸਟਾਰ ਬਿਓਰੋ): ਪੁਲਿਸ ਨੇ ਬੁੱਧਵਾਰ ਨੂੰ ਦੱਸਿਆ ਕਿ ਦੱਖਣੀ ਅਫਰੀਕਾ ਵਿੱਚ ਇੱਕ ਘਰੇਲੂ ਪਾਰਟੀ ਦੌਰਾਨ ਤਿੰਨ ਬੰਦੂਕਧਾਰੀਆਂ ਨੇ ਗੋਲੀਆਂ ਮਾਰ ਕੇ ਘੱਟੋ-ਘੱਟ 11 ਲੋਕਾਂ ਦੀ ਹੱਤਿਆ ਕਰ ਦਿੱਤੀ। ਪੁਲਿਸ ਨੇ ਇੱਕ ਬਿਆਨ ਵਿੱਚ ਕਿਹਾ ਕਿ ਮਰਨ ਵਾਲਿਆਂ ਵਿੱਚ ਇੱਕ ਅਜਿਹੀ ਔਰਤ ਵੀ ਸ਼ਾਮਲ ਸੀ ਜੋ ਗਰਭਵਤੀ ਜਾਪਦੀ ਸੀ। ਉਨ੍ਹਾਂ ਦੱਸਿਆ ਕਿ ਗੋਲੀਬਾਰੀ ਵਿੱਚ ਤਿੰਨ ਹੋਰ ਲੋਕ ਜ਼ਖ਼ਮੀ ਵੀ ਹੋਏ ਹਨ।

ਬਿਆਨ ਮੁਤਾਬਕ ਇਹ ਘਟਨਾ ਮੰਗਲਵਾਰ ਰਾਤ ਨੂੰ ਪੂਰਬੀ ਤੱਟ 'ਤੇ ਸਥਿਤ ਡਰਬਨ ਸ਼ਹਿਰ ਤੋਂ ਲਗਭਗ 30 ਕਿਲੋਮੀਟਰ ਦੱਖਣ ਵੱਲ ਪੈਂਦੇ ਕਵਾਮਾਖੁਥਾ (KwaMakhutha) ਇਲਾਕੇ ਵਿੱਚ ਵਾਪਰੀ।

ਪੁਲਿਸ ਨੇ ਦੱਸਿਆ ਕਿ * ਬਾਕੀ ਸਫ਼ਾ 2 'ਤੇ

# ਅਮਰੀਕੀ ਨੇਵੀ ਦੇ ਜੰਗੀ ਜਹਾਜ਼ 'ਤੇ 8 ਜਵਾਨਾਂ ਨੇ ਕੀਤੀ ਖੁਦਕੁਸ਼ੀ ਦੀ ਕੋਸ਼ਿਸ਼

## ਅਬ੍ਰਾਹਮ ਲਿੰਕਨ ਨੂੰ ਲੈ ਕੇ ਹੈਰਾਨ ਕਰਨ ਵਾਲੀ ਜਾਣਕਾਰੀ



(ਪੰਜਾਬ ਸਟਾਰ ਬਿਓਰੋ): ਅਮਰੀਕੀ ਏਅਰਕ੍ਰਾਫਟ ਕੈਰੀਅਰ USS ਅਬ੍ਰਾਹਮ ਲਿੰਕਨ 'ਤੇ ਲੰਬੀ ਤਾਇਨਾਤੀ ਦੌਰਾਨ 8 ਨਾਵਿਕਾਂ ਵੱਲੋਂ ਖੁਦਕੁਸ਼ੀ ਦੀ ਕੋਸ਼ਿਸ਼ ਕੀਤੇ ਜਾਣ ਦਾ ਖੁਲਾਸਾ ਹੋਇਆ ਹੈ। ਇਹ ਜਾਣਕਾਰੀ ਕਾਰਜਕਾਰੀ ਅਮਰੀਕੀ ਨੇਵੀ ਸਕੱਤਰ ਹੰਗ ਕਾਓ ਵੱਲੋਂ ਸੈਨੇਟਰ ਕ੍ਰਿਸਟਨ ਗਿਲਿਬ੍ਰੈਂਡ ਨੂੰ ਭੇਜੇ ਇੱਕ ਪੱਤਰ ਵਿੱਚ ਸਾਹਮਣੇ ਆਈ ਹੈ। ਕਰੀਬ 5 ਹਜ਼ਾਰ ਲੋਕਾਂ ਵਾਲੇ * ਬਾਕੀ ਸਫ਼ਾ 2 'ਤੇ

# ਕੈਨੇਡਾ ਸੰਸਦ 'ਚ ਪੇਸ਼ ਬਿਲ ਤੋਂ ਮੁਲਾਜ਼ਮ ਜਥੇਬੰਦੀਆਂ ਚਿੰਤਤ

## ਬਿਲ ਸੀ-39 ਮੁਲਾਜ਼ਮਾਂ ਨੂੰ ਹੜਤਾਲ ਦੇ ਹੱਕ ਤੋਂ ਕਰ ਸਕਦੈ ਵਾਂਝਾ




ਔਟਵਾ, (ਪੰਜਾਬ ਸਟਾਰ ਬਿਓਰੋ): ਹਾਊਸ ਆਫ਼ ਕਾਮਨਜ਼ ਦਾ ਇਜਲਾਸ ਸ਼ੁਰੂ ਹੁੰਦਿਆਂ ਹੀ ਲਿਬਰਲ ਸਰਕਾਰ ਵੱਲੋਂ ਬਿਲ ਸੀ-39 ਪੇਸ਼ ਕਰ ਦਿਤਾ ਗਿਆ ਜਿਸ ਦਾ ਮੁੱਖ ਮਕਸਦ ਵੱਡੇ ਵੱਡੇ ਪ੍ਰੌਜੈਕਟਾਂ ਨੂੰ ਪ੍ਰਵਾਨਗੀ ਦੀ ਪ੍ਰਕਿਰਿਆ ਤੇਜ਼ ਕਰਨਾ ਦੱਸਿਆ ਜਾ ਰਿਹਾ ਹੈ ਪਰ ਮੁਲਾਜ਼ਮ ਜਥੇਬੰਦੀਆਂ ਦਾਲ ਵਿਚ ਕੁਝ ਕਾਲਾ ਦੱਸਿਆ ਜਾ ਰਹੀਆਂ ਹਨ। ਸਦਨ ਵਿਚ ਸਰਕਾਰ ਦੇ ਆਗੂ ਸਟੀਵਨ ਮੈਕਿਨਨ, ਰੁਜ਼ਗਾਰ * ਬਾਕੀ ਸਫ਼ਾ 2 'ਤੇ

# ਕੈਨੇਡਾ 'ਚ ਗੈਰ-ਕਾਨੂੰਨੀ ਹਥਿਆਰਾਂ ਦੇ ਤਸਕਰ ਗਿਰੋਹ ਦਾ ਪਰਦਾਫਾਸ਼

## ਇੱਕ ਔਰਤ ਸਮੇਤ ਚਾਰ ਗ੍ਰਿਫ਼ਤਾਰ




(ਪੰਜਾਬ ਸਟਾਰ ਬਿਓਰੋ): ਕੈਨੇਡਾ ਦੀ ਪੀਲ ਰੀਜਨਲ ਪੁਲੀਸ ਨੇ ਇੱਕ ਵੱਡੀ ਸਫ਼ਲਤਾ ਹਾਸਲ ਕਰਦਿਆਂ ਗ੍ਰੇਟਰ ਟੋਰਾਂਟੋ ਏਰੀਆ (GTA) ਵਿੱਚ ਸਰਗਰਮ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਇੱਕ ਨੈੱਟਵਰਕ ਨੂੰ ਦਾ ਪਰਦਾਫਾਸ਼ ਕਰ ਦਿੱਤਾ ਹੈ। ਲੰਬੇ ਸਮੇਂ ਤੋਂ ਚੱਲ ਰਹੀ ਗੁਪਤ (ਅੰਡਰਕਵਰ) ਜਾਂਚ ਤੋਂ ਬਾਅਦ ਪੁਲੀਸ ਨੇ ਇੱਕ ਔਰਤ ਸਮੇਤ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਕਾਰਵਾਈ ਦੌਰਾਨ ਪੁਲੀਸ ਨੇ 23 ਗੈਰ-ਕਾਨੂੰਨੀ ਹਥਿਆਰ, ਲਗਭਗ 825 ਗ੍ਰਾਮ ਕੋਕੀਨ ਅਤੇ 950 ਤੋਂ ਵੱਧ ਜਿਊਂਦੇ ਕਾਰਤੂਸ ਬਰਾਮਦ ਕੀਤੇ ਹਨ।

'ਪ੍ਰੋਜੈਕਟ ਰੈੱਡ ਜ਼ੋਨ' (Project Red Zone) ਨਾਂ ਦੇ ਇਸ ਵਿਸ਼ੇਸ਼ ਅਪਰੇਸ਼ਨ ਨੂੰ ਪੀਲ ਰੀਜਨਲ ਪੁਲੀਸ ਦੇ ਸਪੈਸ਼ਲਾਈਜ਼ਡ ਐਨਫੋਰਸਮੈਂਟ ਬਿਊਰੋ ਵੱਲੋਂ ਅਮਰੀਕਾ ਦੇ ਹੋਮਲੈਂਡ ਸਿਕਿਓਰਿਟੀ ਵਿਭਾਗ ਅਤੇ ਕ੍ਰਿਮੀਨਲ ਇੰਟੈਲੀਜੈਂਸ ਸਰਵਿਸ ਓਨਟਾਰੀਓ (CISO) ਦੇ ਸਹਿਯੋਗ ਨਾਲ ਨੇਪਰੇ ਚਾੜ੍ਹਿਆ ਗਿਆ। ਪੁਲੀਸ ਅਨੁਸਾਰ ਇਹ ਜਾਂਚ ਅਕਤੂਬਰ 2025 ਵਿੱਚ ਸ਼ੁਰੂ ਕੀਤੀ ਗਈ ਸੀ ਜੋ ਜੁਲਾਈ 2026 ਤੱਕ ਲਗਾਤਾਰ ਜਾਰੀ ਰਹੀ। ਪੁਲੀਸ ਨੇ ਦਾਅਵਾ ਕੀਤਾ ਹੈ ਕਿ ਬਰਾਮਦ ਕੀਤੇ ਗਏ ਹਥਿਆਰਾਂ ਵਿੱਚੋਂ 15 ਹਥਿਆਰ ਅਮਰੀਕਾ ਤੋਂ ਲਿਆਂਦੇ ਗਏ ਸਨ, ਜਦਕਿ ਕਈ ਹਥਿਆਰ ਕੈਨੇਡਾ ਵਿੱਚ ਪੂਰੀ ਤਰ੍ਹਾਂ ਬੈਨ ਹਨ। ਪੁਲੀਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਬਰਾਮਦ ਕੀਤੇ ਹਥਿਆਰਾਂ ਵਿੱਚੋਂ ਇੱਕ ਹਥਿਆਰ * ਬਾਕੀ ਸਫ਼ਾ 2 'ਤੇ

# Dark web ਡਰੱਗ ਨੈੱਟਵਰਕ 'ਆਈਸ ਵਾਈਟ ਨੌਰਥ' ਬੇਨਕਾਬ, 5 ਗ੍ਰਿਫ਼ਤਾਰ

ਕੈਨੇਡਾ (ਪੰਜਾਬ ਸਟਾਰ ਬਿਓਰੋ): ਕੈਨੇਡਾ ਵਿੱਚ ਅਪਰਾਧਿਕ ਗਤੀਵਿਧੀਆਂ ਵਿਰੁੱਧ ਇੱਕ ਵੱਡੀ ਸਫ਼ਲਤਾ ਹਾਸਲ ਕਰਦਿਆਂ, ਯਾਰਕ ਰਿਜਨਲ ਪੁਲੀਸ (YRP) ਨੇ ਇੱਕ ਵੱਡੇ ਡਾਰਕ ਵੈੱਬ ਡਰੱਗ ਤਸਕਰੀ ਨੈੱਟਵਰਕ ਨੂੰ ਤਬਾਹ ਕਰ ਦਿੱਤਾ ਹੈ। ਇਸ ਅਪਰੇਸ਼ਨ ਤਹਿਤ ਪੰਜ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ 'ਤੇ 80 ਤੋਂ ਵੱਧ ਦੋਸ਼ ਲਾਏ ਗਏ ਹਨ। ਪੁਲੀਸ ਮੁਤਾਬਕ ਇਹ ਗਰੁੱਪ ਕੈਨੇਡਾ ਵਿੱਚ ਡਾਰਕ ਵੈੱਬ ਰਾਹੀਂ ਨਸ਼ਿਆਂ ਦੀ ਸਪਲਾਈ ਕਰਨ ਵਾਲਾ ਸਭ ਤੋਂ ਵੱਡਾ ਅਤੇ ਸਰਗਰਮ ਨੈੱਟਵਰਕ ਸੀ। ਜਨਵਰੀ 2026 ਵਿੱਚ ਸ਼ੁਰੂ ਕੀਤੀ ਗਈ ਇਸ ਜਾਂਚ ਦਾ ਨਾਂ 'ਪ੍ਰੋਜੈਕਟ ਗੋਸਟਵਾਇਰ' ਰੱਖਿਆ ਗਿਆ ਸੀ। ਡੈਟ-ਸਰਜੈਂਟ ਸਟੀਫਨ ਬੀਲ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਇਹ ਪਲੇਟਫ਼ਾਰਮ ਮੁੱਖ ਤੌਰ 'ਤੇ ਡਾਰਕ ਵੈੱਬ ਅਤੇ ਐਨਕ੍ਰਿਪਟਡ ਐਪਲੀਕੇਸ਼ਨਾਂ ਰਾਹੀਂ ਚਲਾਇਆ ਜਾਂਦਾ ਸੀ। ਇਹ ਆਨਲਾਈਨ ਮਾਰਕੀਟ ਪਲੇਸ ਖ਼ਾਸ ਤੌਰ 'ਤੇ ਕੈਨੇਡੀਅਨ ਗਾਹਕਾਂ ਨੂੰ ਨਿਸ਼ਾਨਾ ਬਣਾਉਂਦਾ ਸੀ ਅਤੇ ਇਸ ਦੇ ਤਾਰ ਗਰੇਟਰ ਟੋਰਾਂਟੋ ਏਰੀਆ (GTA) ਨਾਲ ਜੁੜੇ ਹੋਏ ਸਨ। ਜਾਂਚ ਤੋਂ ਪਤਾ ਲੱਗਿਆ ਕਿ "ਆਈਸ ਵਾਈਟ ਨੌਰਥ" ਨਾਂ ਦਾ ਇਹ ਨੈੱਟਵਰਕ ਸਾਲ 2022 ਤੋਂ ਚੱਲ ਰਿਹਾ ਸੀ ਅਤੇ ਇਸ ਨੂੰ ਆਨਲਾਈਨ ਗਾਹਕਾਂ ਵੱਲੋਂ 9,000 ਤੋਂ ਵੱਧ ਪੌਜ਼ੀਟਿਵ ਰਿਵਿਊ ਮਿਲੇ ਹੋਏ ਸਨ। ਇਹ ਗਰੁੱਪ ਹਰ ਮਹੀਨੇ 1,00,000 ਡਾਲਰ ਤੋਂ ਵੱਧ ਦੀ ਕਮਾਈ ਕਰ ਰਿਹਾ ਸੀ ਅਤੇ ਪਿਛਲੇ ਚਾਰ ਸਾਲਾਂ ਵਿੱਚ ਇਸ ਨੇ ਲੱਖਾਂ ਡਾਲਰ ਦੀ ਨਾਜਾਇਜ਼ ਕਮਾਈ ਕੀਤੀ ਸੀ।



ਵੇਰਵਿਆਂ ਅਨੁਸਾਰ ਇਸ ਨੈੱਟਵਰਕ ਦਾ ਕੰਮ ਕਰਨ ਦਾ ਤਰੀਕਾ ਬਹੁਤ ਹੀ ਯੋਜਨਾਬੱਧ ਅਤੇ ਕਾਰੋਬਾਰੀ ਤਰ੍ਹਾਂ ਦਾ ਸੀ। ਨਸ਼ਿਆਂ ਦੀ ਵਿੱਕਰੀ ਲਈ ਡਿਜੀਟਲ ਮਾਰਕੀਟ ਪਲੇਸ 'ਤੇ ਵਿਗਿਆਪਨ ਦਿੱਤੇ ਜਾਂਦੇ ਸਨ। ਇੱਕ ਮਾਮਲੇ ਵਿੱਚ "ਪਰਪਲ ਹੈਰੋਇਨ" ਦੇ ਨਾਂ ਹੇਠ ਨਸ਼ਾ ਵੇਚਿਆ ਗਿਆ, ਜਿਸ ਦੀ ਬਾਅਦ ਵਿੱਚ ਫੈਂਟਾਨਿਲ (Fentanyl) ਵਜੋਂ ਪਛਾਣ ਹੋਈ। ਆਰਡਰ ਐਨਕ੍ਰਿਪਟਡ ਪਲੇਟਫ਼ਾਰਮਾਂ ਰਾਹੀਂ ਲਏ ਜਾਂਦੇ ਸਨ ਅਤੇ * ਬਾਕੀ ਸਫ਼ਾ 2 'ਤੇ

# ਕੈਨੇਡਾ ਸਰਕਾਰ ਦੀਆਂ ਅਵਾਸ ਨੀਤੀਆਂ ਦੇਸ਼ ਨੂੰ ਤਬਾਹ ਕਰ ਦੇਣਗੀਆਂ: ਟਰੰਪ



ਅਮਰੀਕਾ (ਪੰਜਾਬ ਸਟਾਰ ਬਿਓਰੋ): ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਕੈਨੇਡਾ ਹਰੇਕ ਸਾਲ ਲੱਖਾਂ ਲੋਕਾਂ ਨੂੰ ਦੇਸ਼ ਵਿੱਚ ਬੁਲਾ ਕੇ ਖੁਦ ਆਪਣੇ ਪੈਰੀਂ ਕੁਹਾੜਾ ਮਾਰਦੇ ਹੋਏ, ਆਪਣੀ ਤਬਾਹੀ ਵੱਲ ਵਧ ਰਿਹਾ ਹੈ। ਆਪਣੇ ਸੋਸ਼ਲ ਮੀਡੀਆ ਖਾਤੇ ਤੇ ਪਾਈ ਪੋਸਟ 'ਚ ਬਿਆਨ ਜਾਰੀ ਕਰਦਿਆਂ ਕਿਹਾ ਕਿ ਕੈਨੇਡਾ ਬਿਨਾਂ ਡੂੰਘੀ ਜਾਂਚ ਕੀਤੇ ਅਜਿਹੇ ਲੋਕਾਂ ਨੂੰ ਦੇਸ਼ ਵਿੱਚ ਵੜਨ ਦੇ ਰਿਹਾ ਹੈ, ਜੋ ਆਪਣੇ ਨਾਲ ਵੱਡੀਆਂ ਸਮੱਸਿਆਵਾਂ ਲੈ ਕੇ ਆ ਰਹੇ ਹਨ। ਰਾਸ਼ਟਰਪਤੀ ਨੇ ਦੁੱਖ ਪ੍ਰਗਟਾਉਂਦੇ ਹੋਏ ਕਿਹਾ ਕਿ ਉਸ ਦੇ ਗਵਾਂਢੀ ਦੇਸ਼ ਲਈ ਇਹੀ ਸਮੱਸਿਆਵਾਂ ਭਵਿੱਖ 'ਚ ਵੱਡੀਆਂ ਹੋਣ ਤੇ ਸੰਭਾਲੀਆਂ ਨਹੀਂ ਜਾਣਗੀਆਂ। ਟਰੰਪ ਨੇ ਦਾਅਵਾ ਕੀਤਾ ਕਿ ਕੈਨੇਡਾ ਵਿੱਚ ਬੇਰੁਜ਼ਗਾਰੀ ਵਧ ਰਹੀ ਹੈ।

ਦੂਜੇ ਪਾਸੇ ਟਰੰਪ ਦੀਆਂ ਟਿੱਪਣੀਆਂ ਦਾ ਜਵਾਬ ਦਿੰਦਿਆਂ ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਅਨੰਦ ਨੇ ਕਿਹਾ ਕਿ ਵਿਦੇਸ਼ੀਆਂ ਨੇ ਪਿਛਲੇ ਸਾਲਾਂ ਵਿੱਚ ਕੈਨੇਡਾ ਦੀ ਆਰਥਿਕਤਾ 'ਚ ਵੱਡਾ ਯੋਗਦਾਨ ਪਾਇਆ, ਪਰ ਇਸਦੇ ਬਾਵਜੂਦ ਉਨ੍ਹਾਂ ਦੀ ਸਰਕਾਰ ਨੇ 2024 ਤੋਂ ਅਵਾਸ ਨੀਤੀਆਂ ਨੂੰ ਸਖ਼ਤ ਕਰਕੇ ਵਿਦੇਸ਼ੀਆਂ ਦੀ ਆਮਦ ਕਾਫੀ ਘਟਾ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਅਵਾਸ ਪੱਧਰਾਂ ਨੂੰ ਸਥਿਰ ਬਣਾ ਰਹੀ ਹੈ ਤੇ ਅਗਲੇ ਸਾਲ ਦੇ ਅੰਤ ਤੱਕ * ਬਾਕੀ ਸਫ਼ਾ 2 'ਤੇ

# 'ਸਭ ਨੂੰ PR ਦਿਓ, ਡਿਪੋਰਟੇਸ਼ਨ ਰੋਕੋ..'; ਟੋਰਾਂਟੋ ਵਿੱਚ ਪਰਵਾਸੀਆਂ ਦਾ ਮਾਰਚ

## ਕੈਨੇਡੀਅਨ ਸੰਸਦ ਦੇ ਨਵੇਂ ਸੈਸ਼ਨ ਤੋਂ ਪਹਿਲਾਂ ਦੇਸ਼ ਭਰ ਦੇ 11 ਸ਼ਹਿਰਾਂ 'ਚ ਗੂੰਜੇ ਨਾਅਰੇ




(ਪੰਜਾਬ ਸਟਾਰ ਬਿਓਰੋ): ਕੈਨੇਡਾ ਦੀ ਸੰਸਦ ਦਾ ਨਵਾਂ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਐਤਵਾਰ ਨੂੰ ਦੇਸ਼ ਦੇ ਕਈ ਸ਼ਹਿਰਾਂ ਵਿੱਚ ਹਜ਼ਾਰਾਂ ਪਰਵਾਸੀਆਂ, ਕੌਮਾਂਤਰੀ ਵਿਦਿਆਰਥੀਆਂ, ਸ਼ਰਨਾਰਥੀਆਂ ਅਤੇ ਗੈਰ-ਦਸਤਾਵੇਜ਼ੀ ਲੋਕਾਂ ਨੇ ਰੋਸ ਪ੍ਰਦਰਸ਼ਨ ਕੀਤੇ। ਪ੍ਰਦਰਸ਼ਨਕਾਰੀਆਂ ਦੀ ਮੁੱਖ ਮੰਗ ਸੀ ਕਿ ਕੈਨੇਡਾ ਵਿੱਚ ਰਹਿ ਰਹੇ ਸਾਰੇ ਪਰਵਾਸੀਆਂ ਲਈ ਪੱਕੀ ਰਿਹਾਇਸ਼ (PR) ਦਾ ਰਸਤਾ ਖੋਲ੍ਹਿਆ ਜਾਵੇ ਅਤੇ ਡਿਪੋਰਟੇਸ਼ਨ ਰੋਕੀ ਜਾਵੇ।

ਟੋਰਾਂਟੋ ਵਿੱਚ ਮਾਰਚ ਦੁਪਹਿਰ 2 ਵਜੇ ਕ੍ਰਿਸਟੀ ਪਿਟਸ ਪਾਰਕ ਤੋਂ ਸ਼ੁਰੂ ਹੋ ਕੇ ਡਫਰਿਨ ਗਰੋਵ ਪਾਰਕ ਤੱਕ ਗਿਆ। ਟੋਰਾਂਟੋ ਪੁਲੀਸ ਮੁਤਾਬਕ ਕਰੀਬ 600 ਲੋਕਾਂ ਨੇ ਇਸ ਵਿੱਚ ਹਿੱਸਾ ਲਿਆ। ਮਾਈਗ੍ਰੈਂਟ ਵਰਕਰਜ਼ ਅਲਾਇੰਸ ਫ਼ਾਰ ਚੇਂਜ ਦੀ ਅਗਵਾਈ ਹੇਠ ਦੇਸ਼ ਭਰ ਵਿੱਚ ਇਸੇ ਮੁੱਦੇ 'ਤੇ 11 ਮਾਰਚ ਕੱਢੇ ਗਏ।

ਜਥੇਬੰਦੀ ਦੀ ਆਗੂ ਸਰੋਮ ਰੋਹ ਨੇ ਕਿਹਾ ਕਿ ਲਗਭਗ 17 ਲੱਖ ਲੋਕ ਇਸ ਸਮੇਂ ਅਸਥਾਈ ਵਰਕ ਜਾਂ ਸਟੱਡੀ ਪਰਮਿਟਾਂ 'ਤੇ ਕੈਨੇਡਾ ਵਿੱਚ ਰਹਿ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਲੋਕ ਖੇਤੀਬਾੜੀ, ਬੱਚਿਆਂ ਅਤੇ ਬਜ਼ੁਰਗਾਂ ਦੀ ਦੇਖਭਾਲ * ਬਾਕੀ ਸਫ਼ਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ

- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available

Jasbir Singh Hundal
Registered Credit Counsellor
1888-864-3131
www.MakeMeDebtFree.ca
416-502-3100
Unit #20 - 7015 Tranmere Drive, Mississauga, ON, L5S 1T7


BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW
PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS

Harjit Brar
Sales Representative
416-417-6010

ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090

Vik Mehmi
Broker
416-500-6262

# ਨਿਊਯਾਰਕ: ਸੰਯੁਕਤ ਰਾਸ਼ਟਰ ਦੇ ਮੁੱਖ ਦਫ਼ਤਰ ਨੇੜੇ ਸ਼ੱਕੀ ਪੈਕੇਜ ਮਿਲਿਆ; ਬੰਬ ਦੀ ਅਫਵਾਹ ਕਾਰਨ ਸੁਰੱਖਿਆ ਏਜੰਸੀਆਂ ਅਲਰਟ 'ਤੇ




ਸੰਯੁਕਤ ਰਾਸ਼ਟਰ ਮਹਾਂਸਭਾ ਦੌਰਾਨ ਨਿਊਯਾਰਕ ਵਿੱਚ ਇੱਕ ਸ਼ੱਕੀ ਪੈਕੇਜ ਮਿਲਣ ਤੋਂ ਬਾਅਦ ਸੁਰੱਖਿਆ ਏਜੰਸੀਆਂ ਹਰਕਤ ਵਿੱਚ ਆ ਗਈਆਂ ਹਨ। ਇਹ ਪੈਕੇਜ 43ਵੀਂ ਸਟ੍ਰੀਟ ਅਤੇ ਥਰਡ ਐਵੇਨਿਊ ਦੇ ਨੇੜੇ ਮਿਲਿਆ ਸੀ। ਇਹ ਘਟਨਾ ਸੰਯੁਕਤ ਰਾਸ਼ਟਰ ਦੇ ਮੁੱਖ ਦਫ਼ਤਰ ਤੋਂ ਬਹੁਤ ਘੱਟ ਦੂਰੀ 'ਤੇ ਵਾਪਰੀ, ਜਿੱਥੇ ਦੁਨੀਆ ਭਰ ਦੇ ਰਾਜਾਂ ਅਤੇ ਸਰਕਾਰਾਂ ਦੇ ਮੁਖੀ ਮਹਾਂਸਭਾ ਦੇ ਉੱਚ-ਪੱਧਰੀ ਸੈਸ਼ਨ ਵਿੱਚ ਹਿੱਸਾ ਲੈ ਰਹੇ ਹਨ। ਸਾਵਧਾਨੀ ਵਜੋਂ, ਪੁਲਿਸ ਨੇ 42ਵੀਂ ਅਤੇ 44ਵੀਂ ਗਲੀ ਅਤੇ ਸੈਕਿੰਡ ਐਵੇਨਿਊ ਤੇ ਲੈਕਸਿੰਗਟਨ ਐਵੇਨਿਊ ਵਿਚਕਾਰਲੇ ਇਲਾਕੇ ਨੂੰ ਬੰਦ ਕਰ ਦਿੱਤਾ। ਲੋਕਾਂ ਨੂੰ ਇਸ ਇਲਾਕੇ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਗਈ ਹੈ। ਨਿਊਯਾਰਕ ਪੁਲਿਸ ਵਿਭਾਗ ਨੇ ਬਾਅਦ ਵਿੱਚ ਦੱਸਿਆ ਕਿ ਪੈਕੇਜ ਦੀ ਜਾਂਚ ਕੀਤੀ ਗਈ ਸੀ ਅਤੇ ਇਹ ਸ਼ੱਕੀ ਨਹੀਂ ਪਾਇਆ ਗਿਆ। ਅਮਰੀਕੀ ਸੀਕਰੇਟ ਸਰਵਿਸ ਦੇ ਇੱਕ ਬੁਲਾਰੇ ਅਨੁਸਾਰ, ਸੁਰੱਖਿਆ ਏਜੰਸੀਆਂ ਅਤੇ ਉਨ੍ਹਾਂ ਦੀਆਂ ਸਹਿਯੋਗੀ ਇਕਾਈਆਂ ਨੇ ਸਾਵਧਾਨੀ ਵਜੋਂ 22 ਸਤੰਬਰ ਨੂੰ ਦੁਪਹਿਰ ਲਗਭਗ 3:00 ਵਜੇ 43ਵੀਂ ਸਟ੍ਰੀਟ ਅਤੇ ਥਰਡ ਐਵੇਨਿਊ ਦੇ ਆਲੇ-ਦੁਆਲੇ ਦੀਆਂ ਸੜਕਾਂ ਨੂੰ ਬੰਦ ਕਰ ਦਿੱਤਾ ਸੀ। ਜਾਂਚ ਤੋਂ ਬਾਅਦ ਇਹ ਪੁਸ਼ਟੀ ਕੀਤੀ ਗਈ ਕਿ ਇਨ੍ਹਾਂ ਚੀਜ਼ਾਂ ਤੋਂ ਜਨਤਾ ਨੂੰ ਕੋਈ ਖਤਰਾ ਨਹੀਂ ਸੀ। ਇਸ ਤੋਂ ਬਾਅਦ ਇਲਾਕਾ ਦੁਬਾਰਾ ਖੋਲ੍ਹ ਦਿੱਤਾ ਗਿਆ। ਹਾਲਾਂਕਿ, ਪੁਲਿਸ ਨੇ ਥਰਡ ਐਵੇਨਿਊ ਅਤੇ ਲੈਕਸਿੰਗਟਨ ਐਵੇਨਿਊ ਵਿਚਕਾਰ 43ਵੀਂ ਸਟ੍ਰੀਟ ਦੇ ਹਿੱਸੇ ਨੂੰ ਕੁਝ ਸਮੇਂ ਲਈ ਬੰਦ ਰੱਖਿਆ। ਘਟਨਾ ਦੇ ਸਮੇਂ ਆਸ-ਪਾਸ ਮੌਜੂਦ ਲੋਕਾਂ ਨੇ ਇਲਾਕੇ ਵਿੱਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਦੇਖੇ। ਨੇੜਲੀ ਇਮਾਰਤ ਵਿੱਚ ਕੰਮ ਕਰਨ ਵਾਲੇ ਨਿਊਯਾਰਕ ਦੇ ਇੱਕ ਵਸਨੀਕ ਨੇ ਦੱਸਿਆ ਕਿ ਸੜਕਾਂ ਬੰਦ ਹੋਣ ਦੇ ਨਾਲ-ਨਾਲ, ਕਈ ਕਾਫ਼ਲੇ ਵੀ ਇਸ ਇਲਾਕੇ ਵਿੱਚੋਂ ਲੰਘ ਰਹੇ ਸਨ। ਉਸਨੇ ਸਥਿਤੀ ਨੂੰ ਬੇਹੱਦ ਤਣਾਅਪੂਰਨ ਦੱਸਿਆ ਅਤੇ ਜਨਤਕ ਸੁਰੱਖਿਆ ਬਾਰੇ ਚਿੰਤਾ ਪ੍ਰਗਟਾਈ। ਇੱਕ ਹੋਰ ਵਿਅਕਤੀ ਨੇ ਦੱਸਿਆ ਕਿ 42ਵੀਂ ਸਟ੍ਰੀਟ ਦੇ ਉੱਤਰ ਵੱਲ ਥਰਡ ਐਵੇਨਿਊ ਨੂੰ ਕੁਝ ਘੰਟਿਆਂ ਲਈ ਘੇਰਾਬੰਦੀ ਕਰਕੇ ਬੰਦ ਕਰ ਦਿੱਤਾ ਗਿਆ ਸੀ। ਉਸ ਇਲਾਕੇ ਵਿੱਚ ਵੱਡੀ ਗਿਣਤੀ ਵਿੱਚ ਪੁਲਿਸ ਅਧਿਕਾਰੀ ਮੌਜੂਦ ਸਨ। ਉਸਨੇ ਦੱਸਿਆ ਕਿ ਉਸਨੂੰ ਸ਼ੱਕ ਸੀ ਕਿ ਕੋਈ ਸੂਟਕੇਸ ਜਾਂ ਸਮਾਨ ਮਿਲਿਆ ਸੀ, ਜਿਸਦੀ ਪੁਲਿਸ ਜਾਂਚ ਕਰ ਰਹੀ ਸੀ।

## ਅਮਰੀਕਾ 'ਚ ਅੱਗ ਬੁਝਾਉਣ ਵਾਲਾ ਹੈਲੀਕਾਪਟਰ ਹਾਦਸਾਗ੍ਰਸਤ, ਦੋਵੇਂ ਪਾਇਲਟਾਂ ਦੀ ਹੋਈ ਮੌਤ

ਵਾਸ਼ਿੰਗਟਨ: ਅਮਰੀਕਾ ਦੇ ਯੋਸੇਮਾਈਟ ਨੈਸ਼ਨਲ ਪਾਰਕ ਵਿੱਚ ਜੰਗਲ ਦੀ ਅੱਗ ਬੁਝਾਉਣ ਦੌਰਾਨ ਇੱਕ ਫਾਇਰ-ਫਾਈਟਿੰਗ ਹੈਲੀਕਾਪਟਰ ਹਾਦਸਾਗ੍ਰਸਤ ਹੋ ਗਿਆ। ਇਸ ਹਾਦਸੇ ਵਿੱਚ ਸਵਾਰ ਦੋਵੇਂ ਪਾਇਲਟਾਂ ਦੀ ਮੌਤ ਹੋ ਗਈ। ਅਧਿਕਾਰੀਆਂ ਅਨੁਸਾਰ, ਇਹ ਹਾਦਸਾ ਐਤਵਾਰ ਦੁਪਹਿਰ ਨੂੰ ਉਸ ਸਮੇਂ ਵਾਪਰਿਆ ਜਦੋਂ ਹੈਲੀਕਾਪਟਰ ਅੱਗ 'ਤੇ ਪਾਣੀ ਸੁੱਟਣ ਦੇ ਕੰਮ ਵਿੱਚ ਲੱਗਿਆ ਹੋਇਆ ਸੀ। ਪਾਇਲਟਾਂ ਤੋਂ ਇਲਾਵਾ, ਹੈਲੀਕਾਪਟਰ ਵਿੱਚ ਹੋਰ ਕੋਈ ਨਹੀਂ ਸੀ। ਦੋਵੇਂ ਪਾਇਲਟ 'ਪ੍ਰੀਸੀਜ਼ਨ' (Precision) ਨਾਮਕ ਕੰਟਰੈਕਟ ਏਵੀਏਸ਼ਨ ਕੰਪਨੀ ਲਈ ਕੰਮ ਕਰਦੇ ਸਨ। ਹਾਦਸੇ ਵਿੱਚ ਮਾਰੇ ਗਏ ਪਾਇਲਟਾਂ ਵਿੱਚੋਂ ਇੱਕ ਦੀ ਪਛਾਣ ਗ੍ਰੈਗ ਕਿੰਗ ਵਜੋਂ ਕੀਤੀ ਗਈ ਹੈ।

ਉਸਨੇ ਪਹਿਲਾਂ ਅਲਾਸਕਾ ਦੇ ਜੰਗਲਾਤ ਅਤੇ ਅੱਗ-ਬਚਾਅ ਵਿਭਾਗ (Alaska Division of Forestry and Fire Protection) ਨਾਲ ਕੰਮ ਕੀਤਾ ਸੀ ਅਤੇ ਅਲਾਸਕਾ ਵਿੱਚ ਜੰਗਲੀ ਅੱਗ ਬੁਝਾਉਣ ਦੇ ਕਈ ਕਾਰਜਾਂ ਵਿੱਚ ਹਿੱਸਾ ਲਿਆ ਸੀ। ਬਾਅਦ ਵਿੱਚ, ਉਹ 'ਪ੍ਰੀਸੀਜ਼ਨ' (Precision) ਕੰਪਨੀ ਵਿੱਚ ਸ਼ਾਮਿਲ ਹੋ ਗਿਆ। ਅਲਾਸਕਾ ਦੀ ਇਸ ਏਜੰਸੀ ਦੇ ਬੁਲਾਰੇ, ਐਮਰੀ ਜੌਹਨਸਨ ਨੇ ਦੱਸਿਆ ਕਿ ਕਿੰਗ ਦੇ ਨਜ਼ਦੀਕੀ ਰਿਸ਼ਤੇਦਾਰ ਅਜੇ ਵੀ ਇਸ ਏਜੰਸੀ ਲਈ ਕੰਮ ਕਰਦੇ ਹਨ। ਉਸਦਾ ਨਾਮ ਪਰਿਵਾਰ ਤੋਂ ਇਜਾਜ਼ਤ ਮਿਲਣ ਤੋਂ ਬਾਅਦ ਹੀ ਜਨਤਕ ਕੀਤਾ ਗਿਆ ਸੀ।

ਦੂਜੇ ਪਾਇਲਟ ਦੀ ਪਛਾਣ ਹਾਲੇ ਤੱਕ ਜਨਤਕ ਨਹੀਂ ਕੀਤੀ ਗਈ ਹੈ। ਫੈਡਰਲ ਕੰਪਲੈਕਸ ਇੰਸੀਡੈਂਟ ਮੈਨੇਜਮੈਂਟ ਟੀਮ ਦੇ ਬੁਲਾਰੇ ਬੈਂਜਾਮਿਨ ਕੋਸਲ ਅਨੁਸਾਰ, ਅੱਗ ਬੁਝਾਉਣ ਲਈ 'ਵਾਟਰ ਬਕੇਟ' (ਪਾਣੀ ਵਾਲੀ ਬਾਲਟੀ) ਦੀ ਵਰਤੋਂ ਕਰਦੇ ਸਮੇਂ ਇੱਕ 'ਸੁਪਰ ਪੂਮਾ' ਹੈਲੀਕਾਪਟਰ ਝੀਲ ਨੇੜੇ ਹਾਦਸਾਗ੍ਰਸਤ ਹੋ ਗਿਆ। ਹਾਦਸੇ ਦੇ ਹਾਲਾਤਾਂ ਬਾਰੇ ਫਿਲਹਾਲ ਕੋਈ ਵਿਸਤ੍ਰਿਤ ਜਾਣਕਾਰੀ ਉਪਲਬਧ ਨਹੀਂ ਹੈ। ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ (FAA) ਅਤੇ ਨੈਸ਼ਨਲ ਟ੍ਰਾਂਸਪੋਰਟੇਸ਼ਨ ਸੇਫਟੀ ਬੋਰਡ (NTSB) ਇਸ ਹਾਦਸੇ ਦੀ ਜਾਂਚ ਕਰਨਗੇ।

ਰਿਪੋਰਟਾਂ ਅਨੁਸਾਰ, ਇਸ ਸਾਲ ਅਮਰੀਕਾ ਵਿੱਚ ਜੰਗਲੀ ਅੱਗ ਨਾਲ ਸਬੰਧਿਤ ਕਾਰਵਾਈਆਂ ਦੌਰਾਨ ਘੱਟੋ-ਘੱਟ 14 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਹ 2022 ਤੋਂ ਬਾਅਦ ਸਭ ਤੋਂ ਵੱਧ ਅੰਕੜਾ ਹੈ; ਉਸ ਸਾਲ ਜੰਗਲੀ ਅੱਗ ਨਾਲ ਸਬੰਧਿਤ ਮੁਹਿੰਮਾਂ ਦੌਰਾਨ 25 ਲੋਕਾਂ ਦੀ ਜਾਨ ਗਈ ਸੀ। ਅਗਸਤ ਵਿੱਚ ਅਮਰੀਕਾ ਵਿੱਚ ਅਜਿਹੀਆਂ ਕਾਰਵਾਈਆਂ ਦੌਰਾਨ ਹੈਲੀਕਾਪਟਰ ਹਾਦਸੇ ਦੀਆਂ ਦੋ ਵੱਡੀਆਂ ਘਟਨਾਵਾਂ ਵੀ ਵਾਪਰੀਆਂ; ਯੂਟਾਹ (Utah) ਵਿੱਚ ਅੱਗ ਬੁਝਾਉਣ ਦੇ ਕੰਮਾਂ ਵਿੱਚ ਮਦਦ ਕਰਦੇ ਸਮੇਂ ਦੋ ਹੈਲੀਕਾਪਟਰ ਪਾਇਲਟਾਂ ਦੀ ਮੌਤ ਹੋ ਗਈ, ਜਦੋਂ ਕਿ ਕੋਲੋਰਾਡੋ ਵਿੱਚ ਇੱਕ ਹੈਲੀਕਾਪਟਰ ਪਾਣੀ ਦੇ ਭੰਡਾਰ ਵਿੱਚ ਜਾ ਡਿੱਗਿਆ।

# ਟਰੰਪ ਦਾ ਕੈਨੇਡਾ ਦੀ ਇਮੀਗ੍ਰੇਸ਼ਨ ਨੀਤੀ 'ਤੇ ਤਿੱਖਾ ਹਮਲਾ

## ਕੈਨੇਡਾ ਆਪਣੇ ਆਪ ਨੂੰ ਤਬਾਹ ਕਰ ਰਿਹਾ ਹੈ": ਡੋਨਾਲਡ ਟਰੰਪ



ਓਟਾਵਾ, (ਬਲਜਿੰਦਰ ਸੇਖਾ) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੁੱਧਵਾਰ ਨੂੰ ਕੈਨੇਡਾ ਦੀ ਇਮੀਗ੍ਰੇਸ਼ਨ ਨੀਤੀ ਦੀ ਆਲੋਚਨਾ ਕਰਦਿਆਂ ਦਾਅਵਾ ਕੀਤਾ ਕਿ ਦੇਸ਼ ਵਿੱਚ "ਲੱਖਾਂ ਲੋਕ" ਬਿਨਾਂ ਢੁੱਕਵੀਂ ਜਾਂਚ-ਪੜਤਾਲ ਦੇ ਦਾਖ਼ਲ ਹੋ ਰਹੇ ਹਨ।

ਟਰੰਪ ਨੇ ਠਰੁਟਹ ਸ਼ੋਚਿਓਲ 'ਤੇ ਲਿਖਿਆ ਕਿ ਕੈਨੇਡਾ "ਆਪਣੇ ਆਪ ਨੂੰ ਤਬਾਹ ਕਰ ਰਿਹਾ ਹੈ" ਅਤੇ ਇਮੀਗ੍ਰੇਸ਼ਨ ਕਾਰਨ ਅਜਿਹੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ ਜੋ ਭਵਿੱਖ ਵਿੱਚ ਕਾਬੂ ਤੋਂ ਬਾਹਰ ਹੋ ਸਕਦੀਆਂ ਹਨ। ਉਨ੍ਹਾਂ ਨੇ ਇਮੀਗ੍ਰੇਸ਼ਨ ਨੂੰ ਬੇਰੁਜ਼ਗਾਰੀ ਨਾਲ ਵੀ ਜੋੜਿਆ। ਹਾਲਾਂਕਿ, ਟਰੰਪ ਨੇ ਆਪਣੇ ਦਾਅਵਿਆਂ ਦੇ ਸਮਰਥਨ ਵਿੱਚ ਕੋਈ ਖਾਸ ਅੰਕੜੇ ਜਾਂ ਸਬੂਤ ਪੇਸ਼ ਨਹੀਂ ਕੀਤੇ।

**ਕੈਨੇਡਾ ਦੇ ਸਰਕਾਰੀ ਅੰਕੜੇ ਕੀ ਕਹਿੰਦੇ ਹਨ?**

Statistics Canada ਦੇ 23 ਸਤੰਬਰ ਨੂੰ ਜਾਰੀ ਕੀਤੇ ਅੰਕੜਿਆਂ ਮੁਤਾਬਕ, 1 ਜੁਲਾਈ 2026 ਨੂੰ ਕੈਨੇਡਾ ਵਿੱਚ ਗੈਰ-ਸਥਾਈ ਨਿਵਾਸੀਆਂ ਦੀ ਗਿਣਤੀ 2,779,774 ਸੀ, ਜੋ ਕੁੱਲ ਆਬਾਦੀ ਦਾ ਲਗਭਗ 6.7% ਹੈ। ਇਹ ਅੰਕੜਾ ਅਕਤੂਬਰ 2024 ਦੇ ਲਗਭਗ 2.98 ਮਿਲੀਅਨ ਦੇ ਸਿਖਰ ਨਾਲੋਂ ਘੱਟ ਹੈ।

ਇਸੇ ਦੌਰਾਨ, 2025-26 ਵਿੱਚ ਕੈਨੇਡਾ ਨੇ 368,224 ਨਵੇਂ ਸਥਾਈ ਪ੍ਰਵਾਸੀਆਂ ਨੂੰ ਸਵੀਕਾਰ ਕੀਤਾ, ਜੋ 2021-22 ਤੋਂ ਬਾਅਦ ਪਹਿਲੀ ਵਾਰ 400,000 ਤੋਂ ਘੱਟ ਹੈ। ਕੈਨੇਡੀਅਨ ਅਧਿਕਾਰੀਆਂ ਮੁਤਾਬਕ ਇਮੀਗ੍ਰੈਂਟਾਂ, ਵਿਦਿਆਰਥੀਆਂ, ਅਸਥਾਈ ਕਰਮਚਾਰੀਆਂ ਅਤੇ ਰਿਫਿਊਜੀਆਂ ਲਈ ਸੁਰੱਖਿਆ ਜਾਂਚ ਅਤੇ ਓਦਮਿਸਸਿਬਿਲਿਟੇ ਸਚਰਏਨਿਨਗ ਦੇ ਪ੍ਰਬੰਧ ਮੌਜੂਦ ਹਨ। ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਕੈਨੇਡਾ ਪਹਿਲਾਂ ਹੀ ਇਮੀਗ੍ਰੇਸ਼ਨ ਦੇ ਪੱਧਰ ਘਟਾ ਰਿਹਾ ਹੈ ਅਤੇ ਕੈਨੇਡਾ-ਅਮਰੀਕਾ ਵਿਚਕਾਰ ਵਪਾਰਕ ਤਣਾਅ ਵੀ ਜਾਰੀ ਹੈ।

# ਸਮਝੌਤਾ ਕਰੇ ਇਰਾਨ, ਨਹੀਂ ਤਾਂ ਤਬਾਹ ਕਰ ਦੇਵਾਂਗੇ: ਟਰੰਪ




ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੰਯੁਕਤ ਰਾਸ਼ਟਰ ਮਹਾਸਭਾ ਦੇ ਸੈਸ਼ਨ ਨੂੰ ਸੰਬੋਧਨ ਕਰਦਿਆਂ ਇਰਾਨ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇਰਾਨ ਨਾਲ ਸ਼ਾਂਤੀ ਸਮਝੌਤਾ ਨਹੀਂ ਹੁੰਦਾ ਤਾਂ ਉਹ ਉਸ ਨੂੰ 'ਤਬਾਹ' ਕਰ ਸਕਦੇ ਹਨ। ਹਾਲਾਂਕਿ ਟਰੰਪ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਅਮਰੀਕਾ ਦੀਆਂ ਮੱਧਕਾਲੀ ਚੋਣਾਂ ਤੋਂ ਤੁਰੰਤ ਬਾਅਦ ਇਰਾਨ ਨਾਲ ਸਮਝੌਤਾ ਹੋ ਜਾਵੇਗਾ।

ਟਰੰਪ ਨੇ ਕਿਹਾ, "ਮੇਰੇ ਸਾਹਮਣੇ ਇੱਕ ਵੱਡਾ ਫ਼ੈਸਲਾ ਹੈ। ਕੀ ਇਰਾਨ ਨਾਲ ਅਜਿਹਾ ਸਮਝੌਤਾ ਕੀਤਾ ਜਾਵੇ, ਜਿਸ ਨਾਲ ਉਹ ਮੁੜ ਨਿਰਮਾਣ ਕਰ ਸਕੇ ਅਤੇ ਪਹਿਲਾਂ ਨਾਲੋਂ ਵੀ ਵਧੇਰੇ ਤਾਕਤਵਰ ਦੇਸ਼ ਬਣ ਸਕੇ ਜਾਂ ਇਸਲਾਮਿਕ ਰਿਪਬਲਿਕ ਨੂੰ ਤਬਾਹ ਕਰ ਦਿੱਤਾ ਜਾਵੇ।" ਉਨ੍ਹਾਂ ਕਿਹਾ ਕਿ ਜੇਕਰ ਸਮਝੌਤਾ ਹੁੰਦਾ ਹੈ ਤਾਂ ਇਹ ਮੱਧਕਾਲੀ ਚੋਣਾਂ ਤੋਂ ਤੁਰੰਤ ਬਾਅਦ ਹੋ ਸਕਦਾ ਹੈ। ਟਰੰਪ ਨੇ ਕਿਹਾ ਕਿ ਇਰਾਨ ਇਹ ਦੇਖਣ ਦੀ ਉਡੀਕ ਕਰ ਰਿਹਾ ਹੈ ਕਿ ਅਮਰੀਕਾ ਦੀਆਂ ਮੱਧਕਾਲੀ ਚੋਣਾਂ ਵਿੱਚ ਉਨ੍ਹਾਂ ਦਾ ਪ੍ਰਦਰਸ਼ਨ ਕਿਹੋ ਜਿਹਾ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਉਹ ਖ਼ੁਦ ਇਨ੍ਹਾਂ ਚੋਣਾਂ ਵਿੱਚ ਉਮੀਦਵਾਰ ਨਹੀਂ ਹਨ ਅਤੇ ਇਰਾਨ ਬਾਰੇ ਉਨ੍ਹਾਂ ਦੇ ਫ਼ੈਸਲੇ 'ਤੇ ਚੋਣਾਂ ਦਾ ਕੋਈ ਅਸਰ ਨਹੀਂ ਪਵੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਲਈ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਰਾਨ ਕੋਲ ਕਦੇ ਵੀ ਪਰਮਾਣੂ ਹਥਿਆਰ ਨਹੀਂ ਹੋਣਾ ਚਾਹੀਦਾ।

ਟਰੰਪ ਨੇ ਕਿਹਾ ਕਿ ਅਮਰੀਕਾ ਦੀ ਜਲ ਸੈਨਾ ਨੇ ਹਰਮੁਜ਼ ਜਲ ਮਾਰਗ ਤੋਂ ਤੇਲ ਦੀ ਆਵਾਜਾਈ ਨੂੰ ਸੁਰੱਖਿਆ ਪ੍ਰਦਾਨ ਕੀਤੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅਮਰੀਕੀ ਜਲ ਸੈਨਾ ਹੁਣ ਤੱਕ ਹਰਮੁਜ਼ ਜਲ ਮਾਰਗ ਤੋਂ ਇੱਕ ਅਰਬ ਬੈਰਲ ਤੋਂ ਵੱਧ ਤੇਲ ਦੀ ਆਵਾਜਾਈ ਲਈ ਸੁਰੱਖਿਆ ਪ੍ਰਦਾਨ ਕਰ ਚੁੱਕੀ ਹੈ ਅਤੇ ਜੰਗ ਸ਼ੁਰੂ ਹੋਣ ਤੋਂ ਬਾਅਦ ਕਿਸੇ ਵੀ ਸਮੇਂ ਨਾਲੋਂ ਹੁਣ ਵੱਧ ਤੇਲ ਦੀ ਆਵਾਜਾਈ ਹੋ ਰਹੀ ਹੈ।

ਟਰੰਪ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵੱਲੋਂ ਵਪਾਰਕ ਜਹਾਜ਼ਾਂ 'ਤੇ ਇਰਾਨ ਦੇ ਹਮਲਿਆਂ ਦੀ ਨਿੰਦਾ ਕਰਨ ਵਾਲਾ ਮਤਾ ਵੱਡੇ ਬਹੁਮਤ ਨਾਲ ਪਾਸ ਕੀਤੇ ਜਾਣ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਅਮਰੀਕਾ ਹਰ ਰੋਜ਼ ਅਤੇ ਹਰ ਰਾਤ ਕਈ ਜਹਾਜ਼ਾਂ ਨੂੰ ਹਰਮੁਜ਼ ਜਲ ਮਾਰਗ ਤੋਂ ਬਾਹਰ ਲਿਜਾਣ ਵਿੱਚ ਮਦਦ ਕਰ ਰਿਹਾ ਹੈ।

ਸੰਯੁਕਤ ਰਾਸ਼ਟਰ ਵਿੱਚ ਆਪਣੇ ਸੰਬੋਧਨ ਦੌਰਾਨ ਟਰੰਪ ਨੇ ਇਰਾਨ ਦੀ ਪਰਮਾਣੂ ਸਮਰੱਥਾ ਨੂੰ ਲੈ ਕੇ ਆਪਣੀ ਸਖ਼ਤ ਨੀਤੀ ਦੁਹਰਾਈ। ਉਨ੍ਹਾਂ ਕਿਹਾ ਕਿ ਉਹ ਇਰਾਨ ਨੂੰ ਪਰਮਾਣੂ ਹਥਿਆਰ ਹਾਸਲ ਕਰਨ ਦੀ ਇਜਾਜ਼ਤ ਕਦੇ ਨਹੀਂ ਦੇਣਗੇ। ਉਨ੍ਹਾਂ ਅਮਰੀਕਾ ਅਤੇ ਇਜ਼ਰਾਈਲ ਦੀ ਇਰਾਨ ਵਿਰੁੱਧ ਸਾਂਝੀ ਫ਼ੌਜੀ ਕਾਰਵਾਈ 'ਆਪਰੇਸ਼ਨ ਐਪਿਕ ਫਿਊਰੀ' ਦਾ ਵੀ ਜ਼ਿਕਰ ਕੀਤਾ।

ਟਰੰਪ ਨੇ ਇਰਾਨ 'ਤੇ ਹਮਾਸ ਨੂੰ ਫੰਡ ਦੇਣ ਦਾ ਦੋਸ਼ ਲਾਉਂਦਿਆਂ 7 ਅਕਤੂਬਰ ਦੇ ਇਜ਼ਰਾਈਲ 'ਤੇ ਹੋਏ ਹਮਲੇ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਇਰਾਨ ਵੱਲੋਂ ਸਮਰਥਨ ਪ੍ਰਾਪਤ ਅਤਿਵਾਦੀਆਂ ਨੇ ਇਜ਼ਰਾਈਲ ਵਿੱਚ 1,200 ਲੋਕਾਂ ਦੀ ਹੱਤਿਆ ਕੀਤੀ ਸੀ, ਜਿਨ੍ਹਾਂ ਵਿੱਚ ਕਈ ਅਮਰੀਕੀ ਨਾਗਰਿਕ ਵੀ ਸ਼ਾਮਲ ਸਨ। ਟਰੰਪ ਨੇ ਇਰਾਨ ਦੇ ਸਰਵਉੱਚ ਆਗੂ ਵੱਲੋਂ ਇਸ ਹਮਲੇ ਦੀ ਸ਼ਲਾਘਾ ਕੀਤੇ ਜਾਣ ਦਾ ਵੀ ਦਾਅਵਾ ਕੀਤਾ।

# ਪੇਜ ਇੱਕ ਦੀ ਬਾਕੀ

## ਅਮਰੀਕੀ ਨੇਵੀ ਦੇ...

ਇਸ ਏਅਰਕ੍ਰਾਫਟ ਕੈਰੀਅਰ 'ਤੇ ਲੰਬੇ ਸਮੇਂ ਤੋਂ ਰਹਿਣ ਦੀਆਂ ਸਥਿਤੀਆਂ ਅਤੇ ਨਾਵਿਕਾਂ ਦੀ ਮਾਨਸਿਕ ਸਿਹਤ ਨੂੰ ਲੈ ਕੇ ਪਰਿਵਾਰਾਂ ਵੱਲੋਂ ਚਿੰਤਾ ਜਤਾਈ ਜਾ ਰਹੀ ਸੀ। ਹੁਣ ਜਹਾਜ਼ ਦੀ ਵਾਪਸੀ ਦੌਰਾਨ ਸਾਹਮਣੇ ਆਏ ਇਸ ਅੰਕੜੇ ਨੇ ਇਨ੍ਹਾਂ ਚਿੰਤਾਵਾਂ ਨੂੰ ਹੋਰ ਚਰਚਾ ਵਿੱਚ ਲਿਆ ਦਿੱਤਾ ਹੈ।

USS ਅਬ੍ਰਾਹਮ ਲਿੰਕਨ ਪਿਛਲੇ ਸਾਲ ਨਵੰਬਰ ਤੋਂ ਤਾਇਨਾਤ ਸੀ ਅਤੇ ਹੁਣ ਅਮਰੀਕਾ ਵਾਪਸ ਆ ਰਿਹਾ ਹੈ। ਇਸ ਪੂਰੇ ਸਮੇਂ ਦੌਰਾਨ ਜਹਾਜ਼ 'ਤੇ ਤਾਇਨਾਤ ਨਾਵਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਮਾਨਸਿਕ ਸਿਹਤ ਅਤੇ ਰਹਿਣ ਦੀਆਂ ਸਥਿਤੀਆਂ ਸਬੰਧੀ ਸਵਾਲ ਉਠਾਏ ਜਾਂਦੇ ਰਹੇ। ਇਨ੍ਹਾਂ ਚਿੰਤਾਵਾਂ ਨੂੰ ਲੈ ਕੇ ਸੈਨੇਟਰ ਕ੍ਰਿਸਟਨ ਗਿਲਿਬ੍ਰੈਂਡ ਨੇ ਅਮਰੀਕੀ ਨੇਵੀ ਤੋਂ ਜਵਾਬ ਮੰਗਿਆ ਸੀ। ਇਸ ਦੇ ਜਵਾਬ ਵਿੱਚ ਹੰਗ ਕਾਓ ਨੇ ਮੰਗਲਵਾਰ ਨੂੰ ਭੇਜੇ ਪੱਤਰ ਵਿੱਚ ਦੱਸਿਆ ਕਿ ਤਾਇਨਾਤੀ ਦੌਰਾਨ 8 ਲੋਕਾਂ ਨੇ ਖ਼ੁਦਕੁਸ਼ੀ ਦੀ ਕੋਸ਼ਿਸ਼ ਕੀਤੀ।

ਕਾਓ ਮੁਤਾਬਕ, ਇਨ੍ਹਾਂ 8 ਲੋਕਾਂ ਵਿੱਚ ਸਿਰਫ਼ ਏਅਰਕ੍ਰਾਫਟ ਕੈਰੀਅਰ ਦੇ ਕਰੂ ਮੈਂਬਰ ਹੀ ਸ਼ਾਮਲ ਨਹੀਂ ਸਨ। ਇਸ ਵਿੱਚ ਕੈਰੀਅਰ ਏਅਰ ਵਿੰਗ, ਸਟ੍ਰਾਈਕ ਗਰੁੱਪ ਅਤੇ ਡਿਸਟਰੌਅਰ ਸਕੁਆਡਰਨ ਦੇ ਸਟਾਫ਼ ਤੋਂ ਇਲਾਵਾ ਨਾਲ ਚੱਲ ਰਹੇ ਵਿਧਵੰਸਕ ਜਹਾਜ਼ਾਂ ਅਤੇ ਏਵੀਏਸ਼ਨ ਸਕੁਆਡਰਨਾਂ ਦੇ ਨਾਵਿਕ ਵੀ ਸ਼ਾਮਲ ਸਨ।

**ਮਾਨਸਿਕ ਸਿਹਤ ਨੂੰ ਲੈ ਕੇ ਪਰਿਵਾਰਾਂ ਦੀ ਚਿੰਤਾ**

USS ਅਬ੍ਰਾਹਮ ਲਿੰਕਨ 'ਤੇ ਕਰੀਬ 5 ਹਜ਼ਾਰ ਲੋਕ ਤਾਇਨਾਤ ਹੋ ਸਕਦੇ ਹਨ। ਪਰਿਵਾਰਾਂ ਵੱਲੋਂ ਲੰਬੀ ਤਾਇਨਾਤੀ ਕਾਰਨ ਨਾਵਿਕਾਂ ਦੀ ਮਾਨਸਿਕ ਸਿਹਤ ਅਤੇ ਕੰਮਕਾਜ ਦੀਆਂ ਸਥਿਤੀਆਂ ਬਾਰੇ ਚਿੰਤਾ ਜਤਾਈ ਗਈ ਸੀ। ਹਾਲਾਂਕਿ ਅਮਰੀਕੀ ਨੇਵੀ ਨੇ ਇਸ ਨੂੰ ਜਹਾਜ਼ 'ਤੇ ਕਿਸੇ ਵਿਆਪਕ ਮਾਨਸਿਕ ਸਿਹਤ ਸੰਕਟ ਵਜੋਂ ਸਵੀਕਾਰ ਨਹੀਂ ਕੀਤਾ। ਹੰਗ ਕਾਓ ਨੇ ਦੱਸਿਆ ਕਿ ਨਾਵਿਕਾਂ ਦੀ ਆਤਮਿਕ ਅਤੇ ਭਾਵਨਾਤਮਕ ਸਹਾਇਤਾ ਲਈ ਜਹਾਜ਼ 'ਤੇ 5 ਪਾਦਰੀ ਅਤੇ ਕਈ ਮਾਨਸਿਕ ਸਿਹਤ ਮਾਹਿਰ ਮੌਜੂਦ ਸਨ।

**ਪਾਈਪਲਾਈਨ ਅਤੇ ਖਾਣੇ ਦੀਆਂ ਸਹੂਲਤਾਂ 'ਤੇ ਵੀ ਸਵਾਲ**

ਮਾਨਸਿਕ ਸਿਹਤ ਤੋਂ ਇਲਾਵਾ ਪਰਿਵਾਰਾਂ ਨੇ ਜਹਾਜ਼ ਦੀਆਂ ਬੁਨਿਆਦੀ ਸਹੂਲਤਾਂ ਬਾਰੇ ਵੀ ਚਿੰਤਾ ਜਤਾਈ ਸੀ। ਇਨ੍ਹਾਂ ਵਿੱਚ ਪਾਈਪਲਾਈਨ ਦੀ ਖਰਾਬੀ ਅਤੇ ਤਾਜ਼ਾ ਖਾਣੇ ਦੀ ਕਮੀ ਵਰਗੀਆਂ ਸਮੱਸਿਆਵਾਂ ਸ਼ਾਮਲ ਸਨ। ਕਾਓ ਨੇ ਵੱਡੇ ਪੱਧਰ 'ਤੇ ਪਾਈਪਲਾਈਨ ਟੁੱਟਣ ਅਤੇ ਤਾਜ਼ਾ ਖਾਣੇ ਦੀ ਕਮੀ ਦੀ ਗੱਲ ਤੋਂ ਇਨਕਾਰ ਕੀਤਾ। ਹਾਲਾਂਕਿ ਉਨ੍ਹਾਂ ਮੰਨਿਆ ਕਿ ਕੁਝ ਸਮੇਂ ਲਈ ਸਥਾਨਕ ਪੱਧਰ 'ਤੇ ਪਾਈਪਲਾਈਨ ਵਿੱਚ ਖਰਾਬੀ ਆਈ ਸੀ। ਸਮੁੰਦਰੀ ਪਾਣੀ ਨੂੰ ਪੀਣ ਯੋਗ ਬਣਾਉਣ ਵਾਲੀਆਂ ਰਿਵਰਸ ਔਸਮੋਸਿਸ ਯੂਨਿਟਾਂ ਵਿੱਚ ਵੀ ਸਮੱਸਿਆਵਾਂ ਆਈਆਂ ਸਨ। ਖਾਣੇ ਦੇ ਮਾਮਲੇ ਵਿੱਚ ਵੀ ਕੁਝ ਸਮੇਂ ਲਈ ਮੁੱਖ ਭੋਜਨ ਦੇ ਵਿਕਲਪ ਦੋ ਤੋਂ ਘਟਾ ਕੇ ਇੱਕ ਕਰ ਦਿੱਤੇ ਗਏ ਸਨ।

## ਦੱਖਣੀ ਅਫਰੀਕਾ 'ਚ...

ਲੋਕ ਘਰ ਵਿੱਚ ਇੱਕ ਪਾਰਟੀ ਲਈ ਇਕੱਠੇ ਹੋਏ ਸਨ ਜਦੋਂ ਸ਼ੱਕੀ ਵਿਅਕਤੀ ਉੱਥੇ ਪਹੁੰਚੇ ਅਤੇ ਗੋਲੀਆਂ ਚਲਾ ਦਿੱਤੀਆਂ। ਪੁਲਿਸ ਦਾ ਕਹਿਣਾ ਹੈ ਕਿ ਸ਼ੱਕੀ ਵਿਅਕਤੀਆਂ ਦੀ ਭਾਲ ਕੀਤੀ ਜਾ ਰਹੀ ਹੈ।

## ਕੈਨੇਡਾ ਸੰਸਦ 'ਚ...

ਮੰਤਰੀ ਪੈਟੀ ਹੈਇਦੂ ਅਤੇ ਅੰਤਰਸਰਕਾਰੀ ਮਾਮਲਿਆਂ ਬਾਰੇ ਮੰਤਰੀ ਡੋਮੀਨਿਕ ਲਾਬਲਾਂ ਵੱਲੋਂ ਸਾਂਝੇ ਤੌਰ 'ਤੇ ਬਿਲ ਦੇ ਫਾਇਦੇ ਗਿਣਾਉਣ ਦੀ ਕੋਸ਼ਿਸ਼ ਕੀਤੀ ਗਈ।

ਦੱਸ ਦੇਈਏ ਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਇਕ ਟ੍ਰਿਲੀਅਨ ਡਾਲਰ ਦੇ ਨਿਵੇਸ਼ ਟੀਚੇ ਨਾਲ 150 ਤੋਂ ਵੱਧ ਇਨਫ਼ਰਾਸਟ੍ਰਕਚਰ ਪ੍ਰੌਜੈਕਟਾਂ ਲਈ ਵਿਦੇਸ਼ੀ ਨਿਵੇਸ਼ਕ ਸੱਦਣ ਦਾ ਫ਼ੈਸਲਾ ਕੀਤਾ ਗਿਆ ਹੈ। ਸਰਕਾਰ ਨੇ ਦਾਅਵਾ ਕੀਤਾ ਹੈ ਕਿ ਕੈਨੇਡੀਅਨ ਨਿਯਮ-ਕਾਨੂੰਨ ਦੀ ਸਖ਼ਤੀ ਨਾਲ ਪਾਲਣਾ ਕਰਦਿਆਂ ਮੂਲ ਬਾਸ਼ਿੰਦਿਆਂ ਦੇ ਹੱਕਾਂ ਨੂੰ ਵੀ ਬਰਕਰਾਰ ਰੱਖਿਆ ਜਾਵੇਗਾ। ਉਧਰ ਕਿਰਤੀ ਜਥੇਬੰਦੀਆਂ ਨੇ ਕਿਹਾ ਕਿ ਕੈਨੇਡਾ ਲੇਬਰ ਕੋਡ ਵਿਚ ਕੀਤੀਆਂ ਜਾ ਰਹੀਆਂ ਤਬਦੀਲੀਆਂ ਚਿੰਤਾਵਾਂ ਪੈਦਾ ਕਰਦੀਆਂ ਹਨ ਅਤੇ ਮੁਲਾਜ਼ਮਾਂ ਤੋਂ ਹੜਤਾਲ ਦਾ ਹੱਕ ਖੋਹਿਆ ਜਾ ਸਕਦਾ ਹੈ।

## ਕੈਨੇਡਾ 'ਚ ਗੈਰ-ਕਾਨੂੰਨੀ...

ਮਾਰਚ 2024 ਵਿੱਚ ਮਿਸੀਸਾਗਾ ਵਿੱਚ ਹੋਏ ਇੱਕ ਕਤਲ ਨਾਲ ਜੁੜਿਆ ਹੋਇਆ ਹੈ, ਜਿਸ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਸੀ ਅਤੇ ਇੱਕ ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਇਆ ਸੀ। ਫੋਰੈਂਸਿਕ ਜਾਂਚ ਰਾਹੀਂ ਇਸ ਪ੍ਰੋਜੈਕਟ ਤਹਿਤ ਫੜੇ ਗਏ ਹਥਿਆਰਾਂ ਦਾ ਸਬੰਧ ਜੀਟੀਏ ਵਿੱਚ ਹੋਈਆਂ 14 ਵੱਖ-ਵੱਖ ਗੋਲੀਬਾਰੀ ਦੀਆਂ ਘਟਨਾਵਾਂ ਨਾਲ ਵੀ ਜੋੜਿਆ ਗਿਆ ਹੈ।

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਸਟੀਫ਼ਨ ਪ੍ਰਕਾਸ਼ ਕੰਸਾਲਾ (24, ਨਿਵਾਸੀ ਸਕੁਆਰਬਰੋ), ਅਕਸ਼ੈ ਸ਼੍ਰੀਕਾਂਤਨ (24, ਨਿਵਾਸੀ ਐਜੈਕਸ), ਸਮੀ ਸ਼ੇਖ (28, ਨਿਵਾਸੀ ਮਿਸੀਸਾਗਾ) ਅਤੇ ਜਨੋਜ ਧਿਆਬਰਨ (23, ਨਿਵਾਸੀ ਟੋਰਾਂਟੋ) ਵਜੋਂ ਹੋਈ ਹੈ। ਇਹ ਸਾਰੇ ਮੁਲਜ਼ਮ 20-25 ਸਾਲ ਦੀ ਉਮਰ ਦੇ ਹਨ ਅਤੇ ਇਹਨਾਂ 'ਤੇ ਹਥਿਆਰਾਂ ਤੇ ਕਾਰਤੂਸਾਂ ਦੀ ਤਸਕਰੀ ਦੇ ਦੋਸ਼ ਲੱਗੇ ਹਨ। ਪੁਲੀਸ ਨੇ ਦੱਸਿਆ ਕਿ ਸਟੀਫ਼ਨ ਪ੍ਰਕਾਸ਼ ਕੰਸਾਲਾ ਅਤੇ ਜਨੋਜ ਧਿਆਬਰਨ ਨੂੰ ਜ਼ਮਾਨਤ ਦੀ ਸੁਣਵਾਈ ਤੱਕ ਹਿਰਾਸਤ ਵਿੱਚ ਰੱਖਿਆ ਗਿਆ ਹੈ, ਜਦਕਿ ਅਕਸ਼ੈ ਸ਼੍ਰੀਕਾਂਤਨ ਅਤੇ ਸਮੀ ਸ਼ੇਖ ਨੂੰ ਰਿਹਾਅ ਕਰ ਦਿੱਤਾ ਗਿਆ ਹੈ ਅਤੇ ਉਹ ਬਾਅਦ ਵਿੱਚ ਓਂਟਾਰੀਓ ਕੋਰਟ ਆਫ਼ ਜਸਟਿਸ ਅੱਗੇ ਪੇਸ਼ ਹੋਣਗੇ। ਪੁਲੀਸ ਨੇ ਮੁਲਜ਼ਮਾਂ ਦੀ ਨਸਲ, ਕੌਮੀਅਤ ਜਾਂ ਪਿਛੋਕੜ ਬਾਰੇ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਹੈ। ਪੁਲੀਸ ਨੇ ਇਹ ਵੀ ਦੱਸਿਆ ਕਿ ਇਸ ਸਾਲ ਹੁਣ ਤੱਕ ਉਹ 125 ਅਪਰਾਧਿਕ ਹਥਿਆਰ ਬਰਾਮਦ ਕਰ ਚੁੱਕੇ ਹਨ।

## 'ਸਭ ਨੂੰ PR ਦਿਓ...

ਅਤੇ ਹੋਰ ਜ਼ਰੂਰੀ ਸੇਵਾਵਾਂ ਵਿੱਚ ਕੰਮ ਕਰ ਰਹੇ ਹਨ, ਪਰ ਆਪਣੇ ਭਵਿੱਖ ਨੂੰ ਲੈ ਕੇ ਅਨਿਸ਼ਚਿਤਤਾ ਦਾ ਸਾਹਮਣਾ ਕਰ ਰਹੇ ਹਨ।

ਰੈਲੀ ਵਿੱਚ ਸ਼ਾਮਲ ਬਿਕਰਮਜੀਤ ਸਿੰਘ, ਜੋ 2019 ਵਿੱਚ ਭਾਰਤ ਤੋਂ ਕੌਮਾਂਤਰੀ ਵਿਦਿਆਰਥੀ ਵਜੋਂ ਕੈਨੇਡਾ ਆਇਆ ਸੀ, ਨੇ ਕਿਹਾ ਕਿ ਇਮੀਗ੍ਰੇਸ਼ਨ ਸਟੇਟਸ ਦੀ ਅਨਿਸ਼ਚਿਤਤਾ ਕਾਮਿਆਂ ਨੂੰ ਸ਼ੋਸ਼ਣ ਲਈ ਵਧੇਰੇ ਕਮਜ਼ੋਰ ਕਰ ਸਕਦੀ ਹੈ। ਉਸ ਨੇ ਦੱਸਿਆ ਕਿ ਉਹ ਇਸ ਵੇਲੇ ਕਲੋਜ਼ਡ ਵਰਕ ਪਰਮਿਟ 'ਤੇ ਹੈ ਅਤੇ ਉਸ ਨੂੰ ਪੀਆਰ ਲਈ ਕੋਈ ਸਪੱਸ਼ਟ ਰਸਤਾ ਨਜ਼ਰ ਨਹੀਂ ਆ ਰਿਹਾ।

ਪ੍ਰਦਰਸ਼ਨਕਾਰੀਆਂ ਨੇ ਮਹਿੰਗੇ ਕਿਰਾਏ, ਵਧਦੇ ਜੀਵਨ-ਖ਼ਰਚ ਅਤੇ ਕੰਮਕਾਜੀ ਅਸੁਰੱਖਿਆ ਵਰਗੇ ਮੁੱਦੇ ਵੀ ਉਠਾਏ। ਯੂਗਾਂਡਾ ਤੋਂ ਆਈ ਇੱਕ ਗੈਰ-ਦਸਤਾਵੇਜ਼ੀ ਪ੍ਰਵਾਸੀ ਔਰਤ, ਜਿਸ ਨੇ ਆਪਣੀ ਸੁਰੱਖਿਆ ਕਾਰਨ ਆਪਣਾ ਨਾਂ 'ਜੇਨ' ਦੱਸਿਆ, ਨੇ ਕਿਹਾ ਕਿ ਉਹ ਛੇ ਸਾਲਾਂ ਤੋਂ ਬਿਨਾਂ ਦਸਤਾਵੇਜ਼ਾਂ ਦੇ ਕੈਨੇਡਾ ਵਿੱਚ ਰਹਿ ਰਹੀ ਹੈ। ਉਸ ਨੇ ਕਿਹਾ ਕਿ ਉਹ ਬਰਾਬਰ ਦੇ ਹੱਕਾਂ ਨਾਲ ਚੰਗੀ ਨੌਕਰੀ ਅਤੇ ਆਪਣੇ ਪਰਿਵਾਰ ਨਾਲ ਮੁੜ ਮਿਲਣ ਦਾ ਮੌਕਾ ਚਾਹੁੰਦੀ ਹੈ।

ਇਹ ਮਾਰਚ ਅਜਿਹੇ ਸਮੇਂ ਹੋਇਆ ਹੈ ਜਦੋਂ ਫੈਡਰਲ ਸਰਕਾਰ ਅਸਥਾਈ ਵਸਨੀਕਾਂ ਦੀ ਗਿਣਤੀ ਘਟਾਉਣ ਅਤੇ ਇਮੀਗ੍ਰੇਸ਼ਨ ਨੂੰ ਹਾਊਸਿੰਗ, ਜਨਤਕ ਸੇਵਾਵਾਂ ਅਤੇ ਲੇਬਰ ਮਾਰਕੀਟ ਦੀ ਸਮਰੱਥਾ ਨਾਲ ਜੋੜਨ 'ਤੇ ਜ਼ੋਰ ਦੇ ਰਹੀ ਹੈ। 2026-2028 ਇਮੀਗ੍ਰੇਸ਼ਨ ਲੈਵਲਜ਼ ਪਲਾਨ ਤਹਿਤ ਹਰ ਸਾਲ 380,000 ਨਵੇਂ ਪਰਮਾਨੈਂਟ ਰੈਜ਼ੀਡੈਂਟ ਦਾਖ਼ਲ ਕਰਨ ਦਾ ਟੀਚਾ ਰੱਖਿਆ ਗਿਆ ਹੈ। ਇਸ ਤੋਂ ਇਲਾਵਾ, ਸਰਕਾਰ ਨੇ 2026 ਅਤੇ 2027 ਵਿੱਚ 33,000 ਤੱਕ ਅਸਥਾਈ ਕਾਮਿਆਂ ਨੂੰ ਪੀਆਰ ਵਿੱਚ ਤਬਦੀਲ ਕਰਨ ਦੀ ਯੋਜਨਾ ਵੀ ਐਲਾਨੀ ਹੈ।

ਇਸ ਤਰ੍ਹਾਂ, ਸਰਕਾਰ ਵੱਲੋਂ ਇਮੀਗ੍ਰੇਸ਼ਨ ਦੀ ਗਿਣਤੀ ਅਤੇ ਪ੍ਰਬੰਧਨ 'ਤੇ ਜ਼ੋਰ ਦੇਣ ਅਤੇ ਪ੍ਰਵਾਸੀ ਹੱਕਾਂ ਦੀਆਂ ਜਥੇਬੰਦੀਆਂ ਵੱਲੋਂ ਪਹਿਲਾਂ ਤੋਂ ਕੈਨੇਡਾ ਵਿੱਚ ਰਹਿ ਰਹੇ ਲੋਕਾਂ ਲਈ ਪੱਕੇ ਸਟੇਟਸ ਦੀ ਮੰਗ ਵਿਚਕਾਰ ਟਕਰਾਅ ਹੋਰ ਸਪਸ਼ਟ ਹੋ ਰਿਹਾ ਹੈ।

## ਕੈਨੇਡਾ ਸਰਕਾਰ...

ਆਰਜੀ ਨਿਵਾਸੀਆਂ ਦੀ ਗਿਣਤੀ ਨੂੰ ਕੁੱਲ ਅਬਾਦੀ ਦੇ 5 ਫੀਸਦ ਤੱਕ ਹੇਠਾਂ ਲਿਆਉਣ ਲਈ ਸਖਤ ਕਦਮ ਚੁੱਕੇ ਜਾ ਰਹੇ ਹਨ। ਵਿਦੇਸ਼ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸਸਤੀ ਰਿਹਾਇਸ਼ ਅਤੇ ਸਿਹਤ ਸੰਭਾਲ ਸੇਵਾਵਾਂ ਬਾਰੇ ਚਿੰਤਤ ਹੈ, ਜਿਸ ਲਈ ਕਈ ਸਖਤ ਨਿਯਮ ਬਣਾਏ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਇਸ ਸਾਲ ਤੋਂ 2028 ਤੱਕ ਵਿਦੇਸ਼ੀ ਆਮਦ ਕੋਟਾ ਪ੍ਰਤੀ ਸਾਲ 3 ਲੱਖ 80 ਹਜ਼ਾਰ ਤੈਅ ਕੀਤਾ ਗਿਆ ਹੈ, ਜਿਸ ਵਿੱਚ ਪਹਿਲ ਦੇਸ਼ ਵਿੱਚ ਮੌਜੂਦ ਹੁਨਰਮੰਦ ਤੇ ਤਜ਼ਰਬੇਕਾਰ ਲੋਕਾਂ ਨੂੰ ਦਿੱਤੀ ਜਾ ਰਹੀ ਹੈ ਤੇ ਇਸ ਕੋਟੇ ਨੂੰ ਹਰ ਹਾਲਤ 'ਚ ਸਥਿਰ ਰੱਖਿਆ ਜਾਏਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਲੰਮੇ ਸਮੇਂ ਦੇ ਫੈਸਲੇ ਲੈਣ ਦੀ ਥਾਂ ਸਿਰਫ ਤਿੰਨ ਤਿੰਨ ਸਾਲਾਂ ਦੀਆਂ ਯੋਜਨਾਵਾਂ ਉਲੀਕ ਰਹੀ ਹੈ ਤਾਂ ਜੋ ਉਨ੍ਹਾਂ ਨੂੰ ਨੇਪਰੇ ਚਾੜਨਾ ਸੁਖਾਲਾ ਰਹੇ। ਵਿਦੇਸ਼ ਮੰਤਰੀ ਨੇ ਕੁਝ ਤੱਥ ਪੇਸ਼ ਕਰਦਿਆਂ ਟਰੰਪ ਦੇ ਕੈਨੇਡਾ ਵਿੱਚ ਬੇਰੁਜਗਾਰੀ ਦਾ ਵਾਧੇ ਵਾਲੇ ਦਾਅਵੇ ਨੂੰ ਵੀ ਮੁਢੋਂ ਖਾਰਜ ਕੀਤਾ ।

## Dark web ਡਰੱਗ...

ਨਸ਼ਿਆਂ ਦੀ ਸਪਲਾਈ ਕੈਨੇਡਾ ਦੇ ਕਾਨੂੰਨੀ ਪੋਸਟਲ ਅਤੇ ਪਾਰਸਲ ਬੁਨਿਆਦੀ ਢਾਂਚੇ ਰਾਹੀਂ ਗਾਹਕਾਂ ਤੱਕ ਪਹੁੰਚਾਈ ਜਾਂਦੀ ਸੀ। ਇਸ ਨੈੱਟਵਰਕ ਰਾਹੀਂ ਫੈਂਟਾਨਿਲ, ਕੋਕੀਨ, ਮੈਥ, ਹੈਰੋਇਨ, ਐੱਮ.ਡੀ.ਐੱਮ.ਏ., ਐੱਲ.ਐੱਸ.ਡੀ. ਅਤੇ ਗੈਰ-ਕਾਨੂੰਨੀ ਪ੍ਰਸਕ੍ਰਿਪਸ਼ਨ ਗੋਲੀਆਂ ਸਣੇ ਕਈ ਖ਼ਤਰਨਾਕ ਪਦਾਰਥਾਂ ਦੀ ਤਸਕਰੀ ਕੀਤੀ ਜਾਂਦੀ ਸੀ। ਜ਼ਬਤ ਕੀਤੇ ਗਏ ਨਸ਼ੀਲੇ ਪਦਾਰਥਾਂ ਦੀ ਕੁੱਲ ਅਨੁਮਾਨਤ ਸਟ੍ਰੀਟ ਕੀਮਤ ਲਗਪਗ 3 ਮਿਲੀਅਨ ਡਾਲਰ ਹੈ।

ਪੁਲੀਸ ਨੇ ਮਿਸੀਸਾਗਾ ਵਿੱਚ ਸਥਿਤ ਇੱਕ ਲਗਜ਼ਰੀ ਪੈਂਟਹਾਊਸ ਕੰਡੋ ਨੂੰ ਇਸ ਨੈੱਟਵਰਕ ਦਾ ਮੁੱਖ ਕੇਂਦਰ ਦੱਸਿਆ ਹੈ। ਛਾਪੇਮਾਰੀ ਦੌਰਾਨ ਪੁਲੀਸ ਨੇ ਵੱਡੀ ਮਾਤਰਾ ਵਿੱਚ ਨਸ਼ੇ, ਇੱਕ ਪਾਬੰਦੀ ਸ਼ੁਦਾ ਹਥਿਆਰ ਅਤੇ 10 ਲੱਖ ਡਾਲਰ ਤੋਂ ਵੱਧ ਮੁੱਲ ਦੀਆਂ ਲਗਜ਼ਰੀ ਚੀਜ਼ਾਂ (ਜਿਵੇਂ ਕਿ ਤਿੰਨ ਵਾਹਨ, ਮਹਿੰਗੇ ਬੈਗ ਅਤੇ ਘੜੀਆਂ) ਬਰਾਮਦ ਕੀਤੀਆਂ।

ਇਸ ਤੋਂ ਇਲਾਵਾ, ਪੁਲੀਸ ਇਤਿਹਾਸ ਵਿੱਚ ਪਹਿਲੀ ਵਾਰ ਡਿਜੀਟਲ ਉਪਕਰਨਾਂ ਰਾਹੀਂ 200,000 ਡਾਲਰ ਦੀ ਕ੍ਰਿਪਟੋਕਰੰਸੀ ਵੀ ਜ਼ਬਤ ਕੀਤੀ ਗਈ ਹੈ। ਪੁਲੀਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਸ ਨੈੱਟਵਰਕ ਦੇ ਟੁੱਟਣ ਨਾਲ ਕੈਨੇਡਾ ਵਿੱਚ ਡਾਰਕ ਵੈੱਬ ਰਾਹੀਂ ਹੋਣ ਵਾਲੀ ਨਸ਼ਾ ਤਸਕਰੀ ਨੂੰ ਬਹੁਤ ਵੱਡਾ ਝਟਕਾ ਲੱਗਿਆ ਹੈ। ਇਸ ਮਾਮਲੇ ਵਿੱਚ ਅੱਗੇ ਦੀ ਜਾਂਚ ਜਾਰੀ ਹੈ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia
# M08006400
Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre



Best Bargain Carpet & Flooring
Sale & Custom Installation done by Professionals
FREE Shop at Home Service
Residential - Commercial - Industrial
* Hardwood * Laminate * Vinyl Flooring * Wall to Wall Carpets
* Hall Runners * Custom Made Area Rugs * Tiles * Accessories
Specialized in Hotel, Motel and Banquet Halls Carpet and Wallpaper and Tiles
beaulieu CANADA
TORLYS smart floors
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
Tel: 905-696-7877 Cell: 416-937-2856
1332 Khalsa Drive, Unit#21, Mississauga, ON L5S 0A2
Email:- info@bbcflooring.ca
Gurpreet Singh




BEST TRUCK REPAIR & TIRE CENTER
ਅਸੀਂ ਸੇਫਟੀ, ਇਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum USA Mace Special Rates with Installation
CAT Batteries 1000c Under Warranty $550 Installation Included
MICHELIN BFGoodrich DUNLOP GOODYEAR Hankook Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.



# US-Canada ਤਣਾਅ ਦਾ ਅਸਰ: ਓਟਵਾ 'ਚ 'ਟਰੰਪ ਐਵੇਨਿਊ' ਦਾ ਨਾਮ ਬਦਲਣ ਦੀ ਮੰਗ ਤੇਜ਼




ਅਮਰੀਕਾ ਤੇ ਕੈਨੇਡਾ ਦੇ ਸਬੰਧਾਂ ਵਿੱਚ ਟੈਰਿਫ ਮਾਮਲਿਆਂ ਬਾਰੇ ਵਧੀ ਖਟਾਸ ਦਾ ਅਸਰ ਸਥਾਨਕ ਪੱਧਰ ਤੇ ਵੀ ਪੈਂਦਾ ਦਿਖਾਈ ਦੇਣ ਲੱਗਾ ਹੈ। ਇਸ ਦੀ ਇੱਕ ਉਦਾਹਰਣ ਓਟਵਾ ਸਿਟੀ ਕੌਂਸਲ ਵਲੋਂ ਉਥੋਂ ਦੀਆਂ ਕੁਝ ਸੜਕਾਂ ਦੇ ਨਾਮ ਬਦਲੇ ਜਾਣ ਤੋਂ ਸਬੰਧੀ ਸਾਹਮਣੇ ਆਈ ਹੈ, ਜਿੰਨਾਂ ਵਿੱਚ ਟਰੰਪ ਐਵੇਨਿਊ ਵੀ ਸ਼ਾਮਲ ਹੈ। ਮੈਡੀਸਨ ਐਵੇਨਿਊ, ਮੈਨਹਟਨ ਕਰੈਸੈਂਟ, ਬਲੂਮਿੰਗਡੇਲ ਸਟਰੀਟ ਅਤੇ ਸਟੈਟਨ ਸਟਰੀਟ ਦੇ ਨਾਲ ਹੀ ਮਾਮ ਬਦਲੀ ਵਾਸਤੇ ਟਰੰਪ ਐਵੇਨਿਊ ਨੂੰ ਵੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ, ਜਿੰਨਾਂ ਦਾ ਫਿਰ ਤੋਂ ਨਾਮਕਰਨ ਕੀਤਾ ਜਾਣਾ ਹੈ।

ਜਾਣਕਾਰੀ ਅਨੁਸਾਰ ਇਹ ਉਹ ਸੜਕਾਂ ਹਨ, ਜਿੰਨਾਂ ਦੀ ਉਸਾਰੀ ਤੇ ਨਾਮਕਰਨ ਉਦੋਂ ਹੋਏ ਜਦ ਡੋਨਲਡ ਟਰੰਪ ਵੱਡੇ ਡਿਵੈਲਪਰ ਅਤੇ ਕਾਰੋਬਾਰੀ ਸਨ ਤੇ ਓਟਵਾ 'ਚ ਉਨ੍ਹਾਂ ਦੀ ਕੰਪਨੀ ਨੇ ਕਈ ਪ੍ਰੋਜੈਕਟਾਂ ਦਾ ਨਿਰਮਾਣ ਕੀਤਾ ਸੀ। ਹੁਣ ਜਦ ਉਹ ਦੂਜੀ ਵਾਰ ਅਮਰੀਕਾ ਦੇ ਰਾਸ਼ਟਰਪਤੀ ਬਣਕੇ ਅਮਰੀਕਾ ਨੂੰ ਆਪਣੀਆਂ ਨੀਤੀਆਂ ਦੇ ਰੰਗਾਂ ਵਿੱਚ ਰੰਗਣ ਲਈ ਯਤਨਸ਼ੀਲ ਹਨ ਤਾਂ ਉਸਦੀ ਕੈਨੇਡਾ ਪ੍ਰਤੀ ਸੁਹਿਰਦਤਾ ਵੀ ਪਹਿਲਾਂ ਵਾਲੀ ਨਹੀਂ ਰਹੀ। ਇਸੇ ਕਾਰਨ ਕੌਂਸਲ ਦੇ ਕਈ ਮੈਂਬਰ ਪਿਛਲੇ ਮਹੀਨਿਆਂ ਤੋਂ ਇਨ੍ਹਾਂ ਸੜਕਾਂ ਦੇ ਨਾਮ ਬਦਲਣਾ ਚਾਹੁੰਦੇ ਸਨ, ਜਿਸਦਾ ਸਥਾਨਕ ਲੋਕਾਂ ਵਲੋਂ ਵੀ ਸਵਾਗਤ ਕੀਤੇ ਜਾਣ ਦੀ ਗੱਲ ਸਾਹਮਣੇ ਆਈ ਹੈ। ਇਹ ਵੀ ਪਤਾ ਲੱਗਾ ਹੈ ਕਿ ਟਰੰਪ ਐਵੇਨਿਊ ਸੜਕ ਤੇ ਵੱਸਦੇ ਲੋਕਾਂ ਨੇ ਵੀ ਇਹ ਅਵਾਜ ਚੁੱਕੀ ਸੀ ਕਿ ਉਨ੍ਹਾਂ ਨੂੰ ਇਹ ਨਾਮ ਪਸੰਦ ਨਹੀਂ।

# CBI ਅਦਾਲਤ 'ਚ ਸ਼ਿਕਾਇਤਕਰਤਾ ਨੇ ਕੀਤੀ ਮੁੱਅਤਲ DIG ਭੁੱਲਰ ਤੇ ਵਿਚੋਲੇ ਦੀ ਪਛਾਣ



ਪੰਜਾਬ ਪੁਲੀਸ ਦੇ ਮੁਅੱਤਲ ਡੀਆਈਜੀ ਐੱਚ.ਐੱਸ. ਭੁੱਲਰ ਨਾਲ ਸਬੰਧਿਤ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਚੰਡੀਗੜ੍ਹ ਸਥਿਤ ਸੀਬੀਆਈ ਦੀ ਵਿਸ਼ੇਸ਼ ਅਦਾਲਤ ਵਿੱਚ ਸ਼ਿਕਾਇਤਕਰਤਾ ਆਕਾਸ਼ ਬੱਟਾ ਦੇ ਬਿਆਨ (Examination-in-chief) ਦਰਜ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਸੁਣਵਾਈ ਦੀ ਪਿਛਲੀ ਤਾਰੀਖ਼ 'ਤੇ ਸੀਬੀਆਈ ਅਦਾਲਤ ਦੀ ਵਿਸ਼ੇਸ਼ ਜੱਜ ਭਾਵਨਾ ਜੈਨ ਨੇ ਇਸ ਭ੍ਰਿਸ਼ਟਾਚਾਰ ਮਾਮਲੇ 'ਚ ਅਗਲੇ ਸਰਕਾਰੀ ਗਵਾਹ ਵਜੋਂ ਸ਼ਿਕਾਇਤਕਰਤਾ ਆਕਾਸ਼ ਬੱਟਾ ਨੂੰ ਸੰਮਨ ਭੇਜਣ ਦੀ ਸੀਬੀਆਈ ਦੀ ਅਰਜ਼ੀ ਪ੍ਰਵਾਨ ਕਰ ਲਈ ਸੀ।

ਇਸ ਮਾਮਲੇ ਵਿੱਚ ਐੱਫਆਈਆਰ ਆਕਾਸ਼ ਬੱਟਾ ਦੀ ਸ਼ਿਕਾਇਤ 'ਤੇ ਦਰਜ ਕੀਤੀ ਗਈ ਸੀ, ਜਿਸ ਵਿੱਚ ਦੋਸ਼ ਲਾਇਆ ਗਿਆ ਸੀ ਕਿ ਰੋਪੜ ਰੇਂਜ ਦੇ ਤਤਕਾਲੀ ਡੀਆਈਜੀ ਭੁੱਲਰ ਨੇ ਇੱਕ ਨਿਜੀ ਵਿਚੋਲੇ ਕ੍ਰਿਸ਼ਾਨੂ ਸ਼ਾਰਦਾ ਰਾਹੀਂ ਥਾਣਾ ਸਰਹਿੰਦ ਵਿੱਚ ਦਰਜ ਐੱਫਆਈਆਰ ਵਿੱਚ ਰਾਹਤ ਦੇਣ ਅਤੇ ਸ਼ਿਕਾਇਤਕਰਤਾ ਦੇ ਕਾਰੋਬਾਰ ਖ਼ਿਲਾਫ਼ ਕੋਈ ਸਖ਼ਤ ਕਾਰਵਾਈ ਨਾ ਕਰਨ ਬਦਲੇ ਰਿਸ਼ਵਤ ਦੀ ਮੰਗ ਕੀਤੀ ਸੀ।

ਸ਼ਿਕਾਇਤ ਮਿਲਣ ਤੋਂ ਬਾਅਦ ਸੀਬੀਆਈ ਨੇ ਜਾਲ ਵਿਛਾਇਆ ਅਤੇ 16 ਅਕਤੂਬਰ 2025 ਨੂੰ ਮੰਗੀ ਗਈ ਰਿਸ਼ਵਤ ਦੀ ਪਹਿਲੀ ਕਿਸ਼ਤ ਵਜੋਂ 5,00,000 ਰੁਪਏ ਲੈਂਦਿਆਂ ਭੁੱਲਰ ਦੇ ਕਥਿਤ ਸਾਥੀ ਕ੍ਰਿਸ਼ਾਨੂ ਸ਼ਾਰਦਾ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਭੁੱਲਰ ਨੂੰ ਵੀ ਉਸੇ ਦਿਨ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਭਾਰਤੀ ਨਗਰਿਕ ਸੁਰੱਖਿਆ ਸੰਹਿਤਾ (BNSS) ਦੀ ਧਾਰਾ 193 ਤਹਿਤ ਚਾਰਜਸ਼ੀਟ ਦਾਖ਼ਲ ਕੀਤੀ ਗਈ ਸੀ।

ਬਿਆਨ ਦਰਜ ਕਰਵਾਉਂਦਿਆਂ ਆਕਾਸ਼ ਬੱਟਾ ਨੇ ਦੱਸਿਆ ਕਿ ਉਹ ਸਾਲ 2013 ਤੋਂ ਮੰਡੀ ਗੋਬਿੰਦਗੜ੍ਹ (ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ, ਪੰਜਾਬ) ਵਿੱਚ ਸਕਰੈਪ ਡੀਲਰ ਦਾ ਕਾਰੋਬਾਰ ਕਰ ਰਿਹਾ ਹੈ। ਉਸ ਖ਼ਿਲਾਫ਼ ਥਾਣਾ ਸਰਹਿੰਦ ਵਿੱਚ ਫ਼ਰਜ਼ੀ ਬਿੱਲਾਂ ਅਤੇ ਦਸਤਾਵੇਜ਼ਾਂ ਦੇ ਝੂਠੇ ਦੋਸ਼ਾਂ ਹੇਠ ਮਾਮਲਾ ਦਰਜ ਕੀਤਾ ਗਿਆ ਸੀ। ਕ੍ਰਿਸ਼ਾਨੂ ਉਸ ਨੂੰ ਪਹਿਲਾਂ ਤੋਂ ਜਾਣਦਾ ਸੀ ਅਤੇ ਅਕਸਰ ਇਹ ਦਾਅਵਾ ਕਰਦਾ ਸੀ ਕਿ ਉਸ ਦੀ ਕਈ ਉੱਚ ਅਧਿਕਾਰੀਆਂ ਨਾਲ ਜਾਣ-ਪਛਾਣ ਹੈ। ਕ੍ਰਿਸ਼ਾਨੂ ਨੂੰ ਪਤਾ ਸੀ ਕਿ ਉਹ ਐੱਫਆਈਆਰ ਦਰਜ ਹੋਣ ਕਾਰਨ ਮਾਨਸਿਕ ਤਣਾਅ ਵਿੱਚ ਸੀ।

ਸੁਣਵਾਈ ਦੌਰਾਨ ਸ਼ਿਕਾਇਤਕਰਤਾ ਨੇ ਕ੍ਰਿਸ਼ਾਨੂ ਸ਼ਾਰਦਾ ਦੀ ਪਛਾਣ ਕੀਤੀ, ਜੋ ਈਡੀ ਰਿਮਾਂਡ 'ਤੇ ਹੋਣ ਕਾਰਨ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ਨਾਲ ਜੁੜਿਆ ਹੋਇਆ ਸੀ। ਸ਼ਿਕਾਇਤਕਰਤਾ ਨੇ ਅਦਾਲਤ ਵਿੱਚ ਮੌਜੂਦ ਮੁਅੱਤਲ ਡੀਆਈਜੀ ਐੱਚ.ਐੱਸ. ਭੁੱਲਰ ਦੀ ਵੀ ਪਛਾਣ ਕੀਤੀ। ਸੀਬੀਆਈ ਅਦਾਲਤ ਵਿੱਚ ਮੁਅੱਤਲ ਡੀਆਈਜੀ ਐੱਚ.ਐੱਸ. ਭੁੱਲਰ ਵੱਲੋਂ ਵਕੀਲ ਕਰਮਜੀਤ ਸਿੰਘ, ਐੱਚ.ਐੱਸ. ਧਨੋਆ ਅਤੇ ਐੱਸ.ਪੀ.ਐੱਸ. ਭੁੱਲਰ ਪੇਸ਼ ਹੋਏ ਸਨ।

# Housing ਖ਼ਰਚੇ ਨੇ ਕੱਢਿਆ ਕੈਨੇਡਾ ਵਾਲਿਆਂ ਦਾ ਕਚੂਮਰ

## ਆਮਦਨ ਦਾ 30 ਫ਼ੀਸਦੀ ਤੋਂ ਵੱਧ ਹਿੱਸਾ ਖ਼ਰਚ ਕਰਨ ਲਈ ਮਜ਼ਬੂਰ




ਟੋਰਾਂਟੋ : ਕੈਨੇਡਾ ਦੇ 23 ਫ਼ੀ ਸਦੀ ਤੋਂ ਵੱਧ ਲੋਕ ਰਿਹਾਇਸ਼ ਦਾ ਖ਼ਰਚਾ ਬਰਦਾਸ਼ਤ ਕਰਨ ਦੇ ਸਮਰੱਥ ਨਹੀਂ ਅਤੇ ਹਾਲਾਤ ਲਗਾਤਾਰ ਬਦਤਰ ਹੁੰਦੇ ਜਾ ਰਹੇ ਹਨ। ਸਟੈਟਿਸਟਿਕਸ ਕੈਨੇਡਾ ਦੇ ਅੰਕੜਿਆਂ ਮੁਤਾਬਕ ਆਪਣੀ ਆਮਦਨ ਦਾ 30 ਫ਼ੀਸਦੀ ਜਾਂ ਇਸ ਤੋਂ ਵੀ ਜ਼ਿਆਦਾ ਹਿੱਸਾ ਰਿਹਾਇਸ਼ ਉਤੇ ਖ਼ਰਚ ਕਰਨ ਲਈ ਮਜਬੂਰ ਕੈਨੇਡੀਅਨਜ਼ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਹੈਲੀਫ਼ੈਕਸ ਦੀ ਵੈਂਡੀ ਗੈਚਲ ਨੇ ਆਪਣੇ ਘਰ ਦੇ ਹਾਲਾਤ ਦਸਦਿਆਂ ਕਿਹਾ ਕਿ ਸੰਭਾਵਤ ਤੌਰ 'ਤੇ ਅਸਲ ਅੰਕੜਾ ਉਭਰ ਕੇ ਸਾਹਮਣੇ ਨਹੀਂ ਆ ਸਕਿਆ ਕਿਉਂਕਿ ਉਸ ਦੇ ਆਪਣੇ ਬੱਚਿਆਂ ਦੀ ਮਿਸਾਲ ਪੇਸ਼ ਕੀਤੀ ਜੋ ਅੱਧੀ ਆਮਦਨ ਮਕਾਨ ਕਿਰਾਏ ਉਤੇ ਖਰਚ ਕਰ ਰਹੇ ਹਨ।

ਅਜਿਹੇ ਹਾਲਾਤ ਵਿਚ ਪਰਵਾਰਾਂ ਦਾ ਗੁਜ਼ਾਰਾ ਮੁਸ਼ਕਲ ਹੋ ਗਿਆ ਹੈ। ਵੈਂਡੀ ਨੇ ਦੱਸਿਆ ਕਿ ਉਹ ਆਪਣੇ ਬੱਚਿਆਂ ਨਾਲ ਸਾਂਝੇ ਤੌਰ 'ਤੇ ਰਹਿ ਰਹੀ ਹੈ ਪਰ ਇਕੱਲੇ ਰਹਿਣਾ ਸੰਭਵ ਹੀ ਨਹੀਂ। ਦੱਸ ਦੇਈਏ ਕਿ 2024 ਦੌਰਾਨ 27.9 ਫ਼ੀ ਸਦੀ ਕੈਨੇਡੀਅਨ ਪਰਵਾਰਾਂ ਨੂੰ ਵਿੱਤੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਪਰ ਤਾਜ਼ਾ ਰਿਪੋਰਟ ਵੱਡੇ ਨਿਘਾਰ ਵੱਲ ਇਸ਼ਾਰਾ ਕਰ ਰਹੀ ਹੈ। ਰਿਹਾਇਸ਼ ਦਾ ਖ਼ਰਚਾ ਪੂਰਾ ਕਰਦਿਆਂ ਬੱਚਤ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਅਤੇ ਤਨਖਾਹ ਜੇਬ ਵਿਚ ਆਉਣ ਤੋਂ ਪਹਿਲਾਂ ਖ਼ਰਚ ਹੋ ਜਾਂਦੀ ਹੈ।

# ਕੈਨੇਡਾ ਦੇ PM ਮਾਰਕ ਕਾਰਨੀ ਵੱਲੋਂ ਟਰੰਪ ਦੇ ਅੰਦਾਜ਼ ਦੀ ਨਕਲ



ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦਾ ਜਨਤਕ ਸੰਬੋਧਨ ਦੌਰਾਨ ਹਲਕੇ-ਫੁਲਕੇ ਅੰਦਾਜ਼ ਵਿੱਚ ਮਜ਼ਾਕ ਉਡਾਇਆ। ਉਨ੍ਹਾਂ ਨੇ ਟਰੰਪ ਨਾਲ ਅਕਸਰ ਜੋੜੇ ਜਾਂਦੇ 'ਅਕਾਰਡੀਅਨ ਹੱਥਾਂ' ਵਾਲੇ ਇਸ਼ਾਰੇ ਦੀ ਨਕਲ ਕੀਤੀ, ਜਿਸ 'ਤੇ ਉੱਥੇ ਮੌਜੂਦ ਲੋਕਾਂ ਨੇ ਜ਼ੋਰਦਾਰ ਤਾੜੀਆਂ ਵਜਾ ਕੇ ਅਤੇ ਖੁਸ਼ੀ ਦਾ ਪ੍ਰਗਟਾਵਾ ਕਰ ਕੇ ਪ੍ਰਤੀਕਿਰਿਆ ਦਿੱਤੀ।

ਇਹ ਹਲਕਾ-ਫੁਲਕਾ ਪਲ ਉਸ ਸਮੇਂ ਸਾਹਮਣੇ ਆਇਆ ਜਦੋਂ 61 ਸਾਲਾ ਪ੍ਰਧਾਨ ਮੰਤਰੀ 70 ਅਰਬ ਕੈਨੇਡੀਅਨ ਡਾਲਰ ਦੇ ਵੱਡੇ ਕਲੀਨ-ਐਨਰਜੀ ਪੈਕੇਜ ਬਾਰੇ ਗੱਲ ਕਰ ਰਹੇ ਸਨ, ਜਿਸ ਨੂੰ ਉਨ੍ਹਾਂ ਨੇ '18 ਹੂਵਰ ਡੈਮਾਂ ਦੇ ਬਰਾਬਰ' ਦੱਸਿਆ। "18 ਹੂਵਰ ਡੈਮ" ਨੂੰ ਦੁਹਰਾਉਂਦੇ ਹੋਏ, ਕਾਰਨੀ ਨੇ ਆਪਣੇ ਹੱਥਾਂ ਨੂੰ ਅੱਗੇ-ਪਿੱਛੇ ਵਧਾ ਕੇ ਅਮਰੀਕੀ ਰਾਸ਼ਟਰਪਤੀ ਦੇ ਇਸ ਮਸ਼ਹੂਰ ਅੰਦਾਜ਼ ਨੂੰ ਬਾਖੂਬੀ ਪੇਸ਼ ਕੀਤਾ।

ਕਾਰਨੀ ਨੇ ਜਦੋਂ '18 ਹੂਵਰ ਡੈਮ' ਕਿਹਾ ਤਾਂ ਉਨ੍ਹਾਂ ਨੇ ਆਪਣੇ ਹੱਥਾਂ ਨੂੰ ਵਾਰ-ਵਾਰ ਅੰਦਰ ਅਤੇ ਬਾਹਰ ਵੱਲ ਕਰਦਿਆਂ ਟਰੰਪ ਦੇ ਉਸ ਅੰਦਾਜ਼ ਦੀ ਨਕਲ ਕੀਤੀ, ਜਿਸ ਨੂੰ ਅਮਰੀਕੀ ਰਾਸ਼ਟਰਪਤੀ ਨਾਲ ਅਕਸਰ ਜੋੜਿਆ ਜਾਂਦਾ ਹੈ। ਉਨ੍ਹਾਂ ਦਾ ਇਹ ਇਸ਼ਾਰਾ ਦੇਖ ਕੇ ਦਰਸ਼ਕ ਹੱਸਣ ਅਤੇ ਤਾੜੀਆਂ ਵਜਾਉਣ ਲੱਗੇ।

ਦਰਸ਼ਕਾਂ ਦੀ ਜ਼ੋਰਦਾਰ ਪ੍ਰਤੀਕਿਰਿਆ ਤੋਂ ਬਾਅਦ ਕਾਰਨੀ ਕੁਝ ਪਲ ਰੁਕੇ ਅਤੇ ਮੁਸਕਰਾਉਂਦੇ ਹੋਏ ਕਿਹਾ, ''ਬੱਸ, ਕਾਫ਼ੀ ਹੈ।'' ਇਸ ਤੋਂ ਬਾਅਦ ਉਨ੍ਹਾਂ ਨੇ ਇੱਕ ਵਾਰ ਫਿਰ ਉਸੇ ਤਰ੍ਹਾਂ ਹੱਥਾਂ ਦਾ ਇਸ਼ਾਰਾ ਕਰ ਕੇ ਟਰੰਪ ਦੀ ਨਕਲ ਕੀਤੀ ਅਤੇ ਫਿਰ ਆਪਣਾ ਭਾਸ਼ਣ ਜਾਰੀ ਰੱਖਿਆ। ਕਾਰਨੀ ਦਾ ਇਹ ਸੰਬੋਧਨ ਕੈਨੇਡਾ ਅਤੇ ਅਮਰੀਕਾ ਵਿਚਾਲੇ ਚੱਲ ਰਹੇ ਵਪਾਰਕ ਤਣਾਅ ਦੇ ਮਾਹੌਲ ਵਿੱਚ ਹੋਇਆ। ਦੋਵਾਂ ਦੇਸ਼ਾਂ ਵਿਚਾਲੇ ਵਪਾਰਕ ਸਬੰਧਾਂ ਨੂੰ ਲੈ ਕੇ ਤਣਾਅ ਵਧਿਆ ਹੋਇਆ ਹੈ ਅਤੇ ਅਗਸਤ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਵਪਾਰਕ ਗੱਲਬਾਤ ਟੁੱਟ ਗਈ ਸੀ। ਕਾਰਨੀ ਨੇ ਕਿਹਾ ਕਿ ਅਮਰੀਕਾ ਨੇ ''ਬਹੁਤ ਜ਼ਿਆਦਾ ਮੰਗਿਆ ਅਤੇ ਬਹੁਤ ਘੱਟ ਪੇਸ਼ਕਸ਼ ਕੀਤੀ।'' ਉਨ੍ਹਾਂ ਇਹ ਦੋਸ਼ ਵੀ ਲਾਇਆ ਕਿ ਅਮਰੀਕਾ ਕੈਨੇਡਾ ਦੀ ਦੁਨੀਆ ਦੇ ਹੋਰ ਦੇਸ਼ਾਂ ਨਾਲ ਵਪਾਰਕ ਸਮਝੌਤੇ ਕਰਨ ਦੀ ਆਜ਼ਾਦੀ ਨੂੰ ਸੀਮਤ ਕਰਨਾ ਚਾਹੁੰਦਾ ਸੀ। ਵਪਾਰਕ ਗੱਲਬਾਤ ਟੁੱਟਣ ਤੋਂ ਬਾਅਦ ਅਮਰੀਕਾ ਨੇ ਕੈਨੇਡਾ ਤੋਂ ਆਉਣ ਵਾਲੇ ਲਗਭਗ 20 ਅਰਬ ਅਮਰੀਕੀ ਡਾਲਰ ਦੇ ਸਮਾਨ 'ਤੇ 50 ਫ਼ੀਸਦੀ ਟੈਰਿਫ ਲਗਾ ਦਿੱਤਾ। ਇਸ ਦੇ ਜਵਾਬ ਵਿੱਚ ਕੈਨੇਡਾ ਨੇ ਵੀ ਅਮਰੀਕੀ ਵਸਤਾਂ 'ਤੇ ਬਰਾਬਰ ਦੀਆਂ ਜਵਾਬੀ ਦਰਾਂ ਲਾਗੂ ਕੀਤੀਆਂ।

# ਕੈਨੇਡਾ ਦੇ ਲੱਖਾਂ ਲੋਕਾਂ ਦੀ ਨਿੱਜੀ ਜਾਣਕਾਰੀ ਚੋਰੀ

## ਪ੍ਰਾਈਵੇਸੀ ਕਮਿਸ਼ਨਰ ਨੇ ਆਰੰਭੀ ਮਾਮਲੇ ਦੀ ਪੜਤਾਲ




ਔਟਵਾ : ਕੈਨੇਡਾ ਵਿਚ ਲੱਖਾਂ ਲੋਕਾਂ ਦੀ ਸ਼ਨਾਖ਼ਤ ਦੇ ਵੇਰਵੇ ਕਥਿਤ ਤੌਰ 'ਤੇ ਚੋਰੀ ਹੋਣ ਦੇ ਮਾਮਲੇ ਵਿਚ ਪ੍ਰਾਈਵੇਸੀ ਕਮਿਸ਼ਨਰ ਨੇ ਪੜਤਾਲ ਆਰੰਭ ਦਿਤੀ ਹੈ। ਆਈ.ਡੀ. ਸਕੈਨ ਡਾਟ ਨੈਟ ਵਿਚ ਸੰਨ੍ਹ ਲਾਉਂਦਿਆਂ ਹੈਕਰਾਂ ਵੱਲੋਂ ਡਰਾਈਵਰਜ਼ ਲਾਇਸੰਸਾਂ ਵਿਚੋਂ ਨਿਜੀ ਵੇਰਵੇ ਇਕੱਤਰ ਕੀਤੇ ਜਾਣ ਦਾ ਖਦਸ਼ਾ ਜ਼ਾਹਰ ਕੀਤਾ ਗਿਆ ਹੈ। ਸੀ.ਬੀ.ਸੀ. ਦੀ ਰਿਪੋਰਟ ਮੁਤਾਬਕ ਆਈ.ਡੀ. ਸਕੈਨ ਡਾਟ ਨੈਟ ਵੱਲੋਂ ਕਾਰ ਰੈਂਟ ਕਰਨ ਵਾਲੀਆਂ ਕੰਪਨੀਆਂ ਤੋਂ ਲੈ ਕੇ ਕੈਸੀਨੋਜ਼ ਤੱਕ ਕਈ ਬਿਜ਼ਨਸ ਕੈਟਗਰੀਜ਼ ਵਿਚ ਪਛਾਣ ਦੀ ਸ਼ਨਾਖਤ ਕਰਨ ਵਾਲਾ ਸਾਫ਼ਟਵੇਅਰ ਮੁਹਈਆ ਕਰਵਾਇਆ ਜਾਂਦਾ ਹੈ।

ਦੱਸ ਦੇਈਏ ਕਿ ਸਤੰਬਰ ਦੇ ਸ਼ੁਰੂ ਵਿਚ ਕੰਪਨੀ ਲੇ ਇਕ ਪਬਲਿਕ ਨੋਟਿਸ ਰਾਹੀਂ ਨਿਜੀ ਜਾਣਕਾਰੀ ਵਿਚ ਸੰਨ੍ਹ ਲੱਗਣ ਬਾਰੇ ਦੱਸਿਆ ਪਰ ਲੋਕਾਂ ਦੀ ਗਿਣਤੀ ਦਾ ਕੋਈ ਜ਼ਿਕਰ ਨਾ ਕੀਤਾ ਗਿਆ। ਹੁਣ ਕੰਪਨੀ ਦਾ ਕਹਿਣਾ ਹੈ ਕਿ ਸਬੰਧਤ ਲੋਕਾਂ ਨੂੰ ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਦੇ ਨਿਜੀ ਵੇਰਵੇ ਚੋਰੀ ਹੋਏ। ਦਰਅਸਲ ਅਮਰੀਕਾ ਦੇ ਫ਼ੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਵੱਲੋਂ ਆਈ.ਡੀ. ਸਕੇਨ ਡਾਟ ਨੈਟ ਨੂੰ ਚੋਰੀ ਹੋਣ ਦੀ ਇਤਲਾਹ ਦਿਤੀ ਗਈ ਪਰ ਜ਼ਿਆਦਾ ਟਿੱਪਣੀ ਨਾ ਕੀਤੀ। ਇਸੇ ਦੌਰਾਨ ਪ੍ਰਾਈਵੇਸੀ ਕਮਿਸ਼ਨਰ ਦੇ ਦਫ਼ਤਰ ਨੇ ਕਿਹਾ ਕਿ ਕੰਪਨੀ ਵੱਲੋਂ ਅਪਣਾਏ ਜਾ ਰਹੇ ਸੁਰੱਖਿਆ ਮਾਪਦੰਡਾਂ ਦੀ ਘੋਖ ਕੀਤੀ ਜਾ ਰਹੀ ਹੈ।

# ਅਮਰੀਕਾ 'ਚ 124 ਕਿਲੋ ਕੋਕੀਨ ਮਾਮਲੇ 'ਚ ਪੰਜਾਬੀ ਨੂੰ 9 ਸਾਲ ਦੀ ਸਜ਼ਾ



ਅਮਰੀਕਾ ਵਿਚ ਓਨਟਾਰੀਓ ਦੇ ਇੱਕ ਪੰਜਾਬੀ ਮੂਲ ਦੇ ਟਰੱਕ ਡਰਾਈਵਰ ਨੂੰ ਨੌਂ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਹ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਕੋਈ ਆਮ ਮਾਮਲਾ ਨਹੀਂ ਹੈ। ਸਗੋਂ 2002 ਵਿਚ ਸਰਦੀਆਂ ਦੀਆਂ ਓਲੰਪਿਕ ਖੇਡਾਂ ਵਿੱਚ ਕੈਨੇਡਾ ਦੀ ਨੁਮਾਇੰਦਗੀ ਕਰਨ ਵਾਲੇ ਸਾਬਕਾ ਅਥਲੀਟ ਰਿਆਨ ਵੈਡਿੰਗ ਦੇ ਅੰਤਰਰਾਸ਼ਟਰੀ ਗਰੋਹ ਨਾਲ ਸਬੰਧਿਤ ਮਾਮਲਾ ਹੈ। ਐਫ.ਬੀ.ਆਈ. (FBI) ਨੇ ਰਾਇਨ ਵੈਡਿੰਗ ਨੂੰ "ਅੱਜ ਦੇ ਦੌਰ ਦਾ ਪਾਬਲੋ ਐਸਕੋਬਾਰ" ਕਰਾਰ ਦਿੱਤਾ ਹੈ ਅਤੇ ਦੱਸਿਆ ਹੈ ਕਿ ਉਹ ਕੋਲੰਬੀਆ, ਮੈਕਸੀਕੋ ਅਤੇ ਅਮਰੀਕਾ ਰਾਹੀਂ ਕੈਨੇਡਾ ਤੱਕ ਕੋਕੀਨ ਦੀ ਸਪਲਾਈ ਲਾਈਨ ਚਲਾਉਂਦਾ ਸੀ। ਬਰੈਂਪਟਨ ਦੇ ਰਹਿਣ ਵਾਲੇ 58 ਸਾਲਾ ਇਕਬਾਲ ਸਿੰਘ ਵਿਰਕ ਨੇ ਲਾਸ ਏਂਜਲਸ ਦੀ ਇੱਕ ਅਦਾਲਤ ਵਿੱਚ ਮੰਨਿਆ ਕਿ ਉਸ ਨੇ ਆਪਣੇ ਟਰੱਕ ਰਾਹੀਂ ਓਨਟਾਰੀਓ ਤੋਂ ਕੈਲੀਫੋਰਨੀਆ ਅਤੇ ਅਮਰੀਕਾ ਦੇ ਅੰਦਰਲੇ ਹੋਰ ਸਥਾਨਾਂ ਤੱਕ ਕੋਕੀਨ ਦੀਆਂ ਖੇਪਾਂ ਪਹੁੰਚਾਈਆਂ ਸਨ।

28 ਅਗਸਤ 2024 ਨੂੰ, ਜਦੋਂ ਵਿਰਕ ਅਤੇ ਉਸ ਦਾ ਸਾਥੀ ਰਣਜੀਤ ਸਿੰਘ ਰੋਵਾਲ ਮਿਸ਼ੀਗਨ ਨੂੰ ਜੋੜਨ ਵਾਲੇ 'ਬਲੂ ਵਾਟਰ ਬ੍ਰਿਜ' ਨੇੜੇ ਅਮਰੀਕੀ ਕਸਟਮਜ਼ ਚੌਕੀ 'ਤੇ ਪਹੁੰਚੇ, ਤਾਂ ਐਫ.ਬੀ.ਆਈ. (FBI) ਦੇ ਏਜੰਟਾਂ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ। ਐਫ.ਬੀ.ਆਈ. (FBI) ਨੇ ਪਹਿਲਾਂ ਹੀ ਇਸ ਗੈਂਗ ਵਿੱਚ ਆਪਣੇ ਗੁਪਤ ਏਜੰਟ ਤਾਇਨਾਤ ਕਰ ਦਿੱਤੇ ਸਨ। ਜਾਂਚ ਦੌਰਾਨ, ਟਰੱਕ ਦੇ ਇੱਕ ਗੁਪਤ ਖਾਨੇ ਵਿੱਚੋਂ 124 ਕਿਲੋਗ੍ਰਾਮ ਕੋਕੀਨ ਬਰਾਮਦ ਕੀਤੀ ਗਈ; ਇਸ ਦੀ ਬਾਜ਼ਾਰੀ ਕੀਮਤ ਲਗਭਗ 4 ਮਿਲੀਅਨ ਅਮਰੀਕੀ ਡਾਲਰ (ਲਗਭਗ 33 ਕਰੋੜ ਰੁਪਏ) ਅਨੁਮਾਨਿਤ ਹੈ। ਇਸ ਮਾਮਲੇ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਅਮਰੀਕੀ ਜੱਜ ਸ਼ੈਰਿਲਿਨ ਪੀਸ ਗਾਰਨੇਟ ਨੇ ਅਦਾਲਤੀ ਦਸਤਾਵੇਜ਼ਾਂ ਬਾਰੇ ਗੋਪਨੀਯਤਾ ਸਬੰਧੀ ਸਖ਼ਤ ਹੁਕਮ ਜਾਰੀ ਕੀਤੇ। ਇਸ ਦਾ ਮੁੱਖ ਕਾਰਨ ਇਹ ਸੀ ਕਿ ਅਮਰੀਕੀ ਸਰਕਾਰ ਨਾਲ ਸਹਿਯੋਗ ਕਰ ਰਹੇ ਇੱਕ ਅਹਿਮ ਗਵਾਹ ਦਾ ਪਹਿਲਾਂ ਹੀ ਕਤਲ ਕੀਤਾ ਜਾ ਚੁੱਕਾ ਸੀ। ਇਸ ਮਾਮਲੇ ਦੇ ਕਥਿਤ ਮੁੱਖ ਸਾਜ਼ਿਸ਼ਕਰਤਾ, ਰਿਆਨ ਵੈਡਿੰਗ, ਨੂੰ ਜਨਵਰੀ ਵਿੱਚ ਮੈਕਸੀਕੋ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਹ ਇਸ ਸਮੇਂ ਅਮਰੀਕਾ ਦੀ ਜੇਲ੍ਹ ਵਿੱਚ ਬੰਦ ਹੈ। ਇਕਬਾਲ ਸਿੰਘ ਵਿਰਕ ਨੂੰ ਇਸ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਹੋ ਸਕਦੀ ਸੀ, ਪਰ ਅਦਾਲਤ ਵਿੱਚ ਆਪਣਾ ਜੁਰਮ ਕਬੂਲਣ ਤੋਂ ਬਾਅਦ ਉਸਨੂੰ ਨੌਂ ਸਾਲਾਂ ਦੀ ਸਜ਼ਾ ਸੁਣਾਈ ਗਈ। ਇਸ ਦੌਰਾਨ, ਉਸਦੇ ਸਾਥੀ ਰੋਵਲ ਨੂੰ 37 ਮਹੀਨਿਆਂ ਦੀ ਕੈਦ ਦੀ ਸਜ਼ਾ ਸੁਣਾਈ ਗਈ।

ਦੋਵੇਂ ਮੁਲਜ਼ਮ ਭਾਰਤੀ ਨਾਗਰਿਕ ਅਤੇ ਕੈਨੇਡਾ ਦੇ ਸਥਾਈ ਨਿਵਾਸੀ ਹਨ। ਅਮਰੀਕੀ ਕਾਨੂੰਨ ਤਹਿਤ, ਆਪਣੀ ਸਜ਼ਾ ਪੂਰੀ ਹੋਣ 'ਤੇ ਵਿਰਕ ਨੂੰ ਸਿੱਧਾ ਅਮਰੀਕਾ ਤੋਂ ਭਾਰਤ ਵਾਪਸ ਭੇਜ ਦਿੱਤਾ ਜਾਵੇਗਾ।

# ਟੋਰਾਂਟੋ ਵਿਖੇ ਭਾਰਤੀ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ

ਟੋਰਾਂਟੋ : ਕੈਨੇਡਾ ਦੀ ਆਰਥਿਕ ਰਾਜਧਾਨੀ ਵਿਚ 27 ਸਾਲਾ ਰਾਘਵ ਸ਼ਰਮਾ ਦਾ ਗੋਲੀਆਂ ਮਾਰ ਕੇ ਕਤਲ ਕਰ ਦਿਤਾ ਗਿਆ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਨੌਰਥ ਯਾਰਕ ਵਿਖੇ ਵਾਪਰੀ ਵਾਰਦਾਤ ਮਗਰੋਂ 23 ਸਾਲਾ ਤਾਹਿਰ ਮੀਆਂ ਨੂੰ ਗ੍ਰਿਫ਼ਤਾਰ ਕਰਦਿਆਂ ਦੂਜੇ ਦਰਜੇ ਦੀ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਪੁਲਿਸ ਮੁਤਾਬਕ ਵਾਰਦਾਤ 13 ਸਤੰਬਰ ਨੂੰ ਲਾਰੈਂਸ ਐਵੇਨਿਊ ਈਸਟ ਅਤੇ ਅੰਡਰਹਿਲ ਡਰਾਈਵ ਇਲਾਕੇ ਵਿਚ ਸਵੇਰੇ ਤਕਰੀਬਨ 4 ਵਜੇ ਵਾਪਰੀ।

## ਕੈਲੇਡਨ ਦੇ ਰਾਘਵ ਸ਼ਰਮਾ ਵਜੋਂ ਕੀਤੀ ਗਈ ਸ਼ਨਾਖ਼ਤ

ਰਾਘਵ ਸ਼ਰਮਾ ਅਤੇ ਕਥਿਤ ਕਾਤਲ ਤਾਹਿਰ ਮੀਆਂ ਵੱਖੋ ਵੱਖਰੀਆਂ ਗੱਡੀਆਂ ਵਿਚ ਸਨ ਜਦੋਂ ਸ਼ੱਕੀ ਨੇ ਗੋਲੀਆਂ ਚਲਾ ਦਿਤੀਆਂ ਅਤੇ ਰਾਘਵ ਸ਼ਰਮਾ ਨੂੰ ਗੰਭੀਰ ਜ਼ਖ਼ਮੀ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ। ਪੁਲਿਸ ਨੇ ਅੱਗੇ ਦੱਸਿਆ ਕਿ ਚਾਰ ਦਿਨ ਤੱਕ ਜ਼ਿੰਦਗੀ ਅਤੇ ਮੌਤ ਦਰਮਿਆਨ ਝੂਲਣ ਮਗਰੋਂ ਕੈਲੇਡਨ ਨਾਲ ਸਬੰਧਤ ਰਾਘਵ ਸ਼ਰਮਾ 17 ਸਤੰਬਰ ਨੂੰ ਦਮ ਤੋੜ ਗਿਆ। ਦੂਜੇ ਪਾਸੇ ਸਟੂਫਵਿਲ ਦੇ ਤਾਹਿਰ ਮੀਆਂ ਨੇ ਖੁਦ ਨੂੰ ਪੁਲਿਸ ਦੇ ਹਵਾਲੇ ਕਰ ਦਿਤਾ ਜਿਸ ਨੂੰ ਟੋਰਾਂਟੋ ਰੀਜਨਲ ਬੇਲ ਸੈਂਟਰ ਵਿਖੇ ਪੇਸ਼ ਕੀਤਾ ਗਿਆ।

# ਸੂਡਾਨ: ਸੋਨੇ ਦੀ ਖਾਨ ਡਿੱਗਣ ਨਾਲ 11 ਲੋਕਾਂ ਦੀ ਹੋਈ ਮੌਤ, 30 ਜ਼ਖ਼ਮੀ



ਉੱਤਰ-ਪੂਰਬੀ ਸੂਡਾਨ ਵਿੱਚ ਸੋਨੇ ਦੀ ਖਾਨ ਦੀ ਇੱਕ ਸੁਰੰਗ ਡਿੱਗਣ ਕਾਰਨ ਘੱਟੋ-ਘੱਟ 11 ਕਾਮਿਆਂ ਦੀ ਮੌਤ ਅਤੇ 30 ਜ਼ਖ਼ਮੀ ਹੋ ਗਏ ਹਨ। ਮਲਬੇ ਹੇਠ ਲਾਪਤਾ ਹੋਏ ਲੋਕਾਂ ਦੀ ਭਾਲ ਜਾਰੀ ਹੈ। ਐਤਵਾਰ ਨੂੰ ਵਾਪਰੀ ਇਹ ਘਟਨਾ ਸੂਡਾਨ ਵਿੱਚ ਇੱਕ ਹਫ਼ਤੇ ਦੇ ਅੰਦਰ ਸੋਨੇ ਦੀ ਖਾਨ ਡਿੱਗਣ ਦੀ ਦੂਜੀ ਘਟਨਾ ਹੈ। ਇਹ ਖਾਣਾਂ ਸੂਡਾਨ ਭਰ ਵਿੱਚ ਫੈਲੀਆਂ ਹਜ਼ਾਰਾਂ ਛੋਟੇ ਪੱਧਰ ਦੀਆਂ ਅਤੇ ਗੈਰ-ਰਸਮੀ ਖਾਣਾਂ ਵਿੱਚੋਂ ਹਨ। ਇਹ ਦੇਸ਼ ਅਜਿਹੀ ਜੰਗ ਦੀ ਲਪੇਟ ਵਿੱਚ ਹੈ ਜਿਸ ਨੇ ਕਈ ਵਾਰ ਦੇਸ਼ ਦੇ ਕੁਝ ਹਿੱਸਿਆਂ ਨੂੰ ਕਾਲ (ਭੁੱਖਮਰੀ) ਦੇ ਕੰਢੇ ਤੱਕ ਪਹੁੰਚਾ ਦਿੱਤਾ ਹੈ। ਪਿਛਲੇ ਐਤਵਾਰ, ਦੇਸ਼ ਦੇ ਪੱਛਮੀ ਹਿੱਸੇ ਵਿੱਚ ਸਥਿਤ ਇੱਕ ਹੋਰ ਸੋਨੇ ਦੀ ਖਾਨ ਵਿੱਚ ਕਈ ਸੁਰੰਗਾਂ ਦੇ ਡਿੱਗਣ ਕਾਰਨ ਘੱਟੋ-ਘੱਟ 82 ਲੋਕਾਂ ਦੀ ਮੌਤ ਹੋ ਗਈ। ਇਹ ਇਲਾਕਾ ਅਰਧ-ਫੌਜੀ ਬਲ 'ਰੈਪਿਡ ਸਪੋਰਟ ਫੋਰਸਿਜ਼' ਦੇ ਕੰਟਰੋਲ ਹੇਠ ਹੈ, ਜੋ ਪਿਛਲੇ ਤਿੰਨ ਸਾਲਾਂ ਤੋਂ ਸੂਡਾਨੀ ਫੌਜ ਨਾਲ ਲੜ ਰਿਹਾ ਹੈ। ਇਸ ਖੇਤਰ ਵਿੱਚ ਕੰਮ ਕਰਨ ਵਾਲੇ ਅਬਦਲਹੈ ਖਾਰਿਫ ਅਬਾਕਰ ਨੇ ਦੱਸਿਆ ਕਿ ਖਾਨ ਦੇ ਡਿੱਗਣ ਦੀ ਇਹ ਘਟਨਾ ਉੱਤਰ-ਪੂਰਬੀ 'ਰੈੱਡ ਸੀ' (Red Sea) ਰਾਜ ਦੇ ਇੱਕ ਦੂਰ-ਦੁਰਾਡੇ ਇਲਾਕੇ 'ਓਨੀ' (Oni) ਵਿੱਚ ਵਾਪਰੀ। ਸਰਕਾਰੀ ਮਾਲਕੀ ਵਾਲੀ 'ਸੁਡਾਨੀਜ਼ ਮਿਨਰਲ ਰਿਸੋਰਸਿਜ਼ ਕੰਪਨੀ' ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਐਤਵਾਰ ਤੱਕ 11 ਲਾਸ਼ਾਂ ਬਰਾਮਦ ਕੀਤੀਆਂ ਗਈਆਂ ਅਤੇ 30 ਲੋਕਾਂ ਨੂੰ ਬਚਾਇਆ ਗਿਆ। ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ—ਕਿਉਂਕਿ ਉਹ ਮੀਡੀਆ ਨਾਲ ਗੱਲ ਕਰਨ ਲਈ ਅਧਿਕਾਰਤ ਨਹੀਂ ਸਨ—ਅਧਿਕਾਰੀ ਨੇ ਕਿਹਾ ਕਿ ਲਾਪਤਾ ਲੋਕਾਂ ਦੀ ਭਾਲ ਜਾਰੀ ਹੈ। ਇੱਕ ਬਿਆਨ ਵਿੱਚ, ਕੰਪਨੀ ਨੇ ਖਾਨ ਡਿੱਗਣ ਕਾਰਨ ਜਾਨ ਗੁਆਉਣ ਵਾਲਿਆਂ ਪ੍ਰਤੀ ਸੰਵੇਦਨਾ ਪ੍ਰਗਟਾਈ, ਪਰ ਮ੍ਰਿਤਕਾਂ ਜਾਂ ਜ਼ਖਮੀਆਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਸੋਨੇ ਦਾ ਉਤਪਾਦਨ ਕਰਨ ਵਾਲੇ ਦੇਸ਼ ਸੂਡਾਨ ਵਿੱਚ ਖਾਣਾਂ ਦੇ ਡਿੱਗਣ ਕਾਰਨ ਹੋਣ ਵਾਲੀਆਂ ਮੌਤਾਂ ਕੋਈ ਅਸਧਾਰਨ ਘਟਨਾ ਨਹੀਂ ਹਨ, ਕਿਉਂਕਿ ਇੱਥੇ ਸੁਰੱਖਿਆ ਮਾਪਦੰਡਾਂ ਨੂੰ ਵੱਡੇ ਪੱਧਰ 'ਤੇ ਨਜ਼ਰਅੰਦਾਜ਼ ਕੀਤਾ ਜਾਂਦਾ ਹੈ।













# ਅਮਰੀਕਾ 'ਚ ਏਅਰ ਟ੍ਰੈਫਿਕ ਸਿਸਟਮ ਦੀ ਕਨੈਕਟੀਵਿਟੀ ਫੇਲ੍ਹ, ਸੈਂਕੜੇ ਫਲਾਈਟਾਂ ਰੱਦ



ਵਾਸ਼ਿੰਗਟਨ: ਅਮਰੀਕਾ ਦੇ ਉੱਤਰ-ਪੂਰਬੀ ਹਿੱਸੇ ਵਿੱਚ ਸੋਮਵਾਰ ਨੂੰ ਏਅਰ ਟ੍ਰੈਫਿਕ ਕੰਟਰੋਲ ਸਿਸਟਮ ਵਿੱਚ ਤਕਨੀਕੀ ਖਰਾਬੀ ਕਾਰਨ ਹਵਾਈ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ। ਸੈਂਕੜੇ ਉਡਾਣਾਂ ਰੱਦ ਕਰਨੀਆਂ ਪਈਆਂ, ਜਦਕਿ ਨਿਊਯਾਰਕ ਦੇ ਤਿੰਨ ਵੱਡੇ ਹਵਾਈ ਅੱਡਿਆਂ ਜੌਹਨ ਐੱਫ. ਕੈਨੇਡੀ (JFK), ਲਾ ਗਾਰਡੀਆ ਅਤੇ ਨੇਵਾਰਕ 'ਤੇ ਕਈ ਘੰਟਿਆਂ ਤੱਕ ਉਡਾਣਾਂ ਦੀ ਆਵਾਜਾਈ ਪ੍ਰਭਾਵਿਤ ਰਹੀ। ਫਿਲਾਡੈਲਫੀਆ ਤੋਂ ਆਉਣ-ਜਾਣ ਵਾਲੀਆਂ ਉਡਾਣਾਂ 'ਤੇ ਵੀ ਇਸ ਦਾ ਅਸਰ ਪਿਆ। ਇਹ ਸਮੱਸਿਆ ਉਸ ਸਮੇਂ ਸਾਹਮਣੇ ਆਈ ਜਦੋਂ ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਸ਼ਾਮਲ ਹੋਣ ਲਈ ਵੱਡੀ ਗਿਣਤੀ ਵਿੱਚ ਵਿਦੇਸ਼ੀ ਆਗੂ ਨਿਊਯਾਰਕ ਪਹੁੰਚ ਰਹੇ ਹਨ। ਹਾਲਾਂਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਵਾਸ਼ਿੰਗਟਨ ਡੀ.ਸੀ. ਤੋਂ ਨਿਊਯਾਰਕ ਜਾਣ ਵਾਲੀ ਉਡਾਣ ਆਪਣੇ ਨਿਰਧਾਰਤ ਸਮੇਂ 'ਤੇ ਰਵਾਨਾ ਹੋਈ।

**ਫਿਲਾਡੈਲਫੀਆ ਏਅਰ ਟ੍ਰੈਫਿਕ ਸੈਂਟਰ 'ਚ ਮੁੱਖ ਸਰਕਟ ਫੇਲ੍ਹ**

ਅਮਰੀਕੀ ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ (FAA) ਮੁਤਾਬਕ, ਸੋਮਵਾਰ ਸਵੇਰੇ ਫਿਲਾਡੈਲਫੀਆ ਸਥਿਤ ਇੱਕ ਏਅਰ ਟ੍ਰੈਫਿਕ ਕੰਟਰੋਲ ਸਹੂਲਤ ਵਿੱਚ ਮੁੱਖ ਸਰਕਟ ਫੇਲ ਹੋ ਗਿਆ। ਇਹ ਸਹੂਲਤ ਫਿਲਾਡੈਲਫੀਆ ਦੇ ਨਾਲ-ਨਾਲ ਨਿਊਯਾਰਕ ਦੇ ਪ੍ਰਮੁੱਖ ਹਵਾਈ ਅੱਡਿਆਂ ਲਈ ਹਵਾਈ ਆਵਾਜਾਈ ਨੂੰ ਕੰਟਰੋਲ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਮੁੱਖ ਸਰਕਟ ਵਿੱਚ ਖਰਾਬੀ ਆਉਣ ਕਾਰਨ ਇਸ ਖੇਤਰ ਵਿੱਚ ਆਉਣ ਅਤੇ ਜਾਣ ਵਾਲੀਆਂ ਉਡਾਣਾਂ ਪ੍ਰਭਾਵਿਤ ਹੋਈਆਂ।

**ਬੈਕਅਪ ਫਾਈਬਰ ਲਾਈਨ ਵੀ ਨੁਕਸਾਨੀ ਗਈ**

ਮਾਮਲਾ ਉਸ ਸਮੇਂ ਹੋਰ ਗੰਭੀਰ ਹੋ ਗਿਆ ਜਦੋਂ FAA ਨੂੰ ਪਤਾ ਲੱਗਿਆ ਕਿ ਬੈਕਅਪ ਫਾਈਬਰ ਆਪਟਿਕ ਲਾਈਨ ਵੀ ਕੰਮ ਨਹੀਂ ਕਰ ਰਹੀ ਸੀ। ਦੱਸਿਆ ਗਿਆ ਕਿ ਨਿਊ ਬਰੰਸਵਿਕ ਅਤੇ ਨੇਵਾਰਕ, ਨਿਊ ਜਰਸੀ ਦੇ ਵਿਚਾਲੇ ਨਿਰਮਾਣ ਕਾਰਜ ਦੌਰਾਨ ਇਹ ਲਾਈਨ ਨੁਕਸਾਨੀ ਗਈ ਸੀ। ਇਸ ਕਾਰਨ ਮੁੱਖ ਕਨੈਕਸ਼ਨ ਫੇਲ੍ਹ ਹੋਣ ਤੋਂ ਬਾਅਦ ਵਰਤੀ ਜਾਣ ਵਾਲੀ ਬੈਕਅਪ ਵਿਵਸਥਾ ਵੀ ਉਪਲਬਧ ਨਹੀਂ ਰਹੀ।

**ਦੋਵੇਂ ਕਨੈਕਸ਼ਨ ਠੀਕ ਕਰਨ 'ਚ ਜੁਟੀ FAA**

FAA ਪ੍ਰਸ਼ਾਸਕ ਬ੍ਰਾਇਨ ਬੈਡਫੋਰਡ ਨੇ ਦੱਸਿਆ ਕਿ ਏਜੰਸੀ ਮੁੱਖ ਲਾਈਨ 'ਤੇ ਨਵਾਂ ਸਰਕਟ ਲਗਾਉਣ ਦੇ ਨਾਲ ਬੈਕਅਪ ਫਾਈਬਰ ਆਪਟਿਕ ਲਾਈਨ ਦੀ ਮੁਰੰਮਤ ਕਰਨ ਵਿੱਚ ਵੀ ਲੱਗੀ ਹੋਈ ਹੈ। ਏਜੰਸੀ ਦਾ ਉਦੇਸ਼ ਏਅਰ ਟ੍ਰੈਫਿਕ ਕੰਟਰੋਲ ਲਈ ਲੋੜੀਂਦੀ ਕਨੈਕਟੀਵਿਟੀ ਨੂੰ ਜਲਦ ਤੋਂ ਜਲਦ ਬਹਾਲ ਕਰਨਾ ਹੈ। ਹਾਲਾਂਕਿ ਪੂਰੀ ਵਿਵਸਥਾ ਆਮ ਹੋਣ ਵਿੱਚ ਕਿੰਨਾ ਸਮਾਂ ਲੱਗੇਗਾ, ਇਸ ਬਾਰੇ ਤੁਰੰਤ ਸਪੱਸ਼ਟ ਜਾਣਕਾਰੀ ਨਹੀਂ ਦਿੱਤੀ ਗਈ।

**ਬੈਕਅਪ ਲਾਈਨ ਠੀਕ ਹੋਣ 'ਚ ਲੱਗ ਸਕਦੇ ਹਨ 13 ਘੰਟੇ**

ਬ੍ਰਾਇਨ ਬੈਡਫੋਰਡ ਮੁਤਾਬਕ, ਬੈਕਅਪ ਫਾਈਬਰ ਲਾਈਨ ਦੀ ਮੁਰੰਮਤ ਵਿੱਚ ਲਗਭਗ 13 ਘੰਟੇ ਲੱਗ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਇੱਕ ਵੱਡਾ ਨੁਕਸਾਨ ਹੈ ਅਤੇ FAA ਇਸ ਨੂੰ ਠੀਕ ਕਰਨ ਲਈ ਕੰਮ ਕਰ ਰਹੀ ਹੈ।

ਸੋਮਵਾਰ ਨੂੰ ਫੇਲ੍ਹ ਹੋਇਆ ਮੁੱਖ ਸਰਕਟ ਪਹਿਲਾਂ ਹੀ ਅਮਰੀਕਾ ਦੇ ਏਅਰ ਟ੍ਰੈਫਿਕ ਕੰਟਰੋਲ ਸਿਸਟਮ ਵਿੱਚ ਕੀਤੇ ਜਾ ਰਹੇ ਵੱਡੇ ਬਦਲਾਅ ਤਹਿਤ ਬਦਲਿਆ ਜਾਣਾ ਸੀ।

**ਕੁਝ ਉਡਾਣਾਂ ਮੁੜ ਸ਼ੁਰੂ, ਪਰ ਦੇਰੀ ਜਾਰੀ ਰਹਿਣ ਦਾ ਖਦਸ਼ਾ**

ਸੋਮਵਾਰ ਦੁਪਹਿਰ ਤੱਕ ਲਾ ਗਾਰਡੀਆ ਅਤੇ ਫਿਲਾਡੈਲਫੀਆ ਹਵਾਈ ਅੱਡਿਆਂ 'ਤੇ ਕੁਝ ਉਡਾਣਾਂ ਮੁੜ ਸ਼ੁਰੂ ਹੋ ਗਈਆਂ ਸਨ। ਇਸ ਦੇ ਬਾਵਜੂਦ ਦਿਨ ਦੇ ਬਾਕੀ ਸਮੇਂ ਦੌਰਾਨ ਉਡਾਣਾਂ ਵਿੱਚ ਦੇਰੀ ਜਾਰੀ ਰਹਿਣ ਦੀ ਸੰਭਾਵਨਾ ਜਤਾਈ ਗਈ। ਕੁਝ ਏਅਰਲਾਈਨਾਂ ਨੇ ਪ੍ਰਭਾਵਿਤ ਯਾਤਰੀਆਂ ਨੂੰ ਬਿਨਾਂ ਕਿਸੇ ਵਾਧੂ ਫੀਸ ਦੇ ਆਪਣੀਆਂ ਉਡਾਣਾਂ ਬਦਲਣ ਦੀ ਸਹੂਲਤ ਵੀ ਦਿੱਤੀ।

# ਅਮਰਜੀਤ ਸਿੰਘ ਚਾਵਲਾ ਖ਼ਿਲਾਫ਼ ਦਰਜ ਮਾਮਲੇ ਤੇ ਅਸਤੀਫ਼ੇ ਨੂੰ ਲੈ ਕੇ ਹਾਈਕੋਰਟ 'ਚ ਪਟੀਸ਼ਨ ਦਾਇਰ




ਚੰਡੀਗੜ੍ਹ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦੇ ਸ੍ਰੀ ਅਨੰਦਪੁਰ ਸਾਹਿਬ ਹਲਕੇ ਤੋਂ ਮੈਂਬਰ ਅਮਰਜੀਤ ਸਿੰਘ ਚਾਵਲਾ ਵਿਰੁੱਧ ਦਰਜ ਹੋਏ ਅਪਰਾਧਿਕ ਮਾਮਲੇ ਅਤੇ ਉਨ੍ਹਾਂ ਦੇ ਅਸਤੀਫ਼ੇ ਨੂੰ ਪ੍ਰਵਾਨ ਕਰਨ ਦੀ ਮੰਗ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਸਿਵਲ ਰਿੱਟ ਪਟੀਸ਼ਨ ਦਾਇਰ ਕੀਤੀ ਗਈ ਹੈ। ਇਹ ਪਟੀਸ਼ਨ ਪਿੰਡ ਕੁਲਗੜ੍ਹ (ਸ੍ਰੀ ਅਨੰਦਪੁਰ ਸਾਹਿਬ) ਦੇ ਵਸਨੀਕ ਹਰਜਿੰਦਰ ਸਿੰਘ ਵੱਲੋਂ ਐਡਵੋਕੇਟ ਬਲਬੀਰ ਸਿੰਘ ਸੇਵਕ ਰਾਹੀਂ ਦਾਇਰ ਕੀਤੀ ਗਈ ਹੈ। ਪਟੀਸ਼ਨਕਰਤਾ ਨੇ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਅਤੇ ਇਸ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸਿੱਖ ਗੁਰਦੁਆਰਾ ਐਕਟ, 1925 ਦੀ ਧਾਰਾ 67 ਤਹਿਤ ਅਮਰਜੀਤ ਸਿੰਘ ਚਾਵਲਾ ਵੱਲੋਂ 16 ਸਤੰਬਰ 2026 ਨੂੰ ਭੇਜੇ ਗਏ ਅਸਤੀਫ਼ੇ 'ਤੇ ਤੁਰੰਤ ਅਤੇ ਕਾਨੂੰਨ ਅਨੁਸਾਰ ਫ਼ੈਸਲਾ ਲੈਣ ਦੇ ਹੁਕਮ ਜਾਰੀ ਕੀਤੇ ਜਾਣ। ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਨੂੰ ਹਦਾਇਤ ਕਰਨ ਦੀ ਮੰਗ ਕੀਤੀ ਗਈ ਹੈ ਕਿ ਥਾਣਾ ਅਨੰਦਪੁਰ ਸਾਹਿਬ ਵਿਖੇ ਦਰਜ ਐਫਆਈਆਰ ਨੰਬਰ 149 (ਮਿਤੀ 21 ਅਗਸਤ 2026) ਦੀ ਨਿਰਪੱਖ, ਪਾਰਦਰਸ਼ੀ ਅਤੇ ਤੇਜ਼ੀ ਨਾਲ ਜਾਂਚ ਯਕੀਨੀ ਬਣਾਈ ਜਾਵੇ। ਇਸ ਦੇ ਨਾਲ ਹੀ ਪਟੀਸ਼ਨ ਵਿੱਚ ਚਾਵਲਾ ਖ਼ਿਲਾਫ਼ ਲੁੱਕ-ਆਊਟ ਸਰਕੂਲਰ (LOC) ਜਾਰੀ ਕਰਨ ਦੀ ਗੁਜ਼ਾਰਿਸ਼ ਵੀ ਕੀਤੀ ਗਈ ਹੈ। ਪਟੀਸ਼ਨ ਵਿੱਚ ਲਗਾਏ ਗਏ ਦੋਸ਼ਾਂ ਅਨੁਸਾਰ, ਬਹਿਰੀਨ ਤੋਂ ਆਈ ਇੱਕ ਮਹਿਲਾ ਸ਼ਰਧਾਲੂ ਦੀ ਸ਼ਿਕਾਇਤ 'ਤੇ ਥਾਣਾ ਅਨੰਦਪੁਰ ਸਾਹਿਬ ਵਿਖੇ ਅਮਰਜੀਤ ਸਿੰਘ ਚਾਵਲਾ ਖ਼ਿਲਾਫ਼ ਬਲਾਤਕਾਰ, ਗੈਰ-ਕਾਨੂੰਨੀ ਢੰਗ ਨਾਲ ਬੰਦੀ ਬਣਾਉਣ ਅਤੇ ਧਮਕਾਉਣ ਦੇ ਦੋਸ਼ਾਂ ਹੇਠ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ/ਬੀਐਨਐਸ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਪਟੀਸ਼ਨਕਰਤਾ ਦਾ ਕਹਿਣਾ ਹੈ ਕਿ ਐਫਆਈਆਰ ਦਰਜ ਹੋਣ ਦੇ ਬਾਵਜੂਦ ਪੁਲਿਸ ਨੇ ਲੋੜੀਂਦੀ ਤੇਜ਼ੀ ਨਹੀਂ ਦਿਖਾਈ, ਜਿਸ ਦੌਰਾਨ ਕਥਿਤ ਤੌਰ 'ਤੇ ਮੁਲਜ਼ਮ ਕੈਨੇਡਾ ਚਲਾ ਗਿਆ। ਵਿਵਾਦ ਵਧਣ ਤੋਂ ਬਾਅਦ ਅਮਰਜੀਤ ਸਿੰਘ ਚਾਵਲਾ ਨੇ 16 ਸਤੰਬਰ 2026 ਨੂੰ ਵਟਸਐਪ ਰਾਹੀਂ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਆਪਣਾ ਅਸਤੀਫ਼ਾ ਭੇਜ ਦਿੱਤਾ ਸੀ। ਚਾਵਲਾ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਦਿਆਂ ਇਸ ਨੂੰ ਆਪਣੇ ਖ਼ਿਲਾਫ਼ ਸਾਜ਼ਿਸ਼ ਕਰਾਰ ਦਿੱਤਾ ਸੀ। ਹਾਲਾਂਕਿ, ਪਟੀਸ਼ਨਕਰਤਾ ਅਨੁਸਾਰ ਐਸਜੀਪੀਸੀ ਪ੍ਰਧਾਨ ਨੂੰ 17 ਸਤੰਬਰ ਨੂੰ ਮੰਗ ਪੱਤਰ ਭੇਜਣ ਦੇ ਬਾਵਜੂਦ ਅਸਤੀਫ਼ਾ ਪ੍ਰਵਾਨ ਕਰਨ ਸੰਬੰਧੀ ਕੋਈ ਕਾਰਵਾਈ ਨਹੀਂ ਹੋਈ। ਇਸ ਤੋਂ ਇਲਾਵਾ, ਪਟੀਸ਼ਨ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਥਕ ਮਰਯਾਦਾ ਦੀ ਉਲੰਘਣਾ ਦੇ ਦੋਸ਼ ਹੇਠ ਅਮਰਜੀਤ ਸਿੰਘ ਚਾਵਲਾ ਨੂੰ ਪੰਥ 'ਚੋਂ ਛੇਕਣ ਦੇ ਹਾਲੀਆ ਫ਼ੈਸਲੇ ਦਾ ਵੀ ਹਵਾਲਾ ਦਿੱਤਾ ਗਿਆ ਹੈ। ਹਾਈਕੋਰਟ ਵਿੱਚ ਦਾਇਰ ਇਸ ਰਿੱਟ ਪਟੀਸ਼ਨ 'ਤੇ ਆਉਣ ਵਾਲੇ ਦਿਨਾਂ ਵਿੱਚ ਸੁਣਵਾਈ ਹੋਣ ਦੀ ਸੰਭਾਵਨਾ ਹੈ।

LEGAL SERVICES & IMMIGRATION MATTERS
ਕਿਸੇ ਤਰ੍ਹਾਂ ਦੇ ਕਨੂੰਨੀ ਜਾਂ ਇਮੀਗਰੇਸ਼ਨ ਕੇਸ ਲਈ ਮਿਲੋ

* Divorce Cases: Mutual & Contested
* Drink & Driving
* Trafic Tickets
* Domestic Violence Cases
* Notary Services

* RAD appeals (Refugee Appeals)
* IAD appeals (any kind of immigration appeals)
* Judicial Review
* Writ of Mandamus (if your case is being delayed by Immigration)
* Application for asylum (Refugee)
* If your visitor visa work permit or PR application is refused just call us

* Expert Guidance
* Personalized Assistance in every matter

THE SOLUTION YOU NEED CALL US:
519-740-7080

* ਨੋਟਰੀ ਦੀਆਂ ਸੇਵਾਵਾਂ * ਸੈਪਰੇਸ਼ਨ ਐਗਰੀਮੈਂਟ,
* ਤਲਾਕ * ਡ੍ਰਿੰਕ ਐਂਡ ਡ੍ਰਾਈਵਿੰਗ ਦਾ ਕੇਸ
* ਟ੍ਰੈਫਿਕ ਟਿਕਟ * ਘਰੇਲੂ ਹਿੰਸਾ
* ਅਮਰੀਕਾ, ਇੰਗਲੈਂਡ ਵੀਜ਼ਾ ਐਪਲੀਕੇਸ਼ਨ ਭਰਨੀ
* ਰੈਕਰਡ ਸਸਪੈਂਸ਼ਨ ਅਤੇ ਯੂਐਸ ਵੇਵਰ
* ਨੈਕਸਸ, ਫਾਸਟ ਕਾਰਡ, ਸੀਡੀਆਰਪੀ,
* ਕੈਨੇਡੀਅਨ ਪੈਨਸ਼ਨ ਦੀ ਐਪਲੀਕੇਸ਼ਨ ਭਰਨੀ
* ਕੋਈ ਵੀ ਇੰਡੀਅਨ ਸਰਕਾਰੀ ਕਾਗਜ਼ ਪੱਤਰ ਦੀ ਪੰਜਾਬੀ ਤੋਂ ਅੰਗ੍ਰੇਜ਼ੀ ਵਿੱਚ ਟ੍ਰਾਂਸਲੇਸ਼ਨ
* ਪੀਆਰ ਕਾਰਡ ਅਪਲਾਈ ਜਾਂ ਰਿਨੀਊ ਕਰਨਾ
* ਇੰਡੀਆ ਵਿੱਚ ਜ਼ਮੀਨ ਜਾਂ ਪਰਿਵਾਰਕ ਝਗੜੇ

Passport Services for Indian Citizens
* New Passport * Passport Renewal
* Lost or Damaged Passport Replacement
* OCI applications, OCI Card Renewal
* Visa Services: Tourist Visa, E-Visa

Land or Family Disputes in India
* Partition of Property * Removing Illegal Possession * Land Encroachment
* Matrimonial Property Disputes

Cambridge:- 181 Groh Ave., Suite# 201-C, Cambridge, ON N3C 1Y8
Mississauga: 7035 Maxwell Rd., Suite# 203, Mississauga, ON L5S 1R5

PUNJAB STAR TV
ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ
IPTV
Roku
eBaba Ent
webtv
ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ
ਪੰਜਾਬ ਸਟਾਰ ਟੀਵੀ
ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ
ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666
YUPPTV
GET IT ON Google Play
Shava tv
jadoo tv
Cruze tv
amazon fireTV
NOW WIDELY AVAILABLE IN AMERICA & CANADA
For informatin call Lakhwinder Sandhu
905-673-7666

# ਸ੍ਰੀ ਆਨੰਦਪੁਰ ਸਾਹਿਬ ਸਰਾਂ ਮਾਮਲਾ: ਜਾਂਚ ਲਈ 5 ਮੈਂਬਰੀ ਕਮੇਟੀ ਦਾ ਗਠਨ, ਗਿਆਨੀ ਮਲਕੀਤ ਸਿੰਘ ਸੇਵਾਵਾਂ ਤੋਂ ਫ਼ਾਰਗ



ਸ੍ਰੀ ਆਨੰਦਪੁਰ ਸਾਹਿਬ ਦੀ ਸਰਾਂ ਵਿੱਚ ਵਾਪਰੀ ਘਟਨਾ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜ ਮੈਂਬਰੀ ਜਾਂਚ ਕਮੇਟੀ ਦਾ ਗਠਨ ਕੀਤਾ ਹੈ। ਇਹ ਕਮੇਟੀ ਪੂਰੇ ਮਾਮਲੇ ਦੀ ਜਾਂਚ ਕਰਕੇ 15 ਦਿਨਾਂ ਦੇ ਅੰਦਰ ਆਪਣੀ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ਸੌਂਪੇਗੀ। ਇਸ ਦੇ ਨਾਲ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ ਨੂੰ ਸ਼੍ਰੋਮਣੀ ਕਮੇਟੀ ਦੀਆਂ ਸੇਵਾਵਾਂ ਤੋਂ ਫ਼ਾਰਗ ਕਰ ਦਿੱਤਾ ਗਿਆ ਹੈ। ਇਹ ਜਾਣਕਾਰੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਿੱਤੀ। ਉਨ੍ਹਾਂ ਇਸ ਮਾਮਲੇ ਵਿੱਚ ਆਪਣਾ ਪੱਖ ਸਪੱਸ਼ਟ ਕਰਦਿਆਂ ਕਿਹਾ ਕਿ ਬਹਿਰੀਨ ਤੋਂ ਆਈ ਬੀਬੀ ਬਾਰੇ ਉਨ੍ਹਾਂ ਨੂੰ ਪਹਿਲਾਂ ਕੋਈ ਜਾਣਕਾਰੀ ਨਹੀਂ ਸੀ। ਉਨ੍ਹਾਂ ਕਿਹਾ ਕਿ ਨਾ ਤਾਂ ਉਹ ਬੀਬੀ ਉਨ੍ਹਾਂ ਨੂੰ ਮਿਲੀ ਅਤੇ ਨਾ ਹੀ ਉਸ ਨੇ ਉਨ੍ਹਾਂ ਨੂੰ ਘਟਨਾ ਸਬੰਧੀ ਕੋਈ ਜਾਣਕਾਰੀ ਦਿੱਤੀ। ਧਾਮੀ ਨੇ ਉਸ ਵੱਲੋਂ ਲਗਾਏ ਗਏ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ।

**ਪੰਜ ਮੈਂਬਰੀ ਕਮੇਟੀ ਕਰੇਗੀ ਜਾਂਚ**

ਜਾਂਚ ਕਮੇਟੀ ਵਿੱਚ ਬਲਦੇਵ ਸਿੰਘ ਕਾਇਮਪੁਰ, ਗੁਰਮੀਤ ਸਿੰਘ ਬੂਹ, ਬੀਬੀ ਗੁਰਿੰਦਰ ਕੌਰ ਭੋਲੂਵਾਲ ਅਤੇ ਗੁਰਬਖ਼ਸ਼ ਸਿੰਘ ਖਾਲਸਾ ਨੂੰ ਸ਼ਾਮਲ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਕਮੇਟੀ ਦੇ ਕੋਆਰਡੀਨੇਟਰ ਹੋਣਗੇ। ਕਮੇਟੀ ਨੂੰ 15 ਦਿਨਾਂ ਵਿੱਚ ਆਪਣੀ ਰਿਪੋਰਟ ਦੇਣ ਲਈ ਕਿਹਾ ਗਿਆ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਬਹਿਰੀਨ ਤੋਂ ਆਈ ਬੀਬੀ ਕਦੋਂ ਅਤੇ ਕਿੱਥੋਂ ਆਈ ਅਤੇ ਉਸ ਨੂੰ ਕੌਣ ਲੈ ਕੇ ਆਇਆ, ਇਸ ਬਾਰੇ ਉਨ੍ਹਾਂ ਕੋਲ ਕੋਈ ਜਾਣਕਾਰੀ ਨਹੀਂ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਿਆਨੀ ਮਲਕੀਤ ਸਿੰਘ ਨੂੰ ਪੰਥ ਵਿੱਚੋਂ ਛੇਕਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਵੀ ਉਨ੍ਹਾਂ ਨੂੰ ਸਿੱਖ ਸੰਸਥਾ ਦੀਆਂ ਸੇਵਾਵਾਂ ਤੋਂ ਤੁਰੰਤ ਪ੍ਰਭਾਵ ਨਾਲ ਫ਼ਾਰਗ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਮੁਅੱਤਲ ਕੀਤਾ ਗਿਆ ਸੀ। ਇਸ ਮਾਮਲੇ ਵਿੱਚ ਸ੍ਰੀ ਆਨੰਦਪੁਰ ਸਾਹਿਬ ਨਾਲ ਸਬੰਧਤ ਇੱਕ ਡਰਾਈਵਰ ਨੂੰ ਵੀ ਮੁਅੱਤਲ ਕੀਤਾ ਗਿਆ ਸੀ।

**ਅਮਰਜੀਤ ਸਿੰਘ ਚਾਵਲਾ ਦਾ ਅਸਤੀਫ਼ਾ ਮਨਜ਼ੂਰ**

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਹ ਵੀ ਦੱਸਿਆ ਕਿ ਕਮੇਟੀ ਮੈਂਬਰ ਅਮਰਜੀਤ ਸਿੰਘ ਚਾਵਲਾ ਵੱਲੋਂ ਦਿੱਤਾ ਗਿਆ ਅਸਤੀਫ਼ਾ ਤੁਰੰਤ ਪ੍ਰਵਾਨ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਘਟਨਾ ਸਾਹਮਣੇ ਆਉਣ ਵਾਲੇ ਦਿਨ ਹੀ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੂੰ ਮਾਮਲੇ ਦੀ ਜਾਂਚ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਉਨ੍ਹਾਂ ਕਿਹਾ ਕਿ ਹੁਣ ਪੰਜ ਮੈਂਬਰੀ ਕਮੇਟੀ ਵੱਲੋਂ ਮਾਮਲੇ ਦੀ ਵਿਸਥਾਰ ਨਾਲ ਜਾਂਚ ਕੀਤੀ ਜਾਵੇਗੀ ਅਤੇ ਰਿਪੋਰਟ ਆਉਣ ਤੋਂ ਬਾਅਦ ਇਸ ਮਾਮਲੇ ਨਾਲ ਜੁੜੇ ਹੋਰ ਸਵਾਲਾਂ ਦੇ ਜਵਾਬ ਵੀ ਦਿੱਤੇ ਜਾਣਗੇ। ਜ਼ਿਕਰਯੋਗ ਹੈ ਕਿ ਇਸ ਮਾਮਲੇ ਵਿੱਚ ਪੰਜ ਸਿੰਘ ਸਾਹਿਬਾਨ ਵੱਲੋਂ ਅਮਰਜੀਤ ਸਿੰਘ ਚਾਵਲਾ ਅਤੇ ਗਿਆਨੀ ਮਲਕੀਤ ਸਿੰਘ ਨੂੰ ਪੰਥ ਵਿੱਚੋਂ ਛੇਕ ਦਿੱਤਾ ਗਿਆ ਸੀ। ਨਾਲ ਹੀ ਸਿੱਖ ਸੰਗਤ ਨੂੰ ਦੋਵਾਂ ਨਾਲ ਕਿਸੇ ਵੀ ਤਰ੍ਹਾਂ ਦੀ ਸਾਂਝ ਨਾ ਰੱਖਣ ਲਈ ਕਿਹਾ ਗਿਆ ਹੈ। ਉਧਰ, ਅਮਰਜੀਤ ਸਿੰਘ ਚਾਵਲਾ ਦੀ ਸੋਸ਼ਲ ਮੀਡੀਆ ’ਤੇ ਵਾਇਰਲ ਵੀਡੀਓ ਵਿੱਚ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਲਏ ਗਏ ਫ਼ੈਸਲੇ ’ਤੇ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕੋਈ ਵੀ ਫ਼ੈਸਲਾ ਲੈਣ ਤੋਂ ਪਹਿਲਾਂ ਇਸ ਮਾਮਲੇ ਵਿੱਚ ਉਨ੍ਹਾਂ ਦਾ ਪੱਖ ਵੀ ਸੁਣਿਆ ਜਾਣਾ ਚਾਹੀਦਾ ਸੀ।

# ਜਥੇਦਾਰ ਗੜਗੱਜ ਨੇ ਪਾਕਿਸਤਾਨ ਪੰਜਾਬ ਦੀ CM ਨੂੰ ਲਿਖੀ ਚਿੱਠੀ

## ਲਾਹੌਰ ’ਚ ਸਿੱਖ ਵਿਰਾਸਤੀ ਸਥਾਨਾਂ ਦੀ ਸੁਰੱਖਿਆ ਦੀ ਕੀਤੀ ਮੰਗ




ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪਾਕਿਸਤਾਨ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ ਸ਼ਰੀਫ ਨੂੰ ਚਿੱਠੀ ਲਿਖੀ ਹੈ। ਚਿੱਠੀ ਵਿਚ ਲਾਹੌਰ ਦੇ ਅੰਦਰੂਨੀ ਸ਼ਹਿਰ ਵਿਚ ਸਿਖ ਇਤਿਹਾਸ ਨਾਲ ਜੁੜੇ ਵਿਰਾਸਤੀ ਥਾਵਾਂ ਦੀ ਸੁਰੱਖਿਆ ਦੀ ਮੰਗ ਕੀਤੀ ਹੈ।

ਜਥੇਦਾਰ ਨੇ ਖਾਸ ਤੌਰ ਤੋਂ ਸ੍ਰੀ ਗੁਰੂ ਅਰਜਨ ਦੇ ਜੀ ਦੀ ਸ਼ਹਾਦਤ ਨਾਲ ਜੁੜੇ ‘ਲਾਲ ਖੂਹ, ਕੱਟੜੀ ਚੰਦੂ’ ਦੀ ਮੌਜੂਦਾ ਸਥਿਤੀ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਚਿੱਠੀ ਦੀ ਇਕ ਕਾਪੀ ਪੰਜਾਬ ਸਰਕਾਰ ਦੇ ਸੂਬਾਈ ਮੰਤਰੀ ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ ਨੂੰ ਵੀ ਸੰਬੋਧਿਤ ਕੀਤੀ ਗਈ ਹੈ।

ਚਿੱਠੀ ਵਿਚ ਜਥੇਦਾਰ ਨੇ ਕਿਹਾ ਕਿ ਇਸ ਦਾ ਉਦੇਸ਼ ਕਿਸੇ ਸਰਕਾਰ, ਸੰਸਥਾ ਜਾਂ ਵਿਅਕਤੀ ‘ਤੇ ਦੋਸ਼ ਲਗਾਉਣਾ ਨਹੀਂ ਸਗੋਂ ਲਾਹੌਰ ਦੀ ਉਸ ਸਾਂਝੀ ਇਤਿਹਾਸਕ ਵਿਰਾਸਤ ਵੱਲ ਧਿਆਨ ਦਿਵਾਉਣਾ ਹੈ। ਇਸ ਨਾਲ ਸਿੱਖ ਇਤਿਹਾਸ ਦੇ ਮਹੱਤਵਪੂਰਨ ਅਧਿਆਏ ਜੁੜੇ ਹਨ। ਉਨ੍ਹਾਂ ਕਿਹਾ ਕਿ ਸਮੇਂ ਦੇ ਨਾਲ ਸ਼ਹਿਰੀ ਵਿਕਾਸ, ਪੰਜਾਬ ਵੰਡ ਤੇ ਹੋਰ ਇਤਿਹਾਸਕ ਹਾਲਾਤਾਂ ਕਾਰਨ ਕਈ ਇਤਿਹਾਸਕ ਨਿਸ਼ਾਨੀਆਂ ਖਤਮ ਹੋ ਚੁੱਕੀਆਂ ਹਨ ਜਾਂ ਆਪਣੇ ਮੂਲ ਸਰੂਪ ਵਿਚ ਨਹੀਂ ਹਨ। ਅਜਿਹੇ ਵਿਚ ਬਚੀ ਹੋਈ ਵਿਰਾਸਤ ਦੀ ਸੁਰੱਖਿਆ ਮਹੱਤਵਪੂਰਨ ਹੈ। ਜਥੇਦਾਰ ਨੇ ਕਿਸੇ ਅਨੁਮਾਨ ਦੀ ਬਜਾਏ ਅਧਿਕਾਰਕ ਤੱਥਾਂ ਦੇ ਆਧਾਰ ‘ਤੇ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

ਜਥੇਦਾਰ ਨੇ ਸੁਝਾਅ ਦਿੱਤਾ ਕਿ ਜਾਂਚ ਪੂਰੀ ਹੋਣ ਤਕ ਜੇਕਰ ਉਥੇ ਕੋਈ ਨਿਰਮਾਣ ਜਾਂ ਬਦਲਾਅ ਚੱਲ ਰਿਹਾ ਹੈ ਤਾਂ ਉਸ ਨੂੰ ਰੋਕਿਆ ਜਾਵੇ। ਨਾਲ ਹੀ ਵਾਲਡ ਸਿਟੀ ਆਫ ਲਾਹੌਰ ਅਥਾਰਟੀ, ਪੁਰਾਤਤਵ ਵਿਭਾਗ ਤੇ ਸਬੰਧਤ ਮਾਹਿਰਾਂ ਰਾਹੀਂ ਥਾਂ ਦੀ ਇਤਿਹਾਸਕ ਤੇ ਵਿਰਾਸਤੀ ਅਹਿਮੀਅਤ ਦੀ ਜਾਂਚ ਕਰਵਾਈ ਜਾਵੇ। ਇਸ ਵਿਚ ਸਿੱਖ ਇਤਿਹਾਸ ਦੇ ਮਾਹਿਰਾਂ ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਤੀਨਿਧੀਆਂ ਨੂੰ ਵੀ ਸ਼ਾਮਲ ਕਰਨ ਦੀ ਮੰਗ ਕੀਤੀ ਗਈ ਹੈ। ਇਸ ਤੋਂ ਇਲਾਵਾ ਲਾਹੌਰ ਦੇ ਅੰਦਰੂਨੀ ਸ਼ਹਿਰ ਵਿਚ ਸਿੱਖ ਇਤਿਹਾਸ ਨਾਲ ਜੁੜੀਆਂ ਮੁੱਖ ਥਾਵਾਂ ਦਾ ਵਿਆਪਕ ਵਿਰਾਸਤ ਸਰਵੇਖਣ ਕਰਵਾ ਕੇ ਉਨ੍ਹਾਂ ਦੀ ਸਥਿਤੀ, ਇਤਿਹਾਸਕ ਮਹੱਤਵ, ਮਾਲਕਾਨਾ ਹੱਕ ਤੇ ਕਾਨੂੰਨੀ ਸਥਿਤੀ ਦਾ ਰਿਕਾਰਡ ਤਿਆਰ ਕਰਨ ਨੂੰ ਕਿਹਾ ਹੈ। ਜਥੇਦਾਰ ਨੇ ਉਮੀਦ ਪ੍ਰਗਟਾਈ ਕਿ ਪਾਕਿਸਤਾਨ ਪੰਜਾਬ ਸਰਕਾਰ ਇਸ ਮਾਮਲੇ ਵਿਚ ਜ਼ਰੂਰ ਕਾਰਵਾਈ ਕਰੇਗੀ ਤੇ ਇਸ ਦੀ ਜਾਣਕਾਰੀ ਸਿੱਖ ਸੰਗਤ, ਸ਼ਘਫਛ ਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਦਿੱਤੀ ਜਾਵੇਗੀ।

# ਬ੍ਰਿਟਿਸ਼ ਮਾਸਟਰਜ਼ ਅਥਲੈਟਿਕਸ ਵਿੱਚ ਰਸ਼ਪਾਲ ਸਿੰਘ ਸੇਖਾ ਨੇ ਜਿੱਤੇ ਤਿੰਨ ਸੋਨ ਤਗਮੇ

## 80 ਮੀਟਰ ਹਰਡਲਜ਼, ਹਾਈ ਜੰਪ ਅਤੇ ਪੋਲ ਵਾਲਟ ਵਿੱਚ ਹਾਸਲ ਕੀਤਾ ਪਹਿਲਾ ਸਥਾਨ




ਡਰਬੀ, ਇੰਗਲੈਂਡ: ਇੰਗਲੈਂਡ ਦੇ ਸ਼ਹਿਰ ਡਰਬੀ ਵਿਖੇ ਹੋਈ ਬ੍ਰਿਟਿਸ਼ ਮਾਸਟਰਜ਼ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਕੋਵੈਂਟਰੀ ਵਾਸੀ ਪੰਜਾਬੀ ਮੂਲ ਦੇ ਸੀਨੀਅਰ ਅਥਲੀਟ ਰਸ਼ਪਾਲ ਸਿੰਘ ਸੇਖਾ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਤਿੰਨ ਸੋਨ ਤਗਮੇ ਜਿੱਤ ਕੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ।

70 ਤੋਂ 74 ਸਾਲ ਉਮਰ ਵਰਗ ਵਿੱਚ ਹਿੱਸਾ ਲੈਂਦਿਆਂ ਰਸ਼ਪਾਲ ਸਿੰਘ ਸੇਖਾ ਨੇ 80 ਮੀਟਰ ਹਰਡਲਜ਼, ਹਾਈ ਜੰਪ ਅਤੇ ਪੋਲ ਵਾਲਟ ਤਿੰਨਾਂ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸੋਨ ਤਗਮੇ ਆਪਣੇ ਨਾਮ ਕੀਤੇ।

ਰਸ਼ਪਾਲ ਸਿੰਘ ਸੇਖਾ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਸੇਖਾ ਨਾਲ ਸਬੰਧਤ ਹਨ। ਉਹ ਸਾਲ 2000 ਵਿੱਚ ਇੰਗਲੈਂਡ ਆ ਕੇ ਵੱਸੇ ਅਤੇ ਇਸ ਵੇਲੇ ਕੋਵੈਂਟਰੀ ਵਿਖੇ ਰਹਿ ਰਹੇ ਹਨ। ਉਮਰ ਦੇ ਇਸ ਪੜਾਅ ’ਤੇ ਵੀ ਖੇਡਾਂ ਪ੍ਰਤੀ ਉਨ੍ਹਾਂ ਦਾ ਜਜ਼ਬਾ ਅਤੇ ਲਗਾਤਾਰ ਮਿਹਨਤ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਦਾ ਸਰੋਤ ਹੈ।

ਇਸ ਤੋਂ ਪਹਿਲਾਂ ਵੀ ਰਸ਼ਪਾਲ ਸਿੰਘ ਯੂਰਪੀਅਨ ਆਊਟਡੋਰ ਅਥਲੈਟਿਕਸ ਚੈਂਪੀਅਨਸ਼ਿਪ, ਆਸਟ੍ਰੇਲੀਆ ਵਿੱਚ ਹੋਏ ਆਊਟਡੋਰ ਅਥਲੈਟਿਕਸ ਮੁਕਾਬਲਿਆਂ ਅਤੇ ਯੂ.ਏ.ਈ. ਵਿੱਚ ਹੋਈਆਂ ਇੰਟਰਨੈਸ਼ਨਲ ਮਾਸਟਰਜ਼ ਗੇਮਜ਼ ਵਿੱਚ ਹਿੱਸਾ ਲੈ ਕੇ ਕਈ ਤਗਮੇ ਜਿੱਤ ਚੁੱਕੇ ਹਨ।

ਬ੍ਰਿਟਿਸ਼ ਮਾਸਟਰਜ਼ ਅਥਲੈਟਿਕਸ ਵਿੱਚ ਇੱਕੋ ਚੈਂਪੀਅਨਸ਼ਿਪ ਦੌਰਾਨ ਤਿੰਨ ਸੋਨ ਤਗਮੇ ਜਿੱਤਣ ਦੀ ਇਸ ਸ਼ਾਨਦਾਰ ਪ੍ਰਾਪਤੀ ਲਈ ਰਸ਼ਪਾਲ ਸਿੰਘ ਸੇਖਾ ਨੂੰ ਬਹੁਤ-ਬਹੁਤ ਮੁਬਾਰਕਾਂ ਅਤੇ ਭਵਿੱਖ ਦੇ ਮੁਕਾਬਲਿਆਂ ਲਈ ਸ਼ੁਭਕਾਮਨਾਵਾਂ।

# ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ ‘ਇੰਸਪੀਰੇਸ਼ਨਲ ਸਟੈੱਪਸ -2026’ ਐਤਵਾਰ 27 ਸਤੰਬਰ ਨੂੰ

## ਵੱਖ-ਵੱਖ ਦੌੜਾਂ ਲਈ ਆਨ-ਲਾਈਨ ਰਜਿਸਟ੍ਰੇਸ਼ਨ ਜ਼ੋਰਾਂ ‘ਤੇ




ਬਰੈਂਪਟਨ, (ਡਾ.ਝੰਡ): ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਪਿਛਲੇ ਕਈ ਸਾਲਾਂ ਤੋਂ ਕਰਵਾਇਆ ਜਾਂਦਾ ਲੰਮੀਆਂ ਤੇ ਛੋਟੀਆਂ ਦੌੜਾਂ ਦਾ ਦਿਲਚਸਪ ਈਵੈਂਟ ‘ਇੰਸਪੀਰੇਸ਼ਨਲ ਸਟੈੱਪਸ’ ਇਸ ਸਾਲ ‘ਇੰਸਪੀਰੇਸ਼ਨਲ ਸਟੈੱਪਸ -2026’ ਅਗਲੇ ਹਫ਼ਤੇ ਐਤਵਾਰ 27 ਸਤੰਬਰ ਨੂੰ ਆਯੋਜਿਤ ਕੀਤਾ ਜਾ ਰਿਹਾ ਹੈ। ਈਵੈਂਟ ਦੇ ਪ੍ਰਬੰਧਕਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਸ ਵਿੱਚ ਫ਼ੁੱਲ-ਮੈਰਾਥਨ, ਹਾਫ਼-ਮੈਰਾਥਨ, 13 ਕਿਲੋਮੀਟਰ ਅਤੇ 6 ਕਿਲੋਮੀਟਰ ਦੂਰੀ ਦੀਆਂ ਦੌੜਾਂ ਤੇ ਪੈਦਲ ਚੱਲਣ ਵਾਲੇ ਇਸ ਵੱਡੇ ਈਵੈਂਟ ਦੀ ਸ਼ੁਰੂਆਤ ਵੱਖ-ਵੱਖ ਗੁਰਦੁਆਰਾ ਸਾਹਿਬਾਨ ਤੋਂ ਹੋਵੇਗੀ ਅਤੇ ਸਾਰੀਆਂ ਦੌੜਾਂ ਦਾ ਸਮਾਪਤੀ-ਸਥਾਨ (ਫ਼ਿਨਿਸ਼ ਪੁਆਇੰਟ) ਓਨਟਾਰੀਓ ਖਾਲਸਾ ਦਰਬਾਰ, ਭਾਵ ਡਿਕਸੀ ਗੁਰੂਘਰ ਹੀ ਹੈ। ਛੋਟੇ ਬੱਚਿਆਂ ਦੀ ਇੱਕ ਕਿਲੋਮੀਟਰ ਦੌੜ ਵੀ ਇੱਥੇ ਹੀ ਡਿਕਸੀ ਗੁਰੂਘਰ ਦੇ ਸਾਹਮਣੇ ਮੈਦਾਨ ਵਿੱਚ ਬਾਅਦ ਦੁਪਹਿਰ 2.00 ਵਜੇ ਕਰਵਾਈ ਜਾਏਗੀ।

ਸਮੂਹ ਵਿਅੱਕਤੀਆਂ ਦੀ ਜਾਣਕਾਰੀ-ਹਿਤ ਦੱਸਿਆ ਜਾਂਦਾ ਹੈ ਕਿ ਸੱਭ ਤੋਂ ਲੰਮੀ ਦੌੜ, ਭਾਵ 42.2 ਕਿਲੋਮੀਟਰ ‘ਫ਼ੁੱਲ-ਮੈਰਾਥਨ’ ਵਿੱਚ ਪੈਦਲ ਤੁਰਨ ਵਾਲੇ ਵਿਅੱਕਤੀ ਸਕਾਰਬਰੋ ਗੁਰ ਸਿੱਖ ਸਭਾ ਗੁਰੂਘਰ ਤੋਂ ਸਵੇਰੇ 6.00 ਵਜੇ ਆਪਣਾ ਇਹ ਸਫ਼ਰ ਆਰੰਭ ਕਰਨਗੇ ਅਤੇ ਇਸ ਵਿੱਚ ਦੌੜਨ ਵਾਲੇ ਦੌੜਾਕ ਸਵੇਰੇ 9.00 ਵਜੇ ਆਪਣੀ ਇਹ ਦੌੜ ਸ਼ੁਰੂ ਕਰਨਗੇ। ਇਸ ਤੋਂ ਅੱਧੀ ਦੌੜ, ਭਾਵ ‘ਹਾਫ਼-ਮੈਰਾਥਨ’ ਰਾਮਗੜੀਆ ਸਿੱਖ ਸੋਸਾਇਟੀ ਗੁਰੂਘਰ ਤੋਂ ਸਵੇਰੇ 11.00 ਵਜੇ ਸ਼ੁਰੂ ਹੋਵੇਗੀ ਅਤੇ 13 ਕਿਲੋਮੀਟਰ ਦੌੜ ਦਾ ਆਰੰਭ ਰੈਕਸਡੇਲ ਦੇ ਸਿੱਖ ਸਪਿਰਿਚੂਅਲ ਸੈਂਟਰ ਤੋਂ 12.00 ਵਜੇ ਹੋਵੇਗਾ। ਛੇ ਕਿਲੋਮੀਟਰ ਦੌੜ ਗੁਰਦੁਆਰਾ ਸਾਹਿਬ ਗੁਰੂ ਸਿੰਘ ਸਭਾ ਮਾਲਟਨ ਜਿਸ ਨੂੰ ‘ਮਾਲਟਨ ਗੁਰੂਘਰ’ ਵਜੋਂ ਵੀ ਜਾਣਿਆ ਜਾਂਦਾ ਹੈ, ਵਿਖੇ ਬਾਅਦ ਦੁਪਹਿਰ 1.00 ਵਜੇ ਸ਼ੁਰੂ ਕਰਵਾਈ ਜਾਏਗੀ। ਇਸ ਵਿੱਚ ਭਾਗ ਲੈਣ ਵਾਲੇ ਦੌੜਾਕ ਤੇ ਪੈਦਲ-ਚਾਲਕ 2.00 ਤੋਂ ਪਹਿਲਾਂ ਡਿਕਸੀ ਗੁਰੂਘਰ ਵਿਖੇ ‘ਫਿਨਿਸ਼-ਪੁਆਇੰਟ’ ਤੇ ਪਹੁੰਚ ਜਾਣਗੇ, ਜਿੱਥੇ ਛੋਟੇ ਬੱਚਿਆਂ ਦੀ ਇੱਕ ਕਿਲੋਮੀਟਰ 2.00 ਵਜੇ ਕਰਵਾਈ ਜਾਏਗੀ।

ਅੰਤਰਰਾਸ਼ਰਟਰੀ ਪ੍ਰਸਿੱਧੀ ਦੇ ਮਾਲਕ ਮੈਰਾਥਨ-ਦੌੜਾਕ ਸ. ਫ਼ੌਜਾ ਸਿੰਘ’ ਦੀ ਨਿੱਘੀ ਯਾਦ ਨੂੰ ਸਮੱਰਪਿਤ ਦੌੜਾਂ ਦਾ ਇਹ ਈਵੈਂਟ ਬਹੁਤ ਦਿਲਚਸਪ ਤੇ ਉਤਸ਼ਾਹ ਭਰਪੂਰ ਹੁੰਦਾ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚਦੌੜਾਕ ਤੇ ਪੈਦਲ-ਚਾਲਕ ਇਸ ਵਿੱਚ ਬੜੇ ਸ਼ੌਕ ਨਾਲ ਭਾਗ ਲੈਂਦੇ ਹਨ। ਵੱਖ-ਵੱਖ ਦੌੜਾਂ ਦੀਆਂ ਵੱਖ-ਵੱਖ ਕੈਟਗਰੀਆਂ ਵਿੱਚ ਪਹਿਲੇ ਨੰਬਰ ‘ਤੇ ਆਉਣ ਵਾਲੇ ਦੌੜਾਕਾ ਨੂੰ ਮੈਡਲ ਅਤੇ ਹੋਰ ਇਨਾਮ ਦਿੱਤੇ ਜਾਂਦੇ ਹਨ। ਇਸ ਈਵੈਂਟ ਨਾਲ ਸਬੰਧਿਤ ਯਾਦਗਾਰੀ ਮੈਡਲ ਨ੍ਹਾਂ ਦੌੜਾਂ ਵਿੱਚ ਹਿੱਸਾ ਲੈਣ ਵਾਲੇ ਹਰੇਕ ਦੌੜਾਕ ਤੇ ਪੈਦਲ-ਚਾਲਕ ਦੇ ਗਲ਼ੇ ਵਿੱਚ ਪਾਏ ਜਾਂਦੇ ਹਨ। ਦੋ ਕੁ ਵਾਰ ਤਾਂ ਇਹ ਮੈਡਲ ਸ. ਫ਼ੌਜਾ ਸਿੰਘ ਹੁਰਾਂ ਵੱਲੋਂ ਖ਼ੁਦ ਦੌੜਾਕਾਂ ਦੇ ਗਲ਼ਿਆਂ ਵਿੱਚ ਪਾਏ ਗਏ ਸਨ। ਇਸ ਈਵੈਂਟ ਦੀਆ ਵੱਖ-ਵੱਖ ਦੌੜਾਂ ਵਿਚ ਭਾਗ ਲੈਣ ਲਈ ਰਜਿਸਟ੍ਰੇਸ਼ਨ ਇਸ ਸਮੇਂ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਦੀ ਵੈੱਬਸਾਈਟ ਾਾ.ਗਗਸਚਡ.ਚੋਮ ਉੱਪਰ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ ਅਤੇ ਜਿਨ੍ਹਾਂ ਨੇ ਇਹ ਰਜਿਸਟ੍ਰੇਸ਼ਨ ਅਜੇ ਤੱਕ ਨਹੀਂ ਕਰਵਾਈ, ਉਨ੍ਹਾਂ ਨੂੰ ਇਹ ਜਲਦੀ ਤੋਂ ਜਲਦੀ ਕਰਵਾ ਲੈਣੀ ਚਾਹੀਦੀ ਹੈ। ਇਸ ਸਬੰਧੀ ਸਾਰੀ ਜਾਣਕਾਰੀ ਇਸ ਵੈੱਬਸਾਈਟ ਉੱਪਰ ਉਪਲੱਬਧ ਹੈ।

# ਕੌਣ ਹਨ ਨਿਰੰਜਨ ਸਿੰਘ? ਜੋ ਅੰਮ੍ਰਿਤਪਾਲ ਸਿੰਘ ਦੀ ਪਾਰਟੀ 'ਚ ਹੋ ਰਹੇ ਨੇ ਸ਼ਾਮਲ

## 6 ਹਜ਼ਾਰ ਕਰੋੜ ਦੇ ਡਰੱਗ ਕੇਸ ਨਾਲ ਆਏ ਸਨ ਚਰਚਾ 'ਚ



ਐਨਫੋਰਸਮੈਂਟ ਡਾਇਰੈਕਟੋਰੇਟ (ED) ਦੇ ਸਾਬਕਾ ਡਿਪਟੀ ਡਾਇਰੈਕਟਰ ਨਿਰੰਜਨ ਸਿੰਘ ਅੱਜ 23 ਸਤੰਬਰ ਨੂੰ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਾਲੀ ‘ਅਕਾਲੀ ਦਲ ਵਾਰਿਸ ਪੰਜਾਬ ਦੇ’ ਵਿੱਚ ਸ਼ਾਮਲ ਹੋਣ ਜਾ ਰਹੇ ਹਨ। ਨਿਰੰਜਨ ਸਿੰਘ ਨੇ ਖੁਦ ਵੀ ਇਸ ਸਬੰਧੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਸ਼ੇ, ਭ੍ਰਿਸ਼ਟਾਚਾਰ ਅਤੇ ਕਾਨੂੰਨ ਵਿਵਸਥਾ ਵਰਗੇ ਮੁੱਦਿਆਂ 'ਤੇ ਬਦਲਾਅ ਦੀ ਲੋੜ ਹੈ। ਨਿਰੰਜਨ ਸਿੰਘ ਮੁਤਾਬਕ ਉਹ ਸਰਕਾਰੀ ਸੇਵਾ ਤੋਂ ਸੇਵਾਮੁਕਤ ਹੋਏ ਨੂੰ ਕਰੀਬ 5-6 ਸਾਲ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕਈ ਸਰਕਾਰਾਂ ਨਸ਼ਾ ਖ਼ਤਮ ਕਰਨ ਦੇ ਵਾਅਦੇ ਕਰਦੀਆਂ ਰਹੀਆਂ ਹਨ, ਪਰ ਸਮੱਸਿਆ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਈ। ਉਨ੍ਹਾਂ ਦੱਸਿਆ ਕਿ ਵਿਧਾਇਕ ਮਨਪ੍ਰੀਤ ਸਿੰਘ ਅਯਾਲੀ ਅਤੇ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਉਨ੍ਹਾਂ ਦੇ ਘਰ ਆਏ ਸਨ ਅਤੇ ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਲ ਹੋਣ ਲਈ ਕਿਹਾ ਸੀ।

**ਭੋਲਾ ਡਰੱਗ ਕੇਸ ਦੀ ਜਾਂਚ ਨਾਲ ਆਏ ਸਨ ਚਰਚਾ 'ਚ**

ਨਿਰੰਜਨ ਸਿੰਘ ED ਵਿੱਚ ਆਪਣੀ ਤਾਇਨਾਤੀ ਦੌਰਾਨ ਪੰਜਾਬ ਨਾਲ ਜੁੜੇ ਕਈ ਚਰਚਿਤ ਮਨੀ ਲਾਂਡਰਿੰਗ ਅਤੇ FEMA ਮਾਮਲਿਆਂ ਦੀ ਜਾਂਚ ਨਾਲ ਜੁੜੇ ਰਹੇ। ਉਹ ਜਗਦੀਸ਼ ਸਿੰਘ ਭੋਲਾ ਅਤੇ ਰਾਜਾ ਕੰਦੋਲਾ ਨਾਲ ਸਬੰਧਤ ਡਰੱਗ ਮਾਮਲਿਆਂ ਦੀ ਜਾਂਚ ਵਿੱਚ ਵੀ ਅਹਿਮ ਭੂਮਿਕਾ ਵਿੱਚ ਰਹੇ। ਇਸੇ ਜਾਂਚ ਦੌਰਾਨ ਉਨ੍ਹਾਂ ਨੇ ਦਸੰਬਰ 2014 ਵਿੱਚ ਤਤਕਾਲੀ ਪੰਜਾਬ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਤੋਂ ਵੀ ਪੁੱਛਗਿੱਛ ਕੀਤੀ ਸੀ। ਮਜੀਠੀਆ ਤੋਂ ਪੁੱਛਗਿੱਛ ਤੋਂ ਕੁਝ ਸਮੇਂ ਬਾਅਦ ਨਿਰੰਜਨ ਸਿੰਘ ਦਾ ਜਲੰਧਰ ਤੋਂ ਕੋਲਕਾਤਾ ਤਬਾਦਲਾ ਕੀਤਾ ਗਿਆ ਸੀ। ਉਨ੍ਹਾਂ ਨੇ ਇਸ ਤਬਾਦਲੇ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਚੁਣੌਤੀ ਦਿੱਤੀ ਅਤੇ ਦਾਅਵਾ ਕੀਤਾ ਸੀ ਕਿ ਪ੍ਰਭਾਵਸ਼ਾਲੀ ਲੋਕਾਂ ਨਾਲ ਜੁੜੇ ਮਾਮਲੇ ਦੀ ਜਾਂਚ ਕਾਰਨ ਉਨ੍ਹਾਂ ਦਾ ਤਬਾਦਲਾ ਕੀਤਾ ਗਿਆ। ਬਾਅਦ ਵਿੱਚ ਤਬਾਦਲਾ ਰੱਦ ਹੋ ਗਿਆ ਅਤੇ ਉਨ੍ਹਾਂ ਨੇ ਜਲੰਧਰ ਵਿੱਚ ਰਹਿ ਕੇ ਜਾਂਚ ਜਾਰੀ ਰੱਖੀ।

**ਚੋਣ ਲੜਨ ਬਾਰੇ ਫਿਲਹਾਲ ਕੋਈ ਵਿਚਾਰ ਨਹੀਂ**

ਨਿਰੰਜਨ ਸਿੰਘ ਨੇ ਕਿਹਾ ਕਿ ਫਿਲਹਾਲ ਉਨ੍ਹਾਂ ਦਾ ਚੋਣ ਲੜਨ ਦਾ ਕੋਈ ਵਿਚਾਰ ਨਹੀਂ ਹੈ। ਅੰਮ੍ਰਿਤਪਾਲ ਸਿੰਘ ਨਾਲ ਜੁੜੇ ਸਵਾਲ ’ਤੇ ਉਨ੍ਹਾਂ ਕਿਹਾ ਕਿ ਕਾਨੂੰਨ ਆਪਣਾ ਕੰਮ ਕਰੇਗਾ ਅਤੇ ਅਦਾਲਤ ਫ਼ੈਸਲਾ ਕਰੇਗੀ। ਉਨ੍ਹਾਂ ਪਾਰਟੀ ਵਿੱਚ ਸ਼ਾਮਲ ਹੋਣ ਦੇ ਫ਼ੈਸਲੇ ਨੂੰ ਪੰਜਾਬ ਦੇ ਮੁੱਦਿਆਂ ਨਾਲ ਜੋੜਦਿਆਂ ਕਿਹਾ ਕਿ ਉਹ ਕਾਨੂੰਨ ਨੂੰ ਮੰਨਣ ਵਾਲੇ ਵਿਅਕਤੀ ਹਨ ਅਤੇ ਪਾਰਟੀ ਦੀ ਵਿਚਾਰਧਾਰਾ ਵੀ ਕਾਨੂੰਨ ਦੀ ਪਾਲਣਾ ਕਰਨ ਵਾਲੀ ਹੈ। ਨਿਰੰਜਨ ਸਿੰਘ 31 ਮਈ 2021 ਨੂੰ ED ਦੇ ਡਿਪਟੀ ਡਾਇਰੈਕਟਰ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਸਨ। ਉਨ੍ਹਾਂ ਦੀ ਸਰਕਾਰੀ ਸੇਵਾ ਦੌਰਾਨ ਪੰਜਾਬ ਦੇ ਕਈ ਵੱਡੇ ਡਰੱਗ ਅਤੇ ਮਨੀ ਲਾਂਡਰਿੰਗ ਮਾਮਲਿਆਂ ਦੀ ਜਾਂਚ ਕਾਰਨ ਉਹ ਚਰਚਾ ਵਿੱਚ ਰਹੇ।















ਪੰਜਾਬ ਸਟਾਰ
PUNJABSTAR.COM

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjar
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਬੁੱਧ ਬਾਣ

# ਜਦੋਂ ਮੁਫ਼ਤ ਦਾ ਕੜਾਹ ਖਾਣੇ ਗੁਲਾਮ ਬਣੇ !



ਬੁੱਧ ਸਿੰਘ ਨੀਲੋਂ
94643-70823

ਮੁਫ਼ਤ ਦੀ ਚੀਜ਼ ਮਨੁੱਖ ਨੂੰ ਹਮੇਸ਼ਾ ਖ਼ੁਸ਼ ਕਰਦੀ ਹੈ। ਪਰ ਸਵਾਲ ਇਹ ਹੈ ਕਿ ਮੁਫ਼ਤ ਕੀ ਮਿਲਿਆ ਅਤੇ ਉਸ ਦੀ ਕੀਮਤ ਕਿਸ ਨੇ ਅਦਾ ਕੀਤੀ? ਇਹ ਸਵਾਲ ਪੰਜਾਬ ਦੇ ਲੋਕਾਂ ਨੇ ਆਪਣੇ ਆਪ ਨੂੰ ਕਦੇ ਪੁੱਛਿਆ ਨਹੀਂ ਸਗੋਂ ਇੱਕ ਦੂਜੇ ਤੋਂ ਮੂਹਰੇ ਹੋ ਕੇ ਆਪਣੀ ਜ਼ਮੀਰ ਨੂੰ ਸੱਤਾਧਾਰੀਆਂ ਦੀ ਗੁਲਾਮ ਬਣਾਉਣ ਲਈ ਪੱਬਾਂ ਭਾਰ ਹੋ ਹੋਏ। ਹੈਰਾਨੀ ਵਾਲੀ ਗੱਲ ਇਹ ਕਿ ਮਨਰੇਗਾ ਸਕੀਮ ਵਿੱਚ ਤਾਕਤਵਰ ਲੋਕਾਂ ਨੇ ਇਸ ਦਾ ਨਜਾਇਜ਼ ਫਾਇਦਾ ਚੁੱਕਿਆ। ਪਿਛਲੇ ਸਮਿਆਂ ਵਿੱਚ ਇੱਕ ਪਿੰਡ ਦੀ ਖ਼ਬਰ ਵਾਇਰਲ ਹੋਈ ਜਿਸ ਵਿਚ ਅਮਰੀਕਾ ਵਸਦੇ ਨਾਗਰਿਕ ਦੀਆਂ ਉਸ ਦੇ ਪਿੰਡ ਵਿੱਚ ਦਿਹਾੜੀਆਂ ਪੈ ਰਹੀਆਂ ਹਨ ਜਦਕਿ ਆਰਥਿਕ ਤੌਰ ਤੇ ਗਰੀਬ ਲੋਕਾਂ ਨੂੰ ਇਸ ਸਕੀਮ ਤੋਂ ਵਾਂਝੇ ਰਹਿ ਗਏ ਹਨ।

ਪੰਜਾਬ ਦੀ ਸਿਆਸਤ ਵਿੱਚ ਮੁਫ਼ਤ ਸਹੂਲਤਾਂ ਦੀ ਰਾਜਨੀਤੀ ਕੋਈ ਨਵੀਂ ਗੱਲ ਨਹੀਂ। ਵੱਖ-ਵੱਖ ਸਰਕਾਰਾਂ ਨੇ ਸਮੇਂ-ਸਮੇਂ 'ਤੇ ਬਿਜਲੀ, ਪਾਣੀ, ਆਟਾ-ਦਾਲ, ਆਵਾਜਾਈ ਅਤੇ ਹੋਰ ਸਹੂਲਤਾਂ ਰਾਹੀਂ ਲੋਕਾਂ ਨੂੰ ਰਾਹਤ ਦਿੱਤੀ। ਇਨ੍ਹਾਂ ਯੋਜਨਾਵਾਂ ਦੇ ਹੱਕ ਅਤੇ ਵਿਰੋਧ ਵਿੱਚ ਆਪੋ-ਆਪਣੇ ਤਰਕ ਹਨ। ਪਰ ਅਸਲ ਸਵਾਲ ਇਹ ਹੈ ਕਿ ਰਾਹਤ ਅਤੇ ਨਿਰਭਰਤਾ ਵਿਚਕਾਰ ਲਕੀਰ ਕਿੱਥੇ ਖਿੱਚੀ ਜਾਵੇ?

ਜੇ ਸਰਕਾਰ ਕਿਸੇ ਲੋੜਵੰਦ ਨੂੰ ਸਹਾਇਤਾ ਦਿੰਦੀ ਹੈ ਤਾਂ ਇਹ ਸਮਾਜਿਕ ਜ਼ਿੰਮੇਵਾਰੀ ਹੋ ਸਕਦੀ ਹੈ। ਪਰ ਜੇ ਸਹਾਇਤਾ ਦੀ ਥਾਂ ਲੋਕਾਂ ਦੀਆਂ ਆਰਥਿਕ ਸਮੱਸਿਆਵਾਂ ਦਾ ਸਥਾਈ ਹੱਲ ਕਰਨ ਦੀ ਬਜਾਏ ਹਰ ਵਾਰ ਨਵੀਂ ਮੁਫ਼ਤ ਸਕੀਮ ਲਿਆਉਣੀ ਸ਼ੁਰੂ ਹੋ ਜਾਵੇ ਤਾਂ ਸਵਾਲ ਪੁੱਛਣਾ ਬਣਦਾ ਹੈ, ਰੁਜ਼ਗਾਰ ਕਿੱਥੇ ਹੈ? ਉਦਯੋਗ ਕਿੱਥੇ ਹੈ? ਖੇਤੀ ਦੀ ਆਮਦਨ ਕਿੱਥੇ ਹੈ? ਸਰਕਾਰੀ ਸਕੂਲ, ਹਸਪਤਾਲ ਅਤੇ ਜਨਤਕ ਆਵਾਜਾਈ ਕਿੱਥੇ ਖੜ੍ਹੇ ਹਨ?

ਪੰਜਾਬ ਦੀ ਆਰਥਿਕਤਾ ਦਾ ਸੰਕਟ ਸਿਰਫ਼ ਕਿਸੇ ਇੱਕ ਸਰਕਾਰ ਜਾਂ ਇੱਕ ਪਾਰਟੀ ਦੀ ਦੇਣ ਕਹਿ ਕੇ ਸਮਝਿਆ ਨਹੀਂ ਜਾ ਸਕਦਾ। ਇਹ ਲੰਮੇ ਸਮੇਂ ਦੀਆਂ ਨੀਤੀਆਂ, ਵਧਦੇ ਸਰਕਾਰੀ ਖ਼ਰਚ, ਕਰਜ਼ੇ, ਖੇਤੀ ਦੇ ਸੰਕਟ, ਉਦਯੋਗੀ ਕਮਜ਼ੋਰੀ, ਬੇਰੁਜ਼ਗਾਰੀ ਅਤੇ ਜ਼ਮੀਨ ਦੀ ਬਦਲ ਰਹੀ ਵਰਤੋਂ ਨਾਲ ਜੁੜਿਆ ਹੋਇਆ ਮਸਲਾ ਹੈ।

ਸਵਾਲ ਇਹ ਨਹੀਂ ਕਿ ਕੜਾਹ ਕਿਉਂ ਖਾਧਾ? ਸਵਾਲ ਇਹ ਹੈ ਕਿ ਕੜਾਹ ਖਾਣ ਤੋਂ ਬਾਅਦ ਆਪਣੀ ਰੋਟੀ ਕਮਾਉਣ ਦੀ ਤਾਕਤ ਕਿਉਂ ਘਟਦੀ ਗਈ? ਪੰਜਾਬ ਵਿੱਚ ਕਿਸਾਨੀ ਕਰਜ਼ਾ, ਨੌਜਵਾਨਾਂ ਦਾ ਵਿਦੇਸ਼ ਜਾਣਾ, ਜ਼ਮੀਨਾਂ ਦੀ ਵਿਕਰੀ ਅਤੇ ਖੇਤੀਯੋਗ ਜ਼ਮੀਨ ਉੱਤੇ ਵਧਦਾ ਸ਼ਹਿਰੀ ਦਬਾਅ—ਇਹ ਸਾਰੇ ਵੱਖਰੇ-ਵੱਖਰੇ ਨਹੀਂ, ਇੱਕ-ਦੂਜੇ ਨਾਲ ਜੁੜੇ ਸਵਾਲ ਹਨ।

ਅਸੀਂ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਜ਼ਮੀਨਾਂ ਵੇਚੀਆਂ। ਕਿਸੇ ਨੇ ਕਰਜ਼ਾ ਚੁੱਕਿਆ, ਕਿਸੇ ਨੇ ਕੋਠੀ ਵੇਚੀ, ਕਿਸੇ ਨੇ ਆਪਣੀ ਜ਼ਿੰਦਗੀ ਦੀ ਬਚਤ ਲਾ ਦਿੱਤੀ। ਹੁਣ ਜਦੋਂ ਪਰਵਾਸ ਦੀਆਂ ਮੁਸ਼ਕਲਾਂ ਸਾਹਮਣੇ ਆ ਰਹੀਆਂ ਹਨ ਤਾਂ ਸਾਨੂੰ ਇੱਕ ਹੋਰ ਸਵਾਲ ਪੁੱਛਣਾ ਪਵੇਗਾ। ਕੀ ਪੰਜਾਬ ਵਿੱਚ ਅਸੀਂ ਆਪਣੇ ਬੱਚਿਆਂ ਲਈ ਉਹੋ ਜਿਹਾ ਭਵਿੱਖ ਬਣਾਇਆ ਸੀ, ਜਿਸ ਲਈ ਉਹਨਾਂ ਨੂੰ ਆਪਣੀ ਧਰਤੀ ਛੱਡਣੀ ਨਾ ਪੈਂਦੀ?

ਇਹ ਸਵਾਲ ਕਿਸੇ ਇੱਕ ਪਾਰਟੀ ਨੂੰ ਨਹੀਂ, ਸਾਰੇ ਪੰਜਾਬੀ ਸਮਾਜ ਨੂੰ ਪੁੱਛਣਾ ਪਵੇਗਾ।

ਕੜਾਹ ਵਾਲੀ ਕਥਾ ਅਤੇ ਅਚੇਬੇ ਦਾ ਨਾਵਲ ਵਿੱਚ ਧਰਮ ਦੀ ਪੁੱਠ ਚਾੜ੍ਹੀ ਏ।




ਇੱਥੇ ਇੱਕ ਕਹਾਣੀ ਅਕਸਰ ਸੁਣਾਈ ਜਾਂਦੀ ਹੈ ਕਿ ਅਫ਼ਰੀਕਾ ਵਿੱਚ ਅੰਗਰੇਜ਼ਾਂ ਨੇ ਲੋਕਾਂ ਨੂੰ ਮੁਫ਼ਤ ਕੜਾਹ ਖਵਾ ਕੇ ਆਪਣੇ ਪ੍ਰਭਾਵ ਹੇਠ ਲਿਆਂਦਾ ਅਤੇ ਇੱਕ ਕਿਸਾਨ ਨੇ ਇਸ ਦਾ ਵਿਰੋਧ ਕੀਤਾ। ਇਹ ਕਥਾ ਆਪਣੇ ਆਪ ਵਿੱਚ ਮੁਫ਼ਤ ਦੀ ਸਹਾਇਤਾ ਅਤੇ ਗੁਲਾਮੀ ਦੇ ਰਿਸ਼ਤੇ ਬਾਰੇ ਇੱਕ ਰੂਪਕ ਵਜੋਂ ਵਰਤੀ ਜਾ ਸਕਦੀ ਹੈ।

ਪਰ ਇਸ ਨੂੰ ਚਿਨੂਆ ਅਚੇਬੇ ਦੇ ਠਹਿਨਗਸ ਫਓਲਲ ਅਪਓਰਟ ਦੀ ਅਸਲ ਕਥਾ ਦੱਸਣਾ ਠੀਕ ਹੈ। ਅਚੇਬੇ ਦੇ ਨਾਵਲ ਵਿੱਚ ਮਿਸ਼ਨਰੀਆਂ ਦਾ ਆਉਣਾ, ਚਰਚ ਦੀ ਸਥਾਪਨਾ, ਨਵੇਂ ਧਰਮ ਦਾ ਫੈਲਣਾ ਅਤੇ ਉਸ ਦੇ ਨਾਲ ਬਸਤੀਵਾਦੀ ਪ੍ਰਸ਼ਾਸਨ ਦਾ ਪਸਾਰਾ ਦਰਸਾਇਆ ਗਿਆ ਹੈ।

ਇਸੇ ਕਰਕੇ ਇਸ ਨਾਵਲ ਨੂੰ ਪੰਜਾਬ ਦੀ ਸਥਿਤੀ ਨਾਲ ਰੂਪਕ ਵਜੋਂ ਜੋੜਿਆ ਜਾ ਸਕਦਾ ਹੈ, ਪਰ ਪੰਜਾਬ ਦਾ ਭਵਿੱਖ ਪਹਿਲਾਂ ਹੀ ਤੈਅ ਕਰਨ ਵਾਲੀ ਭਵਿੱਖਬਾਣੀ ਵਜੋਂ ਨਹੀਂ। ਪਰ ਦੇਸ਼ ਵਿੱਚ ਧਰਮ ਦੇ ਨਾਂਅ ਹੇਠ ਭਗਵਾਂ ਬ੍ਰਿਗੇਡ ਸਰਗਰਮ ਹੈ, ਜਿਸ ਦੀ ਪੁਸ਼ਤਪਨਾਹੀ ਭਾਰਤ ਸਰਕਾਰ ਕਰਦੀ ਹੈ।

ਬਾਬਾ ਰਤਨ ਸਿੰਘ ਦੀ ਗੱਲ ਵੀ ਸੁਣ ਲਓ।

ਅੱਜ ਬਾਬਾ ਰਤਨ ਸਿੰਘ ਦਾ ਫੋਨ ਆਇਆ। ਉਹਨਾਂ ਨੇ ਉਮਰ ਵੰਨਵੇਂ ਸਾਲ ਦੱਸੀ। ਉਹ ਕਹਿੰਦੇ ਸਨ ਕਿ ਪਿੰਡਾਂ ਦੀ ਜ਼ਿੰਦਗੀ ਬਦਲ ਗਈ ਹੈ। ਸੱਥਾਂ ਵਿੱਚ ਬੈਠਕਾਂ ਘੱਟ, ਤਾਸ਼ ਅਤੇ ਗੱਲਾਂ ਵੱਧ; ਘਰਾਂ ਵਿੱਚ ਪਰਵਾਸੀ ਮਜ਼ਦੂਰ; ਕਿਸਾਨੀ ਵਿੱਚ ਕਰਜ਼ਾ; ਬੈਂਕਾਂ ਦੇ ਨੋਟਿਸ; ਫਿਰ ਧਰਨੇ ਤੇ ਸੌਦੇਬਾਜ਼ੀ ਹੁੰਦੀ ਹੈ। ਇਸ ਤਰ੍ਹਾਂ ਬਾਬਾ ਆਪਣੀ ਪੀੜ ਵਿੱਚ ਪੰਜਾਬ ਬਾਰੇ ਬਹੁਤ ਕੁਝ ਕਹਿ ਗਏ।

ਉਹਨਾਂ ਦੀਆਂ ਕੁਝ ਗੱਲਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਵੱਖਰੀ ਗੱਲ ਹੈ। ਪਰ ਇੱਕ ਗੱਲ ਦਿਲ ਵਿੱਚ ਵੱਜ ਗਈ ਹੈ ਕਿ ਅਸੀਂ ਆਪਣੀਆਂ ਮੁਸ਼ਕਲਾਂ ਦਾ ਹੱਲ ਲੱਭਣ ਦੀ ਥਾਂ ਹਰ ਵਾਰ ਕਿਸੇ ਹੋਰ ਦੇ ਸਿਰ ਦੋਸ਼ ਧਰ ਕੇ ਆਪਣੀ ਜ਼ਿੰਮੇਵਾਰੀ ਤੋਂ ਬਚ ਤਾਂ ਨਹੀਂ ਰਹੇ? ਸਗੋਂ ਹਰ ਵਾਰ ਨਵੇਂ ਜਾਲ ਵਿੱਚ ਫਸ ਰਹੇ ਹਾਂ।

ਕਿਸਾਨ ਨੂੰ ਕਰਜ਼ਾ ਮਿਲਦਾ ਹੈ ਤਾਂ ਉਹ ਕਰਜ਼ਾ ਕਿਉਂ ਲੈਂਦਾ ਹੈ? ਕੀ ਉਹ ਖੇਤੀ ਲਈ ਕਰਜ਼ ਲੈਂਦਾ ਹੈ ਜਾਂ ਫਿਰ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਪੂਰੇ ਕਰਨ ਲਈ? ਫਿਰ ਉਸ ਦੀ ਆਮਦਨ ਕਿਉਂ ਨਹੀਂ ਵਧਦੀ?

ਫ਼ਸਲ ਦਾ ਮੁੱਲ ਕੌਣ ਤੈਅ ਕਰਦਾ ਹੈ? ਖੇਤੀ ਦੀ ਲਾਗਤ ਕਿਉਂ ਵਧਦੀ ਜਾਂਦੀ ਹੈ? ਪਿੰਡਾਂ ਵਿੱਚ ਰੁਜ਼ਗਾਰ ਦੇ ਹੋਰ ਸਾਧਨ ਕਿਉਂ ਨਹੀਂ ਬਣਦੇ? ਇਹ ਮੂਲ ਸਵਾਲਾਂ ਦੇ ਜਵਾਬ ਤਲਾਸ਼ਣ ਦੀ ਲੋੜ ਹੈ, ਪਰ ਇਹਨਾਂ ਤੋਂ ਪਾਸਾ ਵੱਟਿਆ ਜਾ ਰਿਹਾ ਹੈ, ਇਸੇ ਕਰਕੇ ਇਹ ਰੋਗ ਨਸੂਰ ਬਣ ਗਿਆ ਹੈ। ਆਪਾਂ ਇਹਨਾਂ ਸਵਾਲਾਂ ਦਾ ਜਵਾਬ ਸਿਰਫ਼ ਕਿਸਾਨ ਨੂੰ "ਹੱਡਹਰਾਮੀ" ਕਹਿ ਕੇ ਨਹੀਂ ਮਿਲਣਾ। ਪਰ ਸੋਚਣਾ ਚਾਹੀਦਾ ਹੈ ਕਿ ਇਹ ਸਵਾਲ ਕਿਉਂ ਹਨ ? ਇਸੇ ਤਰ੍ਹਾਂ ਹਰ ਸਰਕਾਰੀ ਸਹਾਇਤਾ ਲੈਣ ਵਾਲੇ ਨੂੰ "ਮੰਗਤਾ" ਕਹਿ ਦੇਣਾ ਵੀ ਸਮੱਸਿਆ ਦਾ ਹੱਲ ਨਹੀਂ। ਇਸ ਮੌਕੇ ਸਮਾਜ ਨੂੰ ਗਾਲ੍ਹ ਨਹੀਂ, ਗਹਿਰਾ ਸਵਾਲ ਚਾਹੀਦਾ ਹੈ। ਮੁਫ਼ਤ ਬਿਜਲੀ ਹੋਵੇ ਜਾਂ ਮੁਫ਼ਤ ਆਵਾਜਾਈ, ਆਟਾ-ਦਾਲ ਹੋਵੇ ਜਾਂ ਕੋਈ ਹੋਰ ਸਹਾਇਤਾ। ਸਵਾਲ ਇਹ ਹੈ ਕਿ ਇਹ ਸਹੂਲਤ ਲੋਕਾਂ ਨੂੰ ਆਤਮਨਿਰਭਰ ਬਣਾਉਂਦੀ ਹੈ ਜਾਂ ਨਿਰਭਰ?

ਜੇ ਅਸੀਂ ਅੱਜ ਇਹ ਸਵਾਲ ਨਹੀਂ ਪੁੱਛਾਂਗੇ ਤਾਂ ਕੱਲ੍ਹ ਸ਼ਾਇਦ ਸਾਡੇ ਕੋਲ ਸਵਾਲ ਪੁੱਛਣ ਲਈ ਵੀ ਆਪਣੀ ਧਰਤੀ, ਆਪਣਾ ਰੁਜ਼ਗਾਰ ਅਤੇ ਆਪਣੀ ਆਰਥਿਕ ਆਜ਼ਾਦੀ ਨਾ ਬਚੇ। ਕੜਾਹ ਮਿੱਠਾ ਹੋ ਸਕਦਾ ਹੈ, ਪਰ ਜੇ ਉਸ ਦੇ ਬਦਲੇ ਆਜ਼ਾਦੀ ਚਲੀ ਜਾਵੇ ਤਾਂ ਮਿੱਠਾਸ ਵੀ ਕੌੜੀ ਹੋ ਜਾਂਦੀ ਹੈ।

ਬਾਬੇ ਦੀ ਗੱਲ ਸੁਣ ਕੇ ਮੈਂ ਚੁੱਪ ਹਾਂ।

ਪਰ ਪੰਜਾਬ ਦੇ ਅੰਦਰ ਕੁਰਕਸ਼ੇਤਰ ਅਜੇ ਵੀ ਚੱਲ ਰਿਹਾ ਹੈ। ਇਹ ਲੜਾਈ ਕਿਸੇ ਇੱਕ ਪਾਰਟੀ ਨਾਲ ਨਹੀਂ ਸਗੋਂ ਇਹ ਲੜਾਈ ਉਸ ਸੋਚ ਨਾਲ ਹੈ, ਜਿਹੜੀ ਅੱਜ ਦੀ ਰਾਹਤ ਲਈ ਕੱਲ੍ਹ ਦੀ ਪੀੜ੍ਹੀ ਗਿਰਵੀ ਰੱਖ ਦਿੰਦੀ ਹੈ। ਅਸਲ ਵਿੱਚ ਇਹ ਜੰਗ ਬੁਨਿਆਦੀ ਸਮਾਜਿਕ ਢਾਂਚੇ ਨਾਲ ਹੈ। ਜਿਹੜਾ ਲੋਕਤੰਤਰ ਦੇ ਮੰਦਰ ਨੂੰ ਕਲੰਕਿਤ ਕਰਨ ਲੱਗਿਆ ਹੋਇਆ ਹੈ। ਕੀ ਅਸੀਂ ਇਹ ਲੜਾਈ ਲੜ ਰਹੇ ਹਾਂ ਜਾਂ ਫਿਰ ਆਪਣੇ ਢਿੱਡ ਦੀ ਅੱਗ ਬੁਝਾਉਣ ਲਈ ਸੰਘਰਸ਼ ਕਰਦੇ ਹਾਂ। ਇਹਨਾਂ ਸਵਾਲਾਂ ਦਾ ਜਵਾਬ ਸਾਨੂੰ ਲੱਭਣਾ ਪਵੇਗਾ। ਆਪਣੀ ਪੀੜ੍ਹੀ ਹੇਠ ਸੋਟਾ ਲਾਉਣਾ ਪਵੇਗਾ।

## ਸਾਹਿਤਕ ਸੰਸਥਾਵਾਂ ਦੀ ਆਪਸੀ ਖਿੱਚੋਤਾਣ :

# ਸਾਹਿਤ ਦਾ ਸਨਮਾਨ ਜਾਂ ਸੰਸਥਾਗਤ ਮੁਕਾਬਲੇ ਦੀ ਦੌੜ?



ਹਰਦਿਆਲ ਸਿੰਘ ਝੀਤਾ
ਫ਼ੋਨ : 647-409-8915

ਬਰੈਂਪਟਨ ਵਿੱਚ ਇਸ ਸਮੇਂ ਕਈ ਸਾਹਿਤਕ ਤੇ ਸੱਭਿਆਚਾਰਕ ਸੰਸਥਾਵਾਂ ਕੰਮ ਕਰ ਰਹੀਆਂ ਹਨ। ਪੰਜਾਬੀ ਬੋਲੀ ਤੇ ਭਾਸ਼ਾ ਨਾਲ ਸਬੰਧਿਤ ਸੰਸਥਾਵਾਂ ਦਾ ਮੁੱਖ-ਮੰਤਵ ਕੈਨੇਡਾ ਦੇ ਇਸ ਖਿੱਤੇ ਵਿੱਚ ਪੰਜਾਬੀ ਭਾਸਾ ਦਾ ਪ੍ਰਚਾਰ ਤੇ ਪਸਾਰ ਕਰਨਾ ਅਤੇ ਇਸ ਨੂੰ ਅਗਲੀਆਂ ਪੀੜ੍ਹੀਆਂ ਤੱਕ ਲਿਜਾਣਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਆਪੋ ਆਪਣੇ ਢੰਗਾਂ-ਤਰੀਕਿਆਂ ਨਾਲ ਉਹ ਇਸ ਸੁਹਿਰਦ ਕਾਰਜ ਵਿੱਚ ਜੁੱਟੀਆਂ ਹੋਈਆਂ ਹਨ। ਪਰ ਬਰੈਂਪਟਨ ਦੇ ਸਾਹਿਤਕ ਅਤੇ ਸੱਭਿਆਚਾਰਕ ਖੇਤਰ ਵਿੱਚ ਪਿਛਲੇ ਕੁਝ ਸਾਲਾਂ ਤੋਂ ਇੱਕ ਅਜਿਹਾ ਰੁਝਾਨ ਵੀ ਸਾਹਮਣੇ ਆ ਰਿਹਾ ਹੈ, ਜਿਸ ਉੱਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ। ਇਹ ਵੇਖਣ ਵਿੱਚ ਆਇਆ ਹੈ ਕਿ ਜਦੋਂ ਕੋਈ ਸੰਸਥਾ ਆਪਣੇ ਕਿਸੇ ਵੱਡੇ ਸਾਹਿਤਕ ਸਮਾਗਮ, ਕਾਨਫ਼ਰੰਸ ਜਾਂ ਵਿਸ਼ੇਸ਼ ਸਮਾਗਮ ਬਾਰੇ ਐਲਾਨ ਕਰਦੀ ਹੈ ਤਾਂ ਕਈ ਸੰਸਥਾਵਾਂ ਉਨ੍ਹਾਂ ਹੀ ਤਰੀਕਾਂ ਵਿੱਚ ਆਪਣੇ ਸਮਾਗਮ ਰੱਖ ਲੈਂਦੀਆਂ ਹਨ। ਅਜਿਹੀ ਹਾਲਤ ਵਿੱਚ ਪੰਜਾਬੀ ਭਾਸ਼ਾ ਤੇ ਸਾਹਿਤ ਵਿੱਚ ਦਿਲਚਸਪੀ ਰੱਖਣ ਵਲਿਆਂ ਲਈ ਇਹ ਫ਼ੈਸਲਾ ਕਰਨਾ ਮੁਸ਼ਕਲ ਹੋ ਜਾਂਦਾ ਹੈ ਕਿ ਉਹ ਕਿਹੜੇ ਸਮਾਗਮ 'ਚ ਜਾਣ ਤੇ ਕਿਹੜਾ ਛੱਡਣ। ਸਾਹਿਤਕ ਸੰਸਥਾਵਾਂ ਅਕਸਰ ਇੱਕੋ ਜਿਹੇ ਸਾਹਿਤਕ ਮਾਹੌਲ ਅਤੇ ਭਾਈਚਾਰੇ ਵਿੱਚੋਂ ਜਨਮ ਲੈਂਦੀਆਂ ਹਨ। ਕਈ ਵਾਰ ਕਿਸੇ ਪੁਰਾਣੀ ਸੰਸਥਾ ਦੇ ਮੈਂਬਰਾਂ ਵਿੱਚੋਂ ਹੀ ਕਈ ਨਵੀਂ ਸੰਸਥਾ ਬਣਾਉਂਦੇ ਹਨ ਅਤਤੇ ਕਈ ਵਾਰ ਵਿਚਾਰਾਂ ਦੇ ਫ਼ਰਕ, ਪ੍ਰਬੰਧਕੀ ਕਾਰਨਾਂ ਜਾਂ ਕੰਮ ਕਰਨ ਦੇ ਵੱਖਰੇ ਢੰਗਾਂ ਕਾਰਨ ਨਵਾਂ ਮੰਚ ਹੋਂਦ ਵਿੱਚ ਆਉਂਦਾ ਹੈ। ਇਹ ਕੋਈ ਅਣਹੋਣੀ ਜਾਂ ਜੱਗੋਂ ਤੇਰ੍ਹਵੀ ਗੱਲ ਨਹੀਂ ਹੈ। ਇਹ ਪਿਛਲੇ ਸਮੇਂ 'ਚ ਹੁੰਦਾ ਆਇਆ ਹੈ ਅਤੇ ਅੱਗੋਂ ਵੀ ਇਹ ਚੱਲਦਾ ਰਹੇਗਾ। ਹਰ ਨਵੀਂ ਸੰਸਥਾ ਨੂੰ ਆਪਣੀ ਪਛਾਣ ਬਣਾਉਣ ਅਤੇ ਆਪਣਾ ਕੰਮ ਕਰਨ ਦਾ ਹੱਕ ਹੈ। ਪਰ ਵੇਖਣ ਵਾਲੀ ਗੱਲ ਹੈ ਕਿ ਕਿਧਰੇ ਨਵੀਂ ਸੰਸਥਾ ਦਾ ਜਨਮ ਪੁਰਾਣੀ ਸੰਸਥਾ ਨਾਲ 'ਲਾਗ-ਡਾਟ' ਜਾਂ 'ਦੁਸ਼ਮਣੀ' ਦਾ ਕਾਰਨ ਤਾਂ ਨਹੀਂ ਬਣ ਜਾਂਦੀ। ਪੁਰਾਣੀ ਸੰਸਥਾ ਨੂੰ ਵੀ ਨਵੀਂ ਸੰਸਥਾ ਨੂੰ ਆਪਣਾ ਮੁਕਾਬਲੇਬਾਜ਼ੀ ਵਾਲੀ ਸਮਝਣ ਦੀ ਥਾਂ ਇੱਕ ਹੋਰ ਨਵੇਂ ਸਾਹਿਤਕ ਮੰਚ ਵਜੋਂ ਵੇਖਣਾ ਚਾਹੀਦਾ ਹੈ। ਇਹ ਬਿਲਕੁਲ ਇਵੇਂ ਹੀ ਹੈ, ਜਿਵੇਂ ਸਮਾਜਿਕ ਜੀਵਨ ਵਿੱਚ ਵਿਚਰਦਿਆਂ ਇੱਕ ਪਰਿਵਾਰ ਦੇ ਦੋ ਭਰਾ ਵੱਖਰੇ ਘਰ ਬਣਾ ਲੈਂਦੇ ਹਨ। ਪਰ ਵੱਖਰੇ ਹੋ ਕੇ ਕੀ ਉਹ ਇੱਕ ਦੂਜੇ ਦੇ ਦੁਸ਼ਮਣ ਹੋ ਜਾਂਦੇ ਹਨ? ਇਹ ਜ਼ਰੂਰੀ ਨਹੀਂ ਹੈ। ਫਿਰ ਸਾਹਿਤਕ ਪਰਿਵਾਰ ਵਿੱਚ ਇਹ ਵੈਰ-ਵਿਰੋਧ ਕਿਉਂ? ਸੰਸਥਾਵਾਂ ਵੱਖਰੀਆਂ ਹੋ ਸਕਦੀਆਂ ਹਨ, ਪਰ ਸਾਡਾ ਸਾਹਿਤ ਸਾਂਝਾ ਹੈ। ਮੰਚ ਵੱਖਰੇ ਹੋ ਸਕਦੇ ਹਨ, ਪਰ ਸਾਡੀ ਭਾਸ਼ਾ ਸਾਂਝੀ ਹੈ। ਇਨ੍ਹਾਂ ਸੰਸਥਾਵਾਂ ਵਿੱਚ ਅਹੁਦੇ ਵੱਖਰੇ ਹੋ ਸਕਦੇ ਹਨ, ਪਰ ਪੰਜਾਬੀ ਸਾਹਿਤ ਦੀ ਜ਼ਿੰਮੇਵਾਰੀ ਸਾਡੇ ਸਾਰਿਆਂ ਦੀ ਸਾਂਝੀ ਹੈ। ਸਾਂਝੀ ਤਾਕਤ ਨਾਲ ਹੀ ਕੋਈ ਵੱਡਾ ਵੱਡਾ ਕੰਮ ਸੰਭਵ ਹੁੰਦਾ ਹੈ। ਵੇਖਿਆ ਜਾਵੇ ਤਾਂ ਬਰੈਂਪਟਨ ਵਿੱਚ ਇਸ ਸਮੇਂ 6-7 ਸਾਹਿਤਕ ਸੰਸਥਾਵਾਂ ਕਾਰਜਸ਼ੀਲ ਹਨ। ਹਰੇਕ ਸੰਸਥਾ ਆਪਣੀ ਵਿੱਤ ਅਨੁਸਾਰ ਪੰਜਾਬੀ ਬੋਲੀ ਅਤੇ ਪੰਜਾਬੀ ਸਾਹਿਤ ਨੂੰ ਅੱਗੇ ਵਧਾਉਣ ਲਈ ਵਧੀਆ ਯੋਗਦਾਨ ਪਾ ਰਹੀ ਹੈ। ਅੱਜ ਲੋੜ ਇਸ ਗੱਲ ਦੀ ਹੈ ਕਿ ਬਰੈਂਪਟਨ ਦੀਆਂ ਇਹ ਸਾਰੀਆਂ ਪੰਜਾਬੀ ਸਾਹਿਤਕ ਸੰਸਥਾਵਾਂ ਇੱਕ ਸਾਂਝਾ ਸਲਾਨਾ ਕੈਲੰਡਰ ਬਣਾਉਣ ਅਤੇ ਉਸਦੇ ਅਨੁਸਾਰ ਹੀ ਉਹ ਆਪਣੇ ਵੱਡੇ ਸਮਾਗਮਾਂ ਦੀਆਂ ਤਰੀਕਾਂ ਆਪਸੀ ਸਲਾਹ-ਮਸ਼ਵਰੇ ਨਾਲ ਤੈਅ ਕਰਨ ਤੇ ਇੱਕ ਦੂਜੇ ਦੇ ਪ੍ਰੋਗਰਾਮਾਂ ਵਿੱਚ ਵੱਧ ਚੜ੍ਹ ਕੇ ਸਹਿਯੋਗ ਦੇਣ। ਜਿੱਥੋਂ ਤੱਕ ਸੰਭਵ ਹੋ ਸਕੇ, ਸਾਂਝੇ ਮੰਚ ਬਣਾਏ ਜਾਣ ਅਤਤੇ ਸਾਹਿਤ ਸਭਾਵਾਂ ਕਵੀਆਂ, ਲੇਖਕਾਂ ਅਤੇ ਸਰੋਤਿਆਂ ਨੂੰ ਵੰਡਣ ਦੀ ਥਾਂ ਜੋੜਨ ਦੀ ਕੋਸ਼ਿਸ਼ ਕਰਨ। ਜੇਕਰ ਦੋ ਸੰਸਥਾਵਾਂ ਦੇ ਵਿਚਾਰ ਵੱਖੋ-ਵੱਖਰੇ ਹਨ, ਤਾਂ ਉਹ ਆਪਣੇ ਵੱਖਰੇ ਪ੍ਰੋਗਰਾਮ ਕਰ ਸਕਦੀਆਂ ਹਨ। ਪਰ ਇਹ ਵੱਖਰਾਪਨ ਸਿਹਤਮੰਦ ਹੋਵੇ, ਵਿਰੋਧੀ ਨਹੀਂ। ਮੁਕਾਬਲਾ ਰਚਨਾਤਮਕ ਹੋਵੇ, ਦੂਸਰੇ ਨੂੰ ਢਾਹ ਲਾਉਣ ਵਾਲਾ ਨਹੀਂ। ਆਪਣੀ ਪਛਾਣ ਬਣਾਉਣ ਲਈ ਦੂਜੇ ਦੀ ਪਛਾਣ ਮਿਟਾਉਣ ਦੀ ਲੋੜ ਨਹੀਂ ਹੁੰਦੀ। ਇੱਕ ਵੱਡੀ ਕਾਨਫਰੰਸ ਵਿੱਚ ਦੂਜੀ ਸੰਸਥਾ ਦੇ ਪ੍ਰਤੀਨਿਧੀਆਂ ਨੂੰ ਸੱਦਾ ਦੇਣਾ, ਇੱਕ ਦੂਜੇ ਦੇ ਸਮਾਗਮਾਂ ਦੀ ਜਾਣਕਾਰੀ ਸਾਂਝੀ ਕਰਨਾ, ਸਾਂਝੇ ਤੌਰ 'ਤੇ ਕਵੀ ਦਰਬਾਰ ਕਰਵਾਉਣਾ,ਆਦਿ ਇਹ ਕਦਮ ਕਿਸੇ ਦੀ ਹਾਰ ਨਹੀਂ, ਸਗੋਂ ਇਹ ਸਾਹਿਤ ਦੀ ਜਿੱਤ ਸਾਬਤ ਹੋ ਸਕਦੇ ਹਨ।

ਅੰਤ ਵਿੱਚ ਮੈਂ ਇਹੋ ਕਹਿਣਾ ਚਾਹਾਂਗਾ ਕਿ ਕਿਸੇ ਵੀ ਸੰਸਥਾ ਨੂੰ ਆਪਣਾ ਪ੍ਰੋਗਰਾਮ ਕਰਨ ਤੋਂ ਰੋਕਿਆ ਨਹੀਂ ਜਾ ਸਕਦਾ ਅਤੇ ਨਾ ਹੀ ਰੋਕਣਾ ਬਣਦਾ ਹੈ। ਹਰ ਸੰਸਥਾ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਅਤੇ ਸਾਹਿਤਕ ਗਤੀਵਿਧੀਆਂ ਕਰਵਾਉਣ ਦੀ ਆਜ਼ਾਦੀ ਹੈ। ਪਰ ਆਜ਼ਾਦੀ ਦੇ ਨਾਲ ਅਹਿਮ ਜ਼ਿੰਮੇਵਾਰੀ ਵੀ ਬਣਦੀ ਹੈ। ਦੂਸਰੀ ਸੰਸਥਾ ਦੇ ਪ੍ਰੋਗਰਾਮ ਦੀ ਤਰੀਕ ਜਾਣਦੇ ਹੋਏ ਉਸੇ ਦਿਨ ਆਪਣਾ ਸਮਾਗਮ ਰੱਖਣਾ ਜੇਕਰ ਕਿਸੇ ਨੂੰ ਨੁਕਸਾਨ ਪਹੁੰਚਾਉਣ ਦੀ ਨੀਅਤ ਨਾਲ ਕੀਤਾ ਜਾਂਦਾ ਹੈ, ਤਾਂ ਇਹ ਸਾਹਿਤਕ ਸਹਿਯੋਗ ਤੇ ਸਦਭਾਵਨਾ ਦੇ ਉਲਟ ਹੈ। ਇਸ ਲਿਖਤ ਦਾ ਮਕਸਦ ਕਿਸੇ ਨੂੰ ਨੀਵਾਂ ਦਿਖਾਉਣਾ ਨਹੀਂ ਹੈ, ਸਗੋਂ ਇੱਕ ਅਜਿਹਾ ਮਾਹੌਲ ਤਿਆਰ ਕਰਨਾ ਹੈ, ਜਿੱਥੇ ਹਰ ਸੰਸਥਾ ਆਪਣਾ ਕੰਮ ਕਰੇ, ਹਰ ਕਵੀ ਆਪਣੀ ਕਵਿਤਾ ਪੜ੍ਹੇ, ਹਰ ਸਰੋਤਾ ਸਾਹਿਤ ਦਾ ਆਨੰਦ ਮਾਣੇ ਅਤੇ ਪੰਜਾਬੀ ਭਾਸ਼ਾ ਦਾ ਮਾਣ ਵਧੇ। ਅੱਜ ਜੇਕਰ ਇਸ ਤਰ੍ਹਾਂ ਦਾ ਕੁਝ ਕਰ ਸਕੀਏ ਤਾਂ ਅਸੀਂ ਸੰਸਥਾਵਾਂ ਦੇ ਮੰਚ ਵੱਡੇ ਕਰਨ ਦੀ ਥਾਂ 'ਸਾਹਿਤ ਦਾ ਮੰਚ' ਵੱਡਾ ਕਰੀਏ, ਕਿਉਂਕਿ ਇਤਿਹਾਸ ਸਾਨੂੰ ਇਹ ਨਹੀਂ ਪੁੱਛੇਗਾ ਕਿ ਕਿਸ ਸੰਸਥਾ ਨੇ ਕਿਸੇ ਹੋਰ ਸੰਸਥਾ ਦੇ ਸਮਾਗਮ ਵਾਲੇ ਦਿਨ ਆਪਣਾ ਪ੍ਰੋਗਰਾਮ ਰੱਖਿਆ ਸੀ। ਅਲਬੱਤਾ, ਇਤਿਹਾਸ ਇਹ ਜ਼ਰੂਰ ਯਾਦ ਰੱਖੇਗਾ ਕਿ ਵਿਦੇਸ਼ੀ ਧਰਤੀ ਉੱਤੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਲਈ ਅਸੀਂ ਕਿੰਨਾ ਕੁ ਸਾਂਝਾ ਕੰਮ ਕੀਤਾ ਅਤੇ ਸਾਡਾ ਹਾਸਿਲ ਕੀ ਹੈ।

## ਐਡਵਾਂਸਮੈਂਟ ਦੀ ਕਹਾਣੀ

ਅਡਵਾਂਸਮੈਂਟ ਦੀ ਕਹਾਣੀ ਦੇਖੋ,
ਦੁਨੀਆ ਹੋਈ ਸਿਆਣੀ ਦੇਖੋ।
ਬੱਚੇ ਮਾਪਿਆਂ ਨੂੰ ਕਹਿਣ ਦੇਖੋ,
ਮੰਮੀ ਪਾਪਾ ਵ੍ਹਟਸਐਪ ਚਲਾਉਣਾ ਸਿੱਖੋ।

ਆਨਲਾਈਨ ਕੁਝ ਮੰਗਵਾਉਣਾ ਸਿੱਖੋ,
ਆਧੁਨਿਕੀਕਰਨ ਨਾਲ ਚੱਲਣਾ ਸਿੱਖੋ।

ਚਿੱਠੀਆਂ ਵਾਲਾ ਵੇਲਾ ਲੰਘਿਆ,
ਹੁਣ ਤਾਂ ਫ਼ੋਨ 'ਤੇ ਸੁਨੇਹਾ ਮੰਗਿਆ।

ਦੂਰ ਬੈਠੇ ਵੀ ਕੋਲ ਜਾਪਦੇ,
ਬੱਚੇ ਹੁਣ ਸਭ ਦੇ ਦੁੱਖ-ਸੁੱਖ ਨਾਪਦੇ।
ਘਰ ਬੈਠੇ ਹੀ ਬਿੱਲ ਭਰ ਹੋ ਜਾਂਦੇ,
ਬੈਂਕਾਂ ਦੇ ਚੱਕਰ ਵੀ ਮੁੱਕ ਜਾਂਦੇ।

ਹੁਣ ਪੈਸੇ ਨਾ ਕੋਈ ਬੋਝੇ ਪਾਵੇ,
ਮੋਬਾਈਲ ਤੋਂ ਹੀ ਸਭ ਕੰਮ ਚੱਲ ਜਾਵੇ।

ਦੁਨੀਆ ਸਾਰੀ ਮੁੱਠੀ ਵਿੱਚ ਆਈ,
ਵਿਗਿਆਨ ਨੇ ਐਸੀ ਖੇਡ ਰਚਾਈ।

ਨਵੀਂ ਸਦੀ ਦਾ ਨਵਾਂ ਨਜ਼ਾਰਾ,
ਬਦਲ ਗਿਆ ਹੈ ਜੱਗ ਇਹ ਸਾਰਾ।

ਪਰਮਬੀਰ ਕੌਰ ਰਿਆੜ

CANADIAN TRUCK TRAINING CENTRE






ਤਸੱਲੀਬਖ਼ਸ਼ ਸੇਵਾਵਾਂ ਲਈ
ਹਰਪਾਲ ਸਿੰਘ ਮਾਨ
* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662



UNIVERSAL MORTGAGES
CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

## ਉੜਤਾ ਪੰਜਾਬ

# 25 ਵਰ੍ਹਿਆਂ 'ਚ 2.46 ਲੱਖ ਕੇਸ ਦਰਜ



ਚਰਨਜੀਤ ਭੁੱਲਰ



ਚੰਡੀਗੜ੍ਹ : ਪੰਜਾਬ 'ਚ ਬੀਤੇ ਢਾਈ ਦਹਾਕਿਆਂ ਦੌਰਾਨ ਨਸ਼ਾ ਤਸਕਰੀ ਦੇ ਕਰੀਬ 2.46 ਲੱਖ ਕੇਸ ਦਰਜ ਹੋਏ ਹਨ। ਪਿਛਲੇ ਕੁਝ ਵਰ੍ਹਿਆਂ 'ਚ ਪੰਜਾਬ ਐੱਨ ਡੀ ਪੀ ਐੱਸ ਕੇਸਾਂ ਦੇ ਮਾਮਲੇ 'ਚ ਸਮੁੱਚੇ ਦੇਸ਼ 'ਚੋਂ ਦੂਜੇ ਜਾਂ ਤੀਜੇ ਨੰਬਰ 'ਤੇ ਰਿਹਾ ਹੈ। ਪੰਜਾਬ 'ਚ ਐੱਨ ਡੀ ਪੀ ਐੱਸ ਦੇ ਕੇਸਾਂ ਦਾ ਅੰਕੜਾ ਵੀ ਸਿਖਰ ਛੋਹਦਾ ਰਿਹਾ ਹੈ ਪਰ ਓਵਰਡੋਜ਼ ਨਾਲ ਮੌਤਾਂ 'ਚ ਵੀ ਵੱਡੀ ਕਮੀ ਨਹੀਂ ਆਈ। ਹੁਣ ਜਦੋਂ ਪੰਜਾਬ 'ਚ ਚੋਣਾਂ ਬਰੂਹਾਂ 'ਤੇ ਹਨ ਤਾਂ ਹਰ ਸਿਆਸੀ ਧਿਰ ਨਸ਼ੇ ਦੇ ਮੁੱਦੇ ਨੂੰ ਉਛਾਲ ਰਹੀ ਹੈ। ਸੱਤਾਧਾਰੀ ਧਿਰ 'ਯੁੱਧ ਨਸ਼ਿਆਂ ਵਿਰੁੱਧ' ਦੀ ਪ੍ਰਾਪਤੀ ਦਾ ਗੁਣਗਾਨ ਕਰ ਰਹੀ ਹੈ ਜਦਕਿ ਵਿਰੋਧੀ ਧਿਰਾਂ ਨਸ਼ਿਆਂ ਨਾਲ ਹੋ ਰਹੀਆਂ ਮੌਤਾਂ ਦਾ ਅੰਕੜਾ ਦਿਖਾ ਕੇ ਘੇਰਾਬੰਦੀ ਕਰ ਰਹੀਆਂ ਹਨ। ਅਜਿਹਾ ਚੌਥੀ ਵਾਰ ਹੋਵੇਗਾ ਜਦੋਂ ਵਿਧਾਨ ਸਭਾ ਚੋਣਾਂ 'ਚ ਨਸ਼ਿਆਂ ਦਾ ਮੁੱਦਾ ਭਾਰੂ ਰਹੇਗਾ। ਜਨਵਰੀ 2002 ਤੋਂ ਹੁਣ ਤੱਕ ਸੂਬੇ 'ਚ ਐੱਨ ਡੀ ਪੀ ਐੱਸ ਐਕਟ ਤਹਿਤ 2,45,995 ਕੇਸ ਦਰਜ ਹੋ ਚੁੱਕੇ ਹਨ।

ਜਦੋਂ ਅਮਰਿੰਦਰ ਸਰਕਾਰ ਦੀ ਪਹਿਲੀ ਪਾਰੀ (2002-07) ਸੀ ਤਾਂ ਪੰਜ ਵਰ੍ਹਿਆਂ 'ਚ ਐੱਨ ਡੀ ਪੀ ਐੱਸ ਐਕਟ ਤਹਿਤ 15,990 ਕੇਸ ਦਰਜ ਹੋਏ ਸਨ ਜੋ ਪ੍ਰਤੀ ਦਿਨ ਔਸਤਨ 9 ਕੇਸ ਬਣਦੇ ਹਨ। ਉਸ ਮਗਰੋਂ ਅਕਾਲੀ-ਭਾਜਪਾ ਗੱਠਜੋੜ ਦੀ ਹਕੂਮਤ (2007-2012) ਦੌਰਾਨ ਕੇਸਾਂ ਦਾ ਅੰਕੜਾ ਇਕਦਮ ਵਧ ਕੇ 27,348 ਹੋ ਗਿਆ ਸੀ। ਇਸ ਸਮੇਂ ਦੌਰਾਨ ਪ੍ਰਤੀ ਦਿਨ ਔਸਤਨ 15 ਕੇਸ ਦਰਜ ਹੁੰਦੇ ਰਹੇ। ਗੱਠਜੋੜ ਦੀ ਅਗਲੀ ਪਾਰੀ (2012-2017) ਦੌਰਾਨ ਅੰਕੜਾ ਦੁੱਗਣਾ ਹੋ ਗਿਆ, ਭਾਵ ਇਨ੍ਹਾਂ ਪੰਜ ਸਾਲਾਂ 'ਚ 55,402 ਕੇਸ ਦਰਜ ਕੀਤੇ ਗਏ। ਕੈਪਟਨ ਅਮਰਿੰਦਰ ਸਿੰਘ ਦੀ ਦੂਜੀ ਪਾਰੀ (2017-22) ਦੌਰਾਨ 52,427 ਕੇਸ ਦਰਜ ਹੋਏ ਸਨ ਜੋ ਪ੍ਰਤੀ ਦਿਨ ਔਸਤਨ 29 ਕੇਸ ਬਣਦੇ ਸਨ। ਮੌਜੂਦਾ 'ਆਪ' ਸਰਕਾਰ ਨੇ ਹੁਣ ਤੱਕ 94,828 ਕੇਸ ਐੱਨ ਡੀ ਪੀ ਐੱਸ ਐਕਟ ਤਹਿਤ ਦਰਜ ਕੀਤੇ ਹਨ ਜੋ ਪ੍ਰਤੀ ਦਿਨ ਔਸਤਨ 58 ਕੇਸ ਬਣਦੇ ਹਨ।

ਪੰਜਾਬ 'ਚ ਸਾਲ 2012 ਦੀਆਂ ਅਸੈਂਬਲੀ ਚੋਣਾਂ ਸਮੇਂ ਨਸ਼ਿਆਂ ਦਾ ਮੁੱਦਾ ਭਖਣ ਲੱਗ ਪਿਆ ਸੀ ਅਤੇ 2014 ਦੀਆਂ ਲੋਕ ਸਭਾ ਚੋਣਾਂ 'ਚ ਇਹ ਮੁੱਦਾ ਪੂਰੀ ਤਰ੍ਹਾਂ ਛਾਇਆ ਰਿਹਾ। ਕਾਂਗਰਸ ਆਗੂ ਰਾਹੁਲ ਗਾਂਧੀ ਨੇ ਨਸ਼ਿਆਂ ਖ਼ਿਲਾਫ਼ ਬਿਆਨ ਦਾਗ਼ ਕੇ ਇਸ ਮੁੱਦੇ ਨੂੰ ਹਵਾ ਦੇ ਦਿੱਤੀ ਸੀ। ਸਾਲ 2014 'ਚ ਸਭ ਤੋਂ ਵੱਧ 14,654 ਕੇਸ ਨਸ਼ਿਆਂ ਨੂੰ ਲੈ ਕੇ ਦਰਜ ਹੋਏ ਸਨ। ਅਮਰਿੰਦਰ ਸਰਕਾਰ ਨੇ ਆਪਣੇ ਕਾਰਜਕਾਲ ਦੇ ਪਹਿਲੇ ਸਾਲ ਦੌਰਾਨ ਸਭ ਤੋਂ ਵੱਧ 12,356 ਪੁਲੀਸ ਕੇਸ ਦਰਜ ਕੀਤੇ ਸਨ। ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਨਸ਼ਾ ਚਾਰ ਹਫ਼ਤਿਆਂ 'ਚ ਖ਼ਤਮ ਕੀਤੇ ਜਾਣ ਦੀ ਗੁਟਕਾ ਸਾਹਿਬ ਦੀ ਸਹੁੰ ਚੁੱਕੀ ਸੀ। ਇਸੇ ਤਰ੍ਹਾਂ ਸਾਲ 2022 ਦੀਆਂ ਚੋਣਾਂ ਤੋਂ ਪਹਿਲਾਂ 'ਆਪ' ਦੇ ਕੌਮੀ ਕਨਵੀਨਰ ਨੇ ਚਾਰ ਮਹੀਨਿਆਂ 'ਚ ਨਸ਼ਾ ਖ਼ਤਮ ਕਰਨ ਦੀ ਗੱਲ ਆਖੀ ਸੀ। ਐਤਕੀਂ ਪੰਜਾਬ ਭਾਜਪਾ ਨੇ ਸਾਰਾ ਨਸ਼ਾ ਖ਼ਤਮ ਕਰਨ ਦਾ ਨਾਅਰਾ ਦਿੱਤਾ ਹੈ। ਵਿਰੋਧੀ ਧਿਰਾਂ ਵੱਲੋਂ ਹੁਣ ਨਸ਼ਿਆਂ ਦੀ ਹੋਮ ਡਲਿਵਰੀ ਹੋਣ ਦੀ ਗੱਲ ਆਖੀ ਜਾ ਰਹੀ ਹੈ ਜਦੋਂ ਕਿ 'ਆਪ' ਸਰਕਾਰ ਨਸ਼ਾ ਤਸਕਰਾਂ ਖ਼ਿਲਾਫ਼ ਚੁੱਕੇ ਗਏ ਸਖ਼ਤ ਕਦਮਾਂ ਦੀ ਚਰਚਾ ਕਰ ਰਹੀ ਹੈ। ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਆਖ ਚੁੱਕੇ ਹਨ ਕਿ ਚਿੱਟਾ ਪੂਰੀ ਤਰ੍ਹਾਂ ਖ਼ਤਮ ਨਹੀਂ ਕੀਤਾ ਜਾ ਸਕਿਆ ਹੈ ਅਤੇ 'ਆਪ' ਪ੍ਰਧਾਨ ਅਮਨ ਅਰੋੜਾ ਮੁਤਾਬਕ ਉਨ੍ਹਾਂ ਨਸ਼ਿਆਂ ਦੇ ਖ਼ਾਤਮੇ ਦੀ ਕੋਸ਼ਿਸ਼ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਮੌਜੂਦਾ ਸਰਕਾਰ ਨੇ ਡਰੱਗ ਸਰਵੇਖਣ ਵੀ ਹਾਲ 'ਚ ਹੀ ਮੁਕੰਮਲ ਕੀਤਾ ਹੈ। ਕਾਨੂੰਨੀ ਮਾਹਿਰ ਆਖਦੇ ਹਨ ਕਿ ਪੰਜਾਬ ਸਰਕਾਰ ਨੇ ਡੋਪ ਟੈਸਟ ਦੇ ਆਧਾਰ 'ਤੇ ਵੀ ਪੁਲੀਸ ਕੇਸ ਦਰਜ ਕੀਤੇ ਹਨ ਅਤੇ ਵੱਡੀ ਗਿਣਤੀ 'ਚ ਨਸ਼ੇੜੀ ਪੁਲੀਸ ਕੇਸਾਂ ਦੀ ਮਾਰ ਹੇਠ ਆਏ ਹਨ। ਪੰਜਾਬ ਸਰਕਾਰ ਨੇ ਅਜਿਹੇ ਕੇਸਾਂ ਦੀ ਗਿਣਤੀ ਕਰਾਈ ਹੈ ਜਿਨ੍ਹਾਂ 'ਚ ਵੱਡੀ ਮਾਤਰਾ 'ਚ ਨਸ਼ਿਆਂ ਦੀ ਰਿਕਵਰੀ ਹੋਈ ਹੈ। ਤਸਕਰਾਂ ਦੇ ਘਰ ਢਾਹੁਣ ਦੀ ਕਾਰਵਾਈ ਤੋਂ ਇਲਾਵਾ ਜਾਇਦਾਦਾਂ ਜ਼ਬਤ ਕੀਤੇ ਜਾਣ ਦਾ ਤਰਕ ਸਰਕਾਰ ਦੇ ਰਹੀ ਹੈ। ਸੰਗਰੂਰ ਦੇ ਪਿੰਡ ਤੂਰਬੰਜਾਰਾ ਦੇ ਮਜ਼ਦੂਰ ਗੁਲਜ਼ਾਰ ਸਿੰਘ ਦੀ ਮੌਤ ਨੇ ਨਸ਼ਿਆਂ ਦੇ ਮੁੱਦੇ ਨੂੰ ਕੇਂਦਰ ਬਿੰਦੂ 'ਚ ਲਿਆਂਦਾ ਹੈ। ਮੌਜੂਦਾ ਹਾਲਾਤ ਤੋਂ ਜਾਪਦਾ ਹੈ ਕਿ ਆਗਾਮੀ ਚੋਣਾਂ 'ਚ ਨਸ਼ਿਆਂ ਦੇ ਮੁੱਦੇ ਦੀ ਗੂੰਜ ਪਵੇਗੀ। ਪੰਜਾਬ ਦੇ ਸਾਬਕਾ ਸੀਨੀਅਰ ਐਡੀਸ਼ਨਲ ਐਡਵੋਕੇਟ ਜਨਰਲ ਐਡਵੋਕੇਟ ਜਗਦੇਵ ਸਿੰਘ ਭੰਦੋਹਲ ਦਾ ਕਹਿਣਾ ਹੈ ਕਿ ਸਿਆਸੀ ਜਮਾਤ 'ਚ ਹੁਣ ਨਸ਼ਿਆਂ ਖ਼ਿਲਾਫ਼ ਡਟਣ ਦੀ ਇੱਛਾ ਸ਼ਕਤੀ ਨਹੀਂ ਰਹੀ ਅਤੇ ਪੁਲੀਸ ਦੇ ਕੰਮ 'ਚ ਸਿਆਸੀ ਦਖ਼ਲ ਨੇ ਸਮੁੱਚੀ ਖੇਡ ਵਿਗਾੜ ਦਿੱਤੀ ਹੈ। ਨਸ਼ਿਆਂ ਖ਼ਿਲਾਫ਼ ਲੜਾਈ ਲਈ ਸ਼ਿੱਦਤ ਤੇ ਜਨੂੰਨ ਦੀ ਲੋੜ ਹੈ ਅਤੇ ਅੰਕੜੇ ਮਾਅਨੇ ਨਹੀਂ ਰੱਖਦੇ ਹਨ। ਸਭ ਧਿਰਾਂ ਨੂੰ ਦਿਖਾਵੇ ਦੀ ਥਾਂ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ।

## ਮਾਂ-ਬੋਲੀ ਪੰਜਾਬੀ ਮੇਰਾ ਮਾਣ

ਮਾਂ ਦੀ ਮਿੱਠੀ ਲੋਰੀ ਵਰਗੀ, ਮਿੱਠੀ ਮੇਰੀ ਬੋਲੀ,
ਦਿਲ ਦੇ ਭੇਤ ਸੁਣਾ ਦਿੰਦੀ, ਹਰ ਗੱਲ ਇਸ ਵਿੱਚ ਖੋਲੀ।

ਪਹਿਲਾ ਸ਼ਬਦ ਜੋ ਮੂੰਹੋਂ ਨਿਕਲਿਆ, ਮਾਂ ਨੇ ਮੈਨੂੰ ਸਿਖਾਇਆ,
ਇਸੇ ਬੋਲੀ ਨੇ ਹੱਸਣਾ, ਰੋਣਾ, ਪਿਆਰ ਕਰਨਾ ਸਮਝਾਇਆ।

ਪੰਜਾਬ ਦੀ ਮਿੱਟੀ ਦੀ ਖੁਸ਼ਬੂ, ਇਸ ਵਿੱਚ ਵੱਸਦੀ ਸਾਰੀ,
ਇਸ ਦੇ ਬੋਲਾਂ ਵਿੱਚ ਦਿਸਦੀ, ਸਾਡੀ ਰੂਹ ਪਿਆਰੀ।

ਗੁਰੂਆਂ ਦੀ ਬਾਣੀ ਦਾ ਸੁਨੇਹਾ, ਇਸ ਨੇ ਸਾਡੇ ਤੱਕ ਲਿਆਂਦਾ,
ਵਾਰਸਾਂ ਦੀ ਸੋਚ ਤੇ ਸੱਭਿਆਚਾਰ ਦਾ, ਦੀਵਾ ਦਿਲ ਵਿੱਚ ਜਗਾਇਆ।

ਦੁਨੀਆ ਦੀਆਂ ਬੋਲੀਆਂ ਸਿੱਖੀਏ, ਗਿਆਨ ਦੇ ਰਾਹ ਖੋਲ੍ਹੀਏ,
ਪਰ ਆਪਣੀ ਮਾਂ-ਬੋਲੀ ਨੂੰ, ਕਦੇ ਨਾ ਦਿਲੋਂ ਭੁੱਲੀਏ।

ਘਰ-ਘਰ ਪੰਜਾਬੀ ਬੋਲੀਏ, ਬੱਚਿਆਂ ਨੂੰ ਵੀ ਸਿਖਾਈਏ,
ਆਪਣੀ ਮਿੱਠੀ ਮਾਂ-ਬੋਲੀ ਨੂੰ, ਮਾਣ ਨਾਲ ਅਪਣਾਈਏ।

ਇਹ ਸਿਰਫ਼ ਬੋਲੀ ਨਹੀਂ, ਇਹ ਸਾਡੀ ਪਹਿਚਾਣ,
ਇਸ ਦੇ ਹਰ ਇੱਕ ਅੱਖਰ ਉੱਤੇ, ਸਾਨੂੰ ਰਹੇ ਮਾਣ।

ਮਾਂ-ਬੋਲੀ ਜਿਉਂਦੀ ਰਹੇ, ਜਿਉਂਦਾ ਰਹੇ ਪੰਜਾਬ,
ਆਪਣੀ ਬੋਲੀ ਨਾਲ ਜੁੜਿਆ ਰਹੇ, ਹਰ ਦਿਲ ਤੇ ਹਰ ਖ਼ਵਾਬ।

ਸਤਵਿੰਦਰ ਕੌਰ ਕਹਿੰਦੀ ਹੈ—
ਜਿਸਨੂੰ ਆਪਣੀ ਬੋਲੀ ਨਾਲ ਪਿਆਰ,
ਉਸਦਾ ਵਿਰਸਾ ਰਹੇ ਸਦਾ ਸਾਕਾਰ।

ਸਤਵਿੰਦਰ ਕੌਰ

## ਹੁਨਰਮੰਦ... !

ਇੰਝ ਤਾਂ ਸਿਰਫ਼
ਨਮੋਸ਼ੀ ਹੀ ਮਿਲਣੀ।
ਤੇਰਾ ਤਰੀਕਾ
ਤੇਰਾ ਸਲੀਕਾ
ਇੰਝ ਨਹੀਂ ਬਰਦਾਸ਼ਤ ਕਰੇਗਾ
ਤੇਰਾ ਸ਼ਰੀਕਾ।
ਤੈਨੂੰ ਹੋਣਾ ਪੈਣਾ ਹੁਨਰਮੰਦ
ਤੇ ਵਰਤਣੇ ਪੈਣੇ ਹਥਕੰਡੇ ਵੀ
ਇਸ ਕਿਲੇ ਨੂੰ ਭੇਦਣਾ
ਨਹੀਂ ਆਸਾਨ ਕੰਮ ਕੋਈ
ਸ਼ਾਹ-ਸਵਾਰ ਬਣਨ ਲਈ
ਮਿੱਟੀ ਦੇ ਘੋੜਿਆਂ ਦੀ ਨਹੀਂ
ਅਸਲੀ ਘੋੜਿਆਂ ਦੀ ਸਵਾਰੀ
ਨਸਲੀ ਘੋੜਿਆਂ ਦੀ ਸਵਾਰੀ ਕਰਨੀ ਪੈਂਦੀ
ਤੇ ਡਿਗਣਾ ਵੀ ਪੈਂਦੈ ਕਈ ਵਾਰ।
ਵਿਚਾਰਾ ਨਾ ਬਣ
ਵਿਚਾਰ ਕਰ
ਉੱਚੇ ਕੱਦ ਵਾਲਿਆਂ ਸੰਗ ਚਲਣਾ
ਤਾਂ ਥੋੜਾ ਕੱਦ ਵਧਾ
ਉੱਚੀ ਅੱਡੀ ਵਾਲੇ ਬੂਟਾਂ ਨਾਲ
ਵੱਡਾ ਦਿਖਦਾ ਜਰੂਰ ਬੰਦਾ
ਪਰ ਹੁੰਦਾ ਤਾਂ ਨਹੀਂ।

– ਗੁਰਚਰਨ ਸਿੰਘ 'ਜੋਗੀ'

# ਟੀ.ਪੀ.ਏ.ਆਰ. ਕਲੱਬ ਦੇ 34 ਮੈਂਬਰਾਂ ਨੇ ਪੀਟਰਬੋਰੋ ਵਿਖੇ 'ਮੋਨਾਰਕ ਬਟਰਫਲਾਈ 10 ਕਿਲੋਮੀਟਰ ਦੌੜ' 'ਚ ਲਿਆ ਹਿੱਸਾ



ਬਰੈਂਪਟਨ, (ਡਾ. ਝੰਡ): ਸੰਗਤਰੇ ਅਤੇ ਕਾਲ਼ੇ ਖੰਭਾਂ ਵਾਲੀਆਂ ਵੱਡੇ ਸਾਈਜ਼ ਦੀਆਂ 'ਮੋਨਾਰਕ' ਕਿਸਮ ਦੀਆਂ ਵੱਖਰੀ ਦਿੱਖ ਵਾਲੀਆਂ ਤਿਤਲੀਆਂ ਦੇ ਸ਼ਹਿਰ ਪੀਟਰਬੋਰੋ ਵਿਖੇ ਹਰ ਸਾਲ ਕਰਵਾਈ ਜਾਂਦੀ 10 ਕਿਲੋਮੀਟਰ ਦੌੜ ਵਿੱਚ ਟੀ.ਪੀ.ਏ.ਆਰ.ਕਲੱਬ ਦੇ 34 ਮੈਬਰਾਂ ਨੇ ਇਸ ਵਾਰ ਵੀ ਬੜੇ ਸ਼ੌਕ ਤੇ ਉਤਸ਼ਾਹ ਨਾਲ ਭਾਗ ਲਿਆ। ਇੱਥੇ ਇਹ ਜ਼ਿਕਰਯੋਗ ਹੈ ਕਿ ਇਸ ਕਲੱਬ ਦੇ ਮੈਂਬਰਾਂ ਦੀਆਂ ਟੀ-ਸਰਟਾਂ ਵੀ ਸੰਗਤਰੇ ਰੰਗ ਦੀਆਂ ਹੀ ਹਨ ਅਤੇ ਇਨ੍ਹਾਂ ਵਿੱਚ ਦੋਹਾਂ ਸਾਈਡਾਂ ਉੱਪਰ ਦੋ ਕਾਲ਼ੀਆਂ ਧਾਰੀਆਂ ਵੀ ਹਨ। ਇਸ ਤਰ੍ਹਾਂ ਇਹ ਟੀ-ਸ਼ਰਟਾਂ ਮੋਨਾਰਕ ਤਿਤਲੀਆਂ ਨਾਲ ਮੇਲ਼ ਖਾਂਦੀਆਂ ਹਨ। ਇਸ 10 ਕਿਲੋਮੀਟਰ ਦੌੜ ਵਿੱਚ ਹਿੱਸਾ ਲੈਣ ਲਈ ਕਲੱਬ ਦੇ ਮੈਂਬਰ ਸਵੇਰੇ 6.30 ਵਜੇ ਬਰੈਂਪਟਨ ਦੇ ਏਅਰਪੋਰਟ ਰੋਡ ਤੇ ਕੰਟਰੀਸਾਈਡ ਇੰਟਰਸੈੱਕਸ਼ਨ ਵਾਲੇ ਪਲਾਜ਼ੇ ਦੀ ਪਾਰਕਿੰਗ ਵਿੱਚ 'ਕੁਲਵੰਤ ਧਾਲੀਵਾਲ ਦੇ ਸਬਵੇਅ' ਦੇ ਸਾਹਮਣੇ ਇਕੱਠੇ ਹੋਏ ਅਤੇ ਆਪਣੇ ਸਾਥੀਆਂ ਦੀ 10 ਕੁ ਮਿੰਟ ਉਡੀਕ ਕਰਨ ਲੱਗੇ। ਇਸ ਦੌਰਾਨ ਵਾਰਡ ਨੰਬਰ 9-10 ਤੋਂ ਰੀਜਨਲ ਕੌਂਸਲਰ ਦੀ ਚੋਣ ਲੜ ਰਹੇ ਸਤਪਾਲ ਸਿੰਘ ਜੌਹਲ ਵੀ ਉੱਥੇ ਉਨ੍ਹਾਂ ਵਿੱਚ ਸ਼ਾਮਲ ਹੋ ਗਏ ਅਤੇ ਉਨ੍ਹਾਂ ਵੱਲੋਂ ਇਸ 'ਮੋਨਾਰਕ ਬਟਰਫ਼ਲਾਈ ਰਨ' ਵਿੱਚ ਸ਼ਾਮਲ ਹੋਣ ਵਾਲੇ ਦੌੜਾਕਾਂ ਨੂੰ ਸ਼ੁਭ-ਇੱਛਾਵਾਂ ਦਿੱਤੀਆਂ ਗਈਆਂ।

ਉਪਰੰਤ, ਸਾਰੇ ਮੈਂਬਰ ਬੱਸ ਵਿੱਚ ਸਵਾਰ ਹੋ ਗਏ ਅਤੇ ਆਪਣੀ ਮੰਜ਼ਲ ਵੱਲ ਚੱਲ ਪਏ। ਰਸਤੇ ਵਿੱਚ ਉਨ੍ਹਾਂ ਨੇ ਆਪਣੇ ਕੁਝ ਸਾਥੀਆਂ ਨੂੰ ਗੋਰਵੇਅ ਤੇ ਡੈਰੀ ਦੇ ਇੰਟਰਸੈੱਕਸ਼ਨ ਦੇ ਨੇੜਿਉਂ ਨਾਲ ਲਿਆ ਅਤੇ ਫਿਰ ਡਰਾਈਵਰ ਨੇ ਬੱਸ ਨੂੰ ਪੀਟਰਬੋਰੋ ਦੇ ਰਸਤੇ ਪਾ ਲਿਆ। ਸਾਢੇ ਨੌਂ ਵਜੇ ਦੇ ਕਰੀਬ ਬੱਸ ਪੀਟਰਬੋਰੋ ਦੇ ਦੌੜ ਦੇ ਆਰੰਭ ਹੋਣ ਵਾਲੇ ਸਥਾਨ ਦੇ ਨੇੜੇ ਪਹੁੰਚ ਗਈ। ਦੌੜ ਦੇ ਪ੍ਰਬੰਧਕਾਂ ਵਿੱਚੋਂ ਕੋਚ-ਨੁਮਾ ਇੱਕ ਵਿਅੱਕਤੀ ਵੱਲੋਂ ਦੌੜਾਕਾਂ ਨੂੰ 10 ਕੁ ਮਿੰਟ ਸਰੀਰ ਨੂੰ ਗਰਮ ਕਰਨ ਵਾਲੀਆਂ ਕੁਝ ਵਰਜਿਸ਼ਾਂ ਕਰਵਾਈਆਂ ਗਈਆਂ ਅਤੇ ਫਿਰ ਦੌੜ ਦੇ ਨਿਰਧਾਰਤ ਸਮੇਂ ਠੀਕ 10.00 ਵਜੇ ਇਸ 10 ਕਿਲੋਮੀਟਰ ਦੌੜ ਦੇ 'ਆਰੰਭਕੀ-ਸਥਾਨ' (ਸਟਾਰਟਿੰਗ ਪੋਆਇੰਟ) ਤੋਂ 'ਹੂਟਰ' ਦੀ ਬੁਲੰਦ ਆਵਾਜ਼ ਨਾਲ ਪ੍ਰਬੰਧਕਾਂ ਵੱਲੋਂ ਇਹ ਦੌੜ ਸ਼ੁਰੂ ਕਰਵਾ ਦਿੱਤੀ ਗਈ। ਦੌੜ ਦਾ ਸਾਰਾ ਰਸਤਾ ਬੜਾ ਰਮਣੀਕ ਤੇ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਸੀ ਅਤੇ ਦੌੜਾਕਾਂ ਨੇ ਦੌੜਦਿਆਂ ਹੋਇਆਂ ਇਸ ਖ਼ੂਬਸੂਰਤ ਮੰਜ਼ਰ ਨੂੰ ਖ਼ੂਬ ਮਾਣਿਆਂ। ਘੰਟੇ ਕੁ ਬਾਅਦ ਹੀ ਦੌੜਾਕ ਵਾਪਸ 'ਫਿਨਿਸ਼ ਪੋਆਇੰਟ' ਜੋ ਇਸ ਦੌੜ ਦਾ 'ਸਟਾਰਟਿੰਗ ਪੋਆਇੰਟ' ਵੀ ਸੀ, ਵੱਲ ਆਉਣੇ ਸ਼ੁਰੂ ਹੋ ਗਏ ਅਤੇ ਕਈਆਂ ਨੇ ਇਸਦੇ ਲਈ ਵਧੇਰੇ ਸਮਾਂ ਵੀ ਲਿਆ। ਇਨਾਮ-ਵੰਡ ਸਮਾਗਮ ਵਿੱਚ ਪਹਿਲੇ, ਦੂਸਰੇ ਤੇ ਤੀਸਰੇ ਨੰਬਰ 'ਤੇ ਆਉਣ ਵਾਲਿਆਂ ਨੂੰ ਪ੍ਰਬੰਧਕਾਂ ਵੱਲੋਂ ਇਨਾਮ ਦਿੱਤੇ ਗਏ ਅਤੇ ਦੌੜ ਵਿੱਚ ਸ਼ਾਮਲ ਹੋਣ ਵਾਲੇ ਰਜਿਸਟਰਡ ਦੌੜਾਕਾਂ ਨੂੰ ਮੋਨਾਰਕ ਤਿਤਲੀ ਦੀ ਸ਼ਕਲ ਦੇ ਮੈਡਲ ਦਿੱਤੇ ਗਏ। ਇਸ ਦੌਰਾਨ ਕੁਝ ਲੜਕੇ ਤੇ ਲੜਕੀਆਂ ਵੱਲੋਂ ਖ਼ੂਬਸੂਰਤ ਡਾਂਸ ਪੇਸ਼ ਕੀਤਾ ਗਿਆ ਜਿਸ ਦੀ ਸਾਰੇ ਦਰਸ਼ਕਾਂ ਵੱਲੋਂ ਭਰਪੂਰ ਸਰਾਹਨਾ ਹੋਈ। ਇੱਥੋਂ ਵਿਹਲੇ ਹੋ ਕੇ ਕਲੱਬ ਦੇ ਮੈਂਬਰ ਬੱਸ 'ਚ ਸਵਾਰ ਹੋ ਕੇ ਇੱਕ ਪਾਰਕ ਵੱਲ ਚੱਲ ਪਏ ਅਤੇ ਉੱਥੇ ਪਹੁੰਚ ਕੇ ਆਪਣੇ ਨਾਲ ਲਿਆਂਦਾ ਹੋਇਆ ਭੋਜਨ ਗਰਮ ਕਰਕੇ ਛਕਿਆ। ਇਸ ਦੌਰਾਨ ਮਿਊਜ਼ਿਕ ਸਿਸਟਮ ਉੱਪਰ ਪੰਜਾਬੀ ਗਾਣੇ ਚਲਾ ਕੇ ਕੁਝ ਮੈਂਬਰਾਂ ਵੱਲੋਂ ਖ਼ੂਬ ਭੰਗੜਾ ਪਾਇਆ ਗਿਆ ਅਤੇ ਸ਼ੁਗਲ-ਮੇਲਾ ਕੀਤਾ ਗਿਆ। ਬਾਅਦ ਦੁਪਹਿਰ ਤਿੰਨ ਕੁ ਵਜੇ ਵਾਪਸੀ ਲਈ ਚਾਲੇ ਪਾਏ ਅਤੇ ਸ਼ਾਮੀਂ ਪੰਜ ਕੁ ਵਜੇ ਬਰੈਂਪਟਨ ਵਾਪਸ ਪਹੁੰਚੇ।

# 'ਕਿਛੁ ਸੁਣੀਐ ਕਿਛੁ ਕਹੀਐ' ਤਹਿਤ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਮਾਗਮ 'ਚ ਪ੍ਰੋ. ਤਲਵਿੰਦਰ ਸਿੰਘ ਮੰਡ ਤੇ ਡਾ. ਸੁਖਦੇਵ ਸਿੰਘ ਝੰਡ ਨੇ ਆਪਣੇ ਵਿਚਾਰ ਸਾਂਝੇ ਕੀਤੇ






ਬਰੈਂਪਟਨ, (ਡਾ. ਝੰਡ) - ਲੰਘੇ ਐਤਵਾਰ 20 ਸਤੰਬਰ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਆਯੋਜਿਤ ਕੀਤੇ ਗਏ ਸਮਾਗਮ ਵਿੱਚ ਸਭਾ ਦੇ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਪ੍ਰੋ. ਤਲਵਿੰਦਰ ਸਿੰਘ ਮੰਡ ਅਤੇ ਡਾ. ਸੁਖਦੇਵ ਸਿੰਘ ਝੰਡ ਵੱਲੋਂ ਆਪਣੇ ਸਾਹਿਤਕ ਸਫ਼ਰ ਅਤੇ ਪੰਜਾਬੀ ਬੋਲੀ ਤੇ ਪੰਜਾਬੀ ਸਾਹਿਤ ਬਾਰੇ ਵਿਚਾਰ ਸਾਂਝੇ ਕੀਤੇ ਗਏ। ਇਸ ਤੋਂ ਪਹਿਲਾਂ ਸੈਸ਼ਨ ਦੇ ਮੰਚ-ਸੰਚਾਲਕ ਮਲੂਕ ਸਿੰਘ ਕਾਹਲੋਂ ਵੱਲੋਂ ਉਨ੍ਹਾਂ ਨੂੰ ਸਭਾ ਦੇ ਸਰਪ੍ਰਸਤਾਂ ਬਲਰਾਜ ਚੀਮਾ ਅਤੇ ਕਿਰਪਾਲ ਸਿੰਘ ਪੰਨੂੰ ਦੇ ਨਾਲ ਪ੍ਰਧਾਨਗੀ-ਮੰਡਲ 'ਚ ਬੈਠਣ ਲਈ ਕਿਹਾ ਗਿਆ। ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਮੈਂਬਰਾਂ ਤੇ ਮਹਿਮਾਨਾਂ ਨੂੰ ਨਿੱਘੀ 'ਜੀ ਆਇਆਂ' ਕਹਿੰਦਿਆਂ ਹੋਇਆਂ ਹਾਜ਼ਰੀਨ ਨੂੰ ਦੱਸਿਆ ਕਿ ਸਭਾ ਦੀ ਕਾਰਜਕਾਰਨੀ ਕਮੇਟੀ ਵਿੱਚ ਵਾਧਾ ਕਰਦਿਆਂ ਹੋਇਆਂ ਦੋ ਨਵੇਂ ਮੈਂਬਰਾਂ ਸ਼ਾਇਰ ਮਲਵਿੰਦਰ ਅਤੇ ਨੌਜੁਆਨ ਕਵੀ ਗੁਰਦਾਸ ਥਾਬਲ ਨੂੰ ਸ਼ਾਮਲ ਕੀਤਾ ਗਿਆ ਹੈ। ਉਪਰੰਤ, ਮੰਚ-ਸੰਚਾਲਕ ਵੱਲੋਂ ਪ੍ਰੋ. ਤਲਵਿੰਦਰ ਸਿੰਘ ਮੰਡ ਨੂੰ ਆਪਣੇ ਬਾਰੇ, ਸਾਹਿਤ ਪੜ੍ਹਨ ਤੇ ਲਿਖਣ ਅਤੇ ਪੰਜਾਬੀ ਬੋਲੀ ਤੇ ਸਾਹਿਤ ਬਾਰੇ ਆਪਣੇ ਵਿਚਾਰ ਪੇਸ਼ ਕਰਨ ਲਈ ਬੇਨਤੀ ਕੀਤੀ ਗਈ।

ਪ੍ਰੋ. ਮੰਡ ਨੇ ਆਪਣੇ ਬਾਰੇ ਦੱਸਦਿਆਂ ਕਿਹਾ ਕਿ ਗੁਰੂ ਨਾਨਕ ਕਾਲਜ ਫਗਵਾੜਾ ਵਿਖੇ ਬੀ.ਏ. ਕਰਦਿਆਂ ਉਨ੍ਹਾਂ ਨੇ ਆਪਣੇ ਮਾਪਿਆਂ ਵੱਲੋਂ ਬਾਜ਼ਾਰੋਂ ਘਰ ਦਾ 'ਸੌਦਾ-ਸੂਤ' (ਗਰੌਸਰੀ) ਲਿਆਉਣ ਲਈ ਦਿੱਤੇ ਗਏ ਪੈਸਿਆਂ ਵਿੱਚੋਂ 10 ਰੁਪਏ ਰੱਖ ਕੇ 'ਤਸਵੀਰਾਂ ਵਾਲੀ ਹੀਰ' ਖ਼ਰੀਦੀ ਅਤੇ ਘਰ ਆ ਕੇ ਉਨ੍ਹਾਂ ਤੋਂ ਚੋਰੀਂ ਪੜ੍ਹੀ। ਇੱਥੋਂ ਹੀ ਉਨ੍ਹਾਂ ਨੂੰ ਸਾਹਿਤ ਪੜ੍ਹਨ ਦੀ ਚੇਟਕ ਲੱਗੀ ਅਤੇ ਇਹ ਸਿਲਸਿਲਾ ਅੱਗੇ ਤੁਰ ਪਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਪਹਿਲੀ ਕਵਿਤਾ ਬੀ.ਏ. ਦੀ ਪੜ੍ਹਾਈ ਦੌਰਾਨ ਲਿਖੀ, ਪਰ ਇਹ ਪਾੜ ਦਿੱਤੀ ਗਈ। ਫਿਰ ਕਵਿਤਾਵਾਂ ਦਾ ਇੱਕ ਖਰੜਾ ਤਿਆਰ ਕੀਤਾ ਅਤੇ ਉਹ ਵੀ ਪਾੜ ਛੱਡਿਆ, ਕਿਉਂਕਿ ਉਹ ਉਨ੍ਹਾਂ ਦੇ ਆਪਣੇ 'ਤੈਅ-ਸ਼ੁਦਾ ਮਿਆਰ' 'ਤੇ ਪੂਰਾ ਨਹੀਂ ਸੀ ਉੱਤਰਿਆ। ਇਹੋ ਹੀ ਹਾਲ ਬਾਅਦ ਵਿੱਚ ਲਿਖੇ ਗਏ ਪੁਸਤਕ ਦੇ ਇੱਕ ਹੋਰ ਖਰੜੇ ਦਾ ਹੋਇਆ। ਉਨ੍ਹਾਂ ਕਿਹਾ ਕਿ ਲਿਖਤ ਮਿਆਰੀ ਹੋਣੀ ਚਾਹੀਦੀ ਹੈ ਅਤੇ ਲੇਖਕ ਨੂੰ ਪੁਸਤਕ ਛਪਵਾਉਣ ਦੀ ਕਾਹਲ ਨਹੀਂ ਕਰਨੀ ਚਾਹੀਦੀ। ਪੰਜਾਬੀ ਬੋਲੀ ਤੇ ਸਾਹਿਤ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬੀ ਸਾਹਿਤ ਬਹੁਤ ਅਮੀਰ ਹੈ। ਇਹ ਬਾਬਾ ਫ਼ਰੀਦ ਜੀ ਤੋਂ ਆਰੰਭ ਹੋਏ ਪੁਰਾਤਨ ਸਾਹਿਤ, ਗੁਰਮਤਿ ਸਾਹਿਤ, ਮੱਧ-ਕਾਲੀ ਸਾਹਿਤ ਤੋਂ ਹੁੰਦਾ ਹੋਇਆ ਅਜੋਕੇ ਪੰਜਾਬੀ ਸਾਹਿਤ ਤੱਕ ਪਹੁੰਚਾ ਹੈ ਅਤੇ ਇਹ ਬੜੀ ਵਧੀਆ ਚਾਲੇ ਚੱਲ ਰਿਹਾ ਹੈ। ਪੰਜਾਬੀ ਬੋਲੀ ਤੇ ਭਾਸ਼ਾ ਬਾਰੇ ਉਨ੍ਹਾਂ ਦਾ ਕਹਿਣਾ ਸੀ ਕਿ ਸਾਡਾ ਇਹ ਵੱਡਾ ਭਰਮ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੁੰਦਿਆਂ ਇਹ ਕਦੇ ਖ਼ਤਮ ਨਹੀਂ ਹੋ ਸਕਦੀ। ਸੋਚਣ ਵਾਲੀ ਗੱਲ ਇਹ ਹੈ ਕਿ ਇਸ ਸਤਿਕਾਰਤ 'ਧਾਰਮਿਕ ਗ੍ਰੰਥ' ਨੂੰ ਕਿੰਨੇ ਕੁ ਪੜ੍ਹਦੇ ਤੇ ਵਿਚਾਰਦੇ ਹਨ ਅਤੇ ਰੋਮਨ ਅੱਖਰਾਂ 'ਚ ਲਿਖਿਆ ਹੋਇਆ ਪੜ੍ਹਨ ਵਾਲੀਆਂ ਅਗਲੀਆਂ ਪੀੜ੍ਹੀਆਂ ਅੱਗੋਂ ਗੁਰਮੁਖੀ ਵਿੱਚ ਇਸ ਨੂੰ ਕਿੰਨਾ ਕੁ ਪੜ੍ਹਨਗੀਆਂ। ਇਸਦੇ ਨਾਲ ਹੀ ਉਨ੍ਹਾਂ ਚੜ੍ਹਦੇ ਤੇ ਲਹਿੰਦੇ ਪੰਜਾਬ ਵਿੱਚ ਪੰਜਾਬੀ ਬੋਲੀ ਤੇ ਭਾਸ਼ਾ ਵਿੱਚ ਹੋ ਰਹੀ ਪ੍ਰਗਤੀ ਉੱਪਰ ਤਸੱਲੀ ਦਾ ਪ੍ਰਗਟਾਵਾ ਕੀਤਾ।

ਸਮਾਗਮ ਦੇ ਦੂਸਰੇ ਬੁਲਾਰੇ ਡਾ. ਸੁਖਦੇਵ ਸਿੰਘ ਝੰਡ ਨੇ ਆਪਣੀ ਗੱਲ ਸਕੂਲ ਸਮੇਂ ਤੋਂ ਸ਼ੁਰੂ ਕਰਦਿਆਂ ਕਿਹਾ ਕਿ ਅੱਠਵੀਂ ਜਮਾਤ ਵਿੱਚ ਪੜ੍ਹਦਿਆਂ ਉਨ੍ਹਾਂ ਦੇ ਪੰਜਾਬੀ ਅਧਿਆਪਕ ਗਿਆਨੀ ਪ੍ਰੀਤਮ ਸਿੰਘ ਨੇ ਉਨ੍ਹਾਂ ਅਤੇ ਦੋ ਹੋਰ ਵਿਦਿਆਰਥੀਆਂ ਨੂੰ ਜਦੋਂ ਸਕੂਲ ਦੀ ਲਾਇਬ੍ਰੇਰੀ ਦੀਆਂ ਅਲਮਾਰੀਆਂ 'ਚ ਪਈਆਂ ਕਿਤਾਬਾਂ ਦਾ ਮਿੱਟੀ-ਘੱਟਾ ਝਾੜਨ ਲਈ ਕਿਹਾ ਤਾਂ ਉਨ੍ਹਾਂ ਨੂੰ ਦੋ ਪੁਸਤਕਾਂ ਸ਼ਾਹ ਮੁਹੰਮਦ ਦਾ 'ਜੰਗਨਾਮਾ ਹਿੰਦ ਪੰਜਾਬ' ਤੇ ਪ੍ਰਸਿੱਧ ਸੈਲਾਨੀ ਰੌਬਿਨਸਨ ਕਰੂਸੋ ਦੇ ਸਫ਼ਰਨਾਮੇ ਦਾ ਪੰਜਾਬੀ ਅਨੁਵਾਦ 'ਲਾਭ ਸਿੰਘ ਦੀ ਯਾਤਰਾ' ਦਿਲਚਸਪ ਲੱਗੀਆਂ ਅਤੇ ਉਨ੍ਹਾਂ ਨੇ ਗਿਆਨੀ ਜੀ ਹੁਰਾਂ ਤੋਂ ਇਸ਼ੂ ਕਰਵਾ ਕੇ ਘਰ ਲਿਆ ਕੇ ਇਹ ਪੜ੍ਹੀਆਂ। ਕਿਤਾਬਾਂ ਪੜ੍ਹਨ ਦੀ ਇਹ 'ਜਾਗ' ਖ਼ਮੀਰ ਬਣ ਕੇ ਅੱਗੋਂ ਨਾਨਕ ਸਿੰਘ ਤੇ ਜਸਵੰਤ ਸਿੰਘ ਕੰਵਲ ਦੇ ਨਾਵਲਾਂ, ਅੰਮ੍ਰਿਤਾ ਪ੍ਰੀਤਮ, ਪ੍ਰੋ. ਮੋਹਨ ਸਿੰਘ ਤੇ ਸ਼ਿਵ ਕੁਮਾਰ ਬਟਾਲਵੀ ਦੀਆਂ ਕਵਿਤਾਵਾਂ ਤੱਕ ਪਹੁੰਚ ਗਈ ਤੇ ਫਿਰ ਅੱਗੇ ਚੱਲ ਸੋ ਚੱਲ। ਉਨ੍ਹਾਂ ਦੱਸਿਆ ਕਿ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਵਿਖੇ ਬਾਇਓਕੈਮਿਸਟਰੀ ਵਿਸ਼ੇ ਵਿੱਚ ਐੱਮ.ਐੱਸ.ਸੀ. ਕਰਦਿਆਂ ਬੌਟਨੀ ਪੜ੍ਹਦੇ ਸਮੇਂ ਉਨ੍ਹਾਂ ਦੀ ਦਿਲਚਸਪੀ ਪੌਦਿਆਂ ਤੇ ਰੁੱਖਾਂ ਵਿੱਚ ਬਣ ਗਈ, ਜੋ ਬਾਅਦ ਵਿੱਚ ਪੜ੍ਹਾਈ ਦੇ ਇਸ ਖ਼ੇਤਰ ਵਿੱਚ ਯੋਗ ਨੌਕਰੀ ਨਾ ਮਿਲਣ ਕਾਰਨ ਲਾਇਬ੍ਰੇਰੀ ਐਂਡ ਇਨਫ਼ਰਮੇਸ਼ਨ ਸਾਇੰਸ ਵਿੱਚ ਆਉਣ ਕਰਕੇ ਰੁੱਖਾਂ ਬਾਰੇ ਤਿੰਨ ਪੁਸਤਕਾਂ 'ਪੰਜਾਬ ਦੇ ਲੋਕ ਰੁੱਖ', 'ਸਾਡੇ ਰੁੱਖ' ਅਤੇ 'ਉੱਤਰੀ ਅਮਰੀਕਨ ਰੁੱਖ' ਲਿਖਣ ਵਿੱਚ ਸਹਾਈ ਹੋਈ। ਉਨ੍ਹਾਂ ਕਿਹਾ ਕਿ ਅੱਗੇ ਚੱਲ ਕੇ ਉਨ੍ਹਾਂ ਨੇ ਸਵੈਜੀਵਨੀ 'ਪੱਤੇ ਤੇ ਪਰਛਾਵੇਂ: ਚੌਹਾਨ ਤੋਂ ਬਰੈਂਪਟਨ', ਵਾਰਤਕ ਪੁਸਤਕ 'ਸਰੋਕਾਰ ਤੇ ਸ਼ਖ਼ਸੀਅਤਾਂ' ਅਤੇ ਪਾਕਿਸਤਾਨੀ ਸਫ਼ਰਨਾਮਾ 'ਪੁਰਖ਼ਿਆਂ ਦਾ ਦੇਸ' ਲਿਖੀਆਂ ਤੇ ਛਪਵਾਈਆਂ। ਉਨ੍ਹਾਂ ਦੱਸਿਆ ਕਿ ਉਹ ਵਾਰਤਕ ਤੋਂ ਕਵਿਤਾ ਵੱਲ ਆਏ ਤੇ ਉਨ੍ਹਾਂ ਦਾ ਕਾਵਿ-ਸੰਗ੍ਰਹਿ 'ਕਦੋਂ' 2015 ਵਿੱਚ ਛਪਿਆ। ਇਸਦੇ ਨਾਲ ਹੀ ਉਨ੍ਹਾਂ ਦੀਆਂ ਤਿੰਨ ਕਿਤਾਬਾਂ ਲਾਇਬ੍ਰੇਰੀ ਐਂਡ ਇਨਫ਼ਰਮੇਸ਼ਨ ਸਾਇੰਸ ਵਿਸ਼ੇ ਨਾਲ ਸਬੰਧਿਤ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਬੋਲੀ ਤੇ ਭਾਸ਼ਾ ਦੇ ਚੰਗੇਰੇ ਭਵਿੱਖ ਬਾਰੇ ਉਹ ਕਾਫ਼ੀ ਆਸਵੰਦ ਹਨ। 'ਚੜ੍ਹਦੇ ਪੰਜਾਬ' ਤੇ 'ਲਹਿੰਦੇ ਪੰਜਾਬ' ਤੋਂ ਇਲਾਵਾ ਇਹ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟ੍ਰੇਲੀਆ ਤੇ ਨਿਊਜ਼ੀਲੈਂਡ ਵਰਗੇ ਦੇਸ਼ਾਂ ਵਿੱਚ ਵੱਸੇ 'ਪੰਜਾਬਾਂ' ਵਿੱਚ ਅੱਗੇ ਵੱਧ ਰਹੀ ਹੈ। ਲੋੜ ਬੱਸ ਅਗਲੀ ਪੀੜ੍ਹੀ ਨੂੰ ਇਸਦੇ ਨਾਲ ਜੋੜੀ ਰੱਖਣ ਦੀ ਹੈ।

ਪ੍ਰਧਾਨਗੀ-ਮੰਡਲ ਵਿੱਚ ਸੁਸ਼ੋਭਿਤ ਕਿਰਪਾਲ ਸਿੰਘ ਪੰਨੂੰ ਵੱਲੋਂ ਸਮਾਗਮ ਦੇ ਦੋਹਾਂ ਬੁਲਾਰਿਆਂ ਵੱਲੋਂ ਆਪਣੇ ਅਤੇ ਪੰਜਾਬੀ ਬੋਲੀ ਤੇ ਸਾਹਿਤ ਬਾਰੇ ਪੇਸ਼ ਕੀਤੇ ਗਏ ਵਿਚਾਰਾਂ ਦੀ ਭਰਪੂਰ ਸਰਾਹਨਾ ਕੀਤੀ ਗਈ। ਉਨ੍ਹਾਂ ਕਿਹਾ ਕਿ ਹਰੇਕ ਲੇਖਕ ਨੂੰ ਆਪਣੇ ਵਿਚਾਰ ਲਿਖ ਕੇ ਛਪਵਾਉਣ ਦਾ ਹੱਕ ਹਾਸਲ ਹੈ ਅਤੇ ਹਰ ਤਰ੍ਹਾਂ ਦੇ ਵਿਚਾਰ ਪੁਸਤਕ ਰੂਪ ਵਿੱਚ ਆਉਣੇ ਚਾਹੀਦੇ ਹਨ। ਅੱਗੋਂ ਇਹ ਪਾਠਕਾਂ ਉੱਪਰ ਨਿਰਭਰ ਕਰਦਾ ਹੈ ਕਿ ਉਹ ਲੇਖਕਾਂ ਦੇ ਕਿਸ ਕਿਸਮ ਦੇ ਵਿਚਾਰਾਂ ਨੂੰ ਕਿਸ ਹੱਦ ਤੱਕ ਪ੍ਰਵਾਨ ਕਰਦੇ ਹਨ। 'ਕਿਛੁ ਸੁਣੀਐ ਕਿਛੁ ਕਹੀਐ' ਨਾਮਕ ਇਸ ਪ੍ਰੋਗਰਾਮ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਬਲਰਾਜ ਚੀਮਾ ਨੇ ਕਿਹਾ ਕਿ ਉਨ੍ਹਾਂ ਦੀ ਚਿਰੋਕਣੀ ਇੱਛਾ ਸੀ ਕਿ ਸਾਹਿਤ ਸਭਾਵਾਂ ਵਿੱਚ ਕੰਮ ਕਰ ਰਹੇ ਪ੍ਰਬੰਧਕ, ਜੋ ਦੂਸਰੇ ਲੇਖਕਾਂ ਨਾਲ ਸੰਵਾਦ ਰਚਾਉਂਦੇ ਰਹਿੰਦੇ ਹਨ, ਆਪਣੇ ਬਾਰੇ ਤੇ ਆਪਣੀ ਲੇਖਣੀ ਬਾਰੇ ਵੀ ਕੁਝ ਦੱਸਣ। ਉਨ੍ਹਾਂ ਕਿਹਾ ਕਿ ਇਸ ਸਭਾ ਵੱਲੋਂ ਇਹ ਬੜੀ ਵਧੀਆ ਸ਼ੁਰੂਆਤ ਕੀਤੀ ਗਈ ਹੈ ਅਤੇ ਇਹ ਅੱਗੋਂ ਜਾਰੀ ਰਹਿਣੀ ਚਾਹੀਦੀ ਹੈ। ਇਸਦੇ ਨਾਲ ਹੀ ਉਨ੍ਹਾਂ ਕਿਹਾ ਸਾਹਿਤ ਵਿੱਚ ਵਾਰਤਕ ਦਾ ਆਪਣਾ ਹੀ ਵਿਸ਼ੇਸ਼ ਸਥਾਨ ਹੈ। ਬੇਸ਼ਕ ਚੰਗੀ ਕਵਿਤਾ ਦਾ ਵੀ ਕੋਈ ਮੁਕਾਬਲਾ ਨਹੀਂ ਹੈ, ਪਰ ਸਾਹਿਤ ਵਿੱਚ ਵਾਰਤਕ ਦੀ ਆਪਣੀ ਹੀ ਮਹੱਤਤਾ ਹੈ।

ਇਸ ਸਮਾਗਮ ਦੀ ਇਹ ਵਿਸੇਸ਼ਤਾ ਰਹੀ ਕਿ ਇਸ ਵਿੱਚ ਨੌਜੁਆਨ ਲੜਕੇ ਅਤੇ ਲੜਕੀਆਂ ਨੇ ਵੀ ਬਹੁਤ ਵਧੀਆ ਢੰਗ ਨਾਲ ਭਾਗ ਲਿਆ। ਇਸ ਨੂੰ ਮੁੱਖ ਰੱਖਦਿਆਂ ਹੋਇਆ ਸਮਾਗਮ ਦੇ ਦੂਸਰੇ ਸੈਸ਼ਨ ਕਵੀ-ਦਰਬਾਰ ਵਿੱਚ ਮੰਚ- ਸੰਚਾਲਕ ਡਾ. ਜਗਮੋਹਨ ਸੰਘਾ ਵੱਲੋਂ ਨੌਜੁਆਨ ਬੇਟੀਆਂ ਕਿਰਨਪ੍ਰੀਤ ਕੌਰ ਬੈਂਸ, ਮਨਮੀਤ ਕੌਰ, ਗੁਰਚਿਤ ਕੌਰ ਬੱਸੀ ਤੇ ਨਵਰੀਤ ਪਾਬਲਾ ਨੂੰ ਇਸ ਸੈਸ਼ਨ ਦੇ ਪ੍ਰਧਾਨਗੀ-ਮੰਡਲ ਵਿੱਚ ਸ਼ਾਮਲ ਹੋਣ ਦਾ ਸੱਦਾ ਦਿਤਾ ਗਿਆ। ਕਵੀ- ਦਰਬਾਰ ਦੀ ਸ਼ੁਰੂਆਤ ਬੇਸ਼ਕ ਉਨ੍ਹਾਂ ਵੱਲੋਂ ਚਿੱਤਰਕਾਰ ਰਮਾ ਸ਼ਰਮਾ, ਜੋ ਆਮ ਤੌਰ 'ਤੇ ਹਿੰਦੀ ਵਿੱਚ ਲਿਖਦੇ ਹਨ, ਦੀ ਪੰਜਾਬੀ ਵਿੱਚ 'ਏ.ਆਈ.' ਬਾਰੇ ਲਿਖੀ ਤਾਜ਼ੀ ਕਵਿਤਾ "ਏ.ਆਈ. ਆ ਗਈ ਏ, ਕੀ ਬਣੂੰ ਦੁਨੀਆਂ ਦਾ" ਨਾਲ ਕੀਤੀ ਗਈ, ਪਰ ਨਾਲ ਹੀ ਪ੍ਰਧਾਨਗੀ-ਮੰਡਲ ਵਿਚਲੇ ਕਵੀਆਂ/ਕਵਿੱਤਰੀਆਂ ਨੂੰ ਸਮਾਗਮ ਦੇ ਅਖ਼ੀਰ 'ਚ ਬੁਲਾਉਣ ਦੀ ਪ੍ਰਥਾ ਨੂੰ ਤੋੜਦਿਆਂ ਹੋਇਆਂ ਨੌਜੁਆਨ ਕਵੀਆਂ ਗੁਰਦਾਸ ਥਾਬਲ ਤੇ ਪ੍ਰਨੀਤ ਸਿੰਘ ਤੋਂ ਬਾਅਦ ਪ੍ਰਧਾਨਗੀ- ਮੰਡਲ ਦੀਆਂ ਕਵਿੱਤਰੀਆਂ ਕਿਰਨਪ੍ਰੀਤ ਬੈਂਸ, ਮਨਜੀਤ ਕੌਰ, ਗੁਰਚਿੱਤ ਬੱਸੀ ਤੇ ਨਵਰੀਤ ਪਾਬਲਾ ਨੂੰ ਵਾਰੋ-ਵਾਰੀ ਮੰਚ 'ਤੇ ਬੁਲਾਇਆ ਗਿਆ। ਪਹਿਲੀਆਂ ਤਿੰਨ ਕਵਿੱਤਰੀਆਂ ਨੇ ਜਿੱਥੇ ਆਪਣੀਆਂ ਖ਼ੂਬਸੂਰਤ ਕਵਿਤਾਵਾਂ ਪੰਜਾਬੀ 'ਚ ਸੁਣਾਈਆਂ, ਉੱਥੇ ਨਵਰੀਤ ਪਾਬਲਾ ਨੇ ਅੰਗਰੇਜ਼ੀ ਵਿੱਚ ਛਪੀ ਆਪਣੀ ਨਵ-ਪ੍ਰਕਾਸ਼ਿਤ ਅੰਗਰੇਜ਼ੀ ਪੁਸਤਕ 'ਇਫ਼ ਮਾਈ ਹਾਰਟ ਕੁਡ ਟਾਕ' ਵਿੱਚੋਂ ਦੋ ਕਵਿਤਾਵਾਂ ਆਪਣੇ ਤੇ ਆਪਣੀ ਮਾਂ ਬਾਰੇ ਬਾਖ਼ੂਬੀ ਪੇਸ਼ ਕੀਤੀਆਂ। ਉਪਰੰਤ, ਮੰਚ-ਸੰਚਾਲਕ ਵੱਲੋਂ ਦਿੱਤੀ ਗਈ ਤਰਤੀਬ ਅਨੁਸਾਰ, ਰਾਜ ਕੁਮਾਰ ਓਸ਼ੋਰਾਜ, ਸੁਖਚਰਨਜੀਤ ਗਿੱਲ, ਹਰਮੇਸ਼ ਜਿੰਦੋਵਾਲ, ਸੁਰਿੰਦਰ ਸੂਰ, ਮੁਜ਼ੱਫਰ ਅਹਿਮਦ ਰਾਜਪੂਤ, ਹਰਜੀਤ ਸਿੰਘ ਬਾਜਵਾ, ਪਰਮਜੀਤ ਢਿੱਲੋਂ, ਇਕਬਾਲ ਬਰਾੜ, ਭੁਪਿੰਦਰ ਭੁਪੀ, ਮਕਸੂਦ ਚੌਧਰੀ, ਗੁਰਮੇਲ ਸੰਧੂ, ਪ੍ਰਿੰ. ਸਵਿੰਦਰ ਸਿੰਘ ਚਾਹਲ, ਮਲਵਿੰਦਰ, ਦਰਸ਼ਨ ਸਿੰਘ ਸਿੱਧੂ, ਸੁਜਾਨ ਸਿੰਘ ਸੁਜਾਨ, ਜੱਸੀ ਭੁੱਲਰ, ਮਹਿਮੂਦ ਮੰਗਲਾ, ਸੁਰਿੰਦਰਜੀਤ ਕੌਰ, ਪ੍ਰਿੰ. ਗਿਆਨ ਸਿੰਘ ਘਈ, ਇੰਜੀ. ਈਸ਼ਰ ਸਿੰਘ ਅਤੇ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ ਗਈਆਂ। ਇਸ ਦੇ ਨਾਲ ਹੀ ਸੰਘਾ ਸਾਹਿਬ ਵੱਲੋਂ ਸਮੂਹ ਮੈਂਬਰਾਂ, ਮਹਿਮਾਨਾਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਸੁਹਿਰਦ ਸਰੋਤਿਆਂ ਵਿੱਚ ਐਡਵੋਕੇਟ ਦਰਸ਼ਨ ਸਿੰਘ ਦਰਸ਼ਨ, ਮਹਿੰਦਰ ਸਿੰਘ ਰੰਧਾਵਾ, ਦਿਨੇਸ਼ ਸ਼ਰਮਾ, ਅਬਦੁਲ ਮਾਮਨ ਮਨਸੂਰ, ਖ਼ਾਲਿਦ ਮਹਿਮੂਦ, ਮਿਰਜ਼ਾ ਨਦੀਮ, ਪਤਵੰਤ ਕੌਰ ਪੰਨੂੰ, ਸੁਖਮਨਪ੍ਰੀਤ ਕੌਰ, ਸੁਖਵਿੰਦਰ ਕੌਰ ਤੇ ਕਈ ਹੋਰ ਸ਼ਾਮਲ ਸਨ।

# ਪਾਰਟੀ ਅੰਦਰਲੇ ਭ੍ਰਿਸ਼ਟਾਚਾਰ ਨੂੰ ਰੋਕਣ 'ਚ ਵੀ ਨਾਕਾਮ ਸਾਬਤ ਹੋ ਰਹੀ 'ਆਪ' ਸਰਕਾਰ: ਸ਼ੁਵਮ ਸ਼ੁਭੀ



ਚੰਡੀਗੜ੍ਹ/ਫਤਿਹਗੜ੍ਹ ਸਾਹਿਬ: ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਸ਼ੁਵਮ ਸ਼ਰਮਾ ਸ਼ੁਭੀ ਨੇ 'ਮਿਸ਼ਨ-2027: ਹਰ ਘਰ ਝੰਡਾ, ਹਰ ਘਰ ਪੰਜਾ' ਮੁਹਿੰਮ ਨੂੰ ਅੱਗੇ ਵਧਾਉਂਦਿਆਂ ਅੱਜ ਫਤਿਹਗੜ੍ਹ ਸਾਹਿਬ ਪਹੁੰਚ ਕੇ ਨੌਜਵਾਨਾਂ ਨਾਲ ਮਿਲ ਕੇ ਮੋਟਰਸਾਈਕਲ ਰੈਲੀ ਕੱਢੀ। ਉਨ੍ਹਾਂ ਨੇ ਹਰ ਘਰ ਤੱਕ ਕਾਂਗਰਸ ਦਾ ਝੰਡਾ ਪਹੁੰਚਾਉਣ ਅਤੇ 2027 ਦੀਆਂ ਚੋਣਾਂ ਲਈ ਸੰਗਠਨ ਨੂੰ ਮਜ਼ਬੂਤ ਕਰਨ ਦੀ ਅਪੀਲ ਕੀਤੀ। ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਭੰਗੂ ਦੀ ਅਗਵਾਈ ਹੇਠ ਇਹ ਰੈਲੀ ਕਰਵਾਈ ਗਈ।

ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਸ਼ੁਵਮ ਸ਼ੁਭੀ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਮੋਰਚੇ 'ਤੇ ਨਾਕਾਮ ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਪੰਜਾਬ ਵਿੱਚ ਭ੍ਰਿਸ਼ਟਾਚਾਰ ਖ਼ਤਮ ਕਰਨ ਦੇ ਵੱਡੇ ਦਾਅਵੇ ਕੀਤੇ ਸਨ, ਪਰ ਹੁਣ ਪਾਰਟੀ ਦੇ ਅੰਦਰਲੇ ਭ੍ਰਿਸ਼ਟਾਚਾਰ 'ਤੇ ਵੀ ਕਾਬੂ ਪਾਉਣ ਵਿੱਚ ਸਰਕਾਰ ਅਸਫਲ ਦਿਖਾਈ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਆਪਣੇ ਮੰਤਰੀਆਂ ਅਤੇ ਆਗੂਆਂ ਦੇ ਰਿਸ਼ਤੇਦਾਰਾਂ ਨਾਲ ਜੁੜੇ ਮਾਮਲਿਆਂ ਵਿੱਚ ਈਡੀ ਦੀਆਂ ਕਾਰਵਾਈਆਂ ਸਾਹਮਣੇ ਆ ਰਹੀਆਂ ਹਨ। ਦੂਜੇ ਪਾਸੇ ਮੁੱਖ ਮੰਤਰੀ ਭਗਵੰਤ ਮਾਨ ਤੀਰ ਛੱਡਣ ਵਿੱਚ ਰੁੱਝੇ ਹੋਏ ਹਨ। ਉਨ੍ਹਾਂ ਕਿਹਾ ਕਿ ਜੇਕਰ ਮੁੱਖ ਮੰਤਰੀ ਨੂੰ ਤੀਰ ਚਲਾਉਣ ਦਾ ਇੰਨਾ ਹੀ ਸ਼ੌਕ ਹੈ ਤਾਂ ਉਹ ਆਪਣੀ ਪਾਰਟੀ ਅੰਦਰ ਬੈਠੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਲੋਕਾਂ ਖ਼ਿਲਾਫ਼ ਕਾਰਵਾਈ ਕਰਨ।

ਸ਼ੁਭੀ ਨੇ ਕਿਹਾ ਕਿ ਸਰਕਾਰ ਪਹਿਲਾਂ ਹੀ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਹੱਕ ਦੇਣ ਵਿੱਚ ਨਾਕਾਮ ਰਹੀ ਹੈ ਅਤੇ ਪੰਜਾਬ ਦੇ ਵੱਖ-ਵੱਖ ਵਰਗਾਂ ਦੇ ਮੁਲਾਜ਼ਮ ਆਪਣੀਆਂ ਮੰਗਾਂ ਨੂੰ ਲੈ ਕੇ ਸੜਕਾਂ 'ਤੇ ਉਤਰ ਰਹੇ ਹਨ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਦੇ ਵਾਅਦੇ ਕੀਤੇ ਗਏ ਸਨ, ਪਰ ਬੇਰੋਜ਼ਗਾਰੀ, ਨਸ਼ਿਆਂ ਅਤੇ ਕਾਨੂੰਨ-ਵਿਵਸਥਾ ਦੇ ਮੁੱਦੇ ਅਜੇ ਵੀ ਗੰਭੀਰ ਹਨ। ਉਨ੍ਹਾਂ ਕਿਹਾ ਕਿ ਗੈਂਗਸਟਰਵਾਦ 'ਤੇ ਕਾਬੂ ਪਾਉਣ ਵਿੱਚ ਸਰਕਾਰ ਦੀ ਕਾਰਗੁਜ਼ਾਰੀ 'ਤੇ ਲਗਾਤਾਰ ਸਵਾਲ ਉੱਠ ਰਹੇ ਹਨ। ਸ਼ੁਭੀ ਨੇ ਕਿਹਾ ਕਿ ਪੰਜਾਬ ਦੇ ਲੋਕ ਹੁਣ ਸਰਕਾਰ ਦੇ ਦਾਅਵਿਆਂ ਦੀ ਬਜਾਏ ਜ਼ਮੀਨੀ ਹਕੀਕਤ ਦੇਖ ਰਹੇ ਹਨ ਅਤੇ ਸਰਕਾਰ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ।

ਇਸ ਮੌਕੇ ਸਾਬਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ ਅਤੇ ਸਾਬਕਾ ਵਿਧਾਇਕ ਕਾਕਾ ਰਣਦੀਪ ਸਿੰਘ ਨਾਭਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਤੋਂ ਇਲਾਵਾ ਹਲਕਾ ਪ੍ਰਧਾਨ ਭਗਵਾਨ ਗਰੇਵਾਲ, ਹਲਕਾ ਪ੍ਰਧਾਨ ਜਗਦੀਪ ਮਾਨ, ਕੁਲਮਨ ਨਾਗਰਾ, ਮਾਸਟਰ ਰਵਿੰਦਰ, ਪ੍ਰਦੇਸ਼ ਸਕੱਤਰ ਜੱਸੀ ਤਲਵਾੜਾ, ਪ੍ਰਦੇਸ਼ ਸਕੱਤਰ ਡਾ. ਸੁਖਜੋਤ ਅਤੇ ਪ੍ਰਦੇਸ਼ ਸਕੱਤਰ ਲਵਪ੍ਰੀਤ ਸਿੰਘ ਵੀ ਮੌਜੂਦ ਰਹੇ।

GTA Plumbing & Electrical Supplies
GTA Plumbing & Electrical Supplies
ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ
ਨਸ਼ਾ ਛੁਡਾਓ
STOP
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ, ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ
ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ਪਾਕੀ, ਐਲਰਜੀ, ਵਾਲ ਝੜਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜ੍ਹੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

ASK Mortgage Ltd.
Business Loan
Credit Line
Truck/Taxi Loan
New Immigrant Package
416-366-1234
Jaswinder Khosa
416-894-9400
1332 Khalsa Drive Unit 12

# ਸਮੁੰਦਰ ਕੂੜੇਦਾਨ ਨਹੀਂ ਹਨ !



ਬ੍ਰਹਿਮੰਡ ਦੀ ਰਚਨਾ ਅਤੇ ਧਰਤੀ ਉੱਤੇ ਜੀਵਨ ਦੀ ਉਤਪਤੀ ਤੋਂ ਲੈ ਕੇ ਅੱਜ ਤੱਕ ਸਮੁੰਦਰ ਜੀਵਨ, ਸੁੰਦਰਤਾ ਅਤੇ ਅਸੀਮ ਕੁਦਰਤੀ ਸੰਪਦਾ ਦੇ ਪ੍ਰਤੀਕ ਰਹੇ ਹਨ। ਇਹ ਮਨੁੱਖਤਾ ਲਈ ਭੋਜਨ ਦਾ ਮਹੱਤਵਪੂਰਨ ਸਰੋਤ ਹਨ, ਜਲਵਾਯੂ ਨੂੰ ਸੰਤੁਲਿਤ ਰੱਖਦੇ ਹਨ, ਲੱਖਾਂ ਲੋਕਾਂ ਦੀ ਰੋਜ਼ੀ-ਰੋਟੀ ਦਾ ਆਧਾਰ ਹਨ ਅਤੇ ਸਾਡੇ ਸਾਹਾਂ ਲਈ ਲੋੜੀਂਦੀ ਆਕਸੀਜ਼ਨ ਦਾ ਇੱਕ ਮਹੱਤਵਪੂਰਨ ਹਿੱਸਾ ਪ੍ਰਦਾਨ ਕਰਦੇ ਹਨ। ਪਰ ਵਿਡੰਬਨਾ ਇਹ ਹੈ ਕਿ ਮਨੁੱਖ ਇਨ੍ਹਾਂ ਵਿਸ਼ਾਲ ਜਲ-ਸਰੋਤਾਂ ਨੂੰ ਹੌਲੀ-ਹੌਲੀ ਕੂੜਾ ਸੁੱਟਣ ਲਈ ਇੱਕ ਸੁਵਿਧਾਜਨਕ ਥਾਂ ਵਜੋਂ ਵਰਤਣ ਲੱਗ ਪਿਆ ਹੈ।

ਹਰ ਰੋਜ਼ ਵੱਡੀ ਮਾਤਰਾ ਵਿੱਚ ਪਲਾਸਟਿਕ, ਗੰਦਾ ਪਾਣੀ, ਉਦਯੋਗਿਕ ਰਸਾਇਣ, ਖੇਤੀਬਾੜੀ ਦਾ ਕੂੜਾ ਅਤੇ ਹੋਰ ਪ੍ਰਦੂਸ਼ਕ ਦਰਿਆਵਾਂ ਰਾਹੀਂ ਆਖ਼ਰਕਾਰ ਸਮੁੰਦਰਾਂ ਵਿੱਚ ਪਹੁੰਚ ਰਹੇ ਹਨ। ਪਲਾਸਟਿਕ ਦੀਆਂ ਬੋਤਲਾਂ, ਥੈਲੀਆਂ, ਮੱਛੀ ਫੜਨ ਵਾਲੇ ਜਾਲ, ਖਾਣ-ਪੀਣ ਦੀ ਪੈਕਿੰਗ ਅਤੇ ਹੋਰ ਅਣਗਿਣਤ ਬੇਕਾਰ ਵਸਤੂਆਂ ਸਮੁੰਦਰਾਂ ਦੀ ਸਤ੍ਹਾ ਉੱਤੇ ਤੈਰਦੀਆਂ ਰਹਿੰਦੀਆਂ ਹਨ ਜਾਂ ਸਮੁੰਦਰ ਦੀ ਤਲਹੱਟੀ ਵਿੱਚ ਜਾ ਡੁੱਬਦੀਆਂ ਹਨ। ਜੋ ਸਮੱਸਿਆ ਸਾਨੂੰ ਦੂਰ ਦੀ ਵਾਤਾਵਰਣੀ ਸਮੱਸਿਆ ਜਾਪਦੀ ਹੈ, ਅਸਲ ਵਿੱਚ ਉਹ ਮਨੁੱਖੀ ਸਿਹਤ, ਸਮੁੰਦਰੀ ਜੀਵ-ਜੰਤੂਆਂ ਅਤੇ ਸਾਡੇ ਗ੍ਰਹਿ ਦੇ ਭਵਿੱਖ ਲਈ ਇੱਕ ਗੰਭੀਰ ਖ਼ਤਰਾ ਬਣ ਚੁੱਕੀ ਹੈ।

ਇਸ ਪ੍ਰਦੂਸ਼ਣ ਦੇ ਨਤੀਜ਼ੇ ਹੁਣ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਹੇ ਹਨ। ਸਮੁੰਦਰੀ ਜੀਵ ਅਕਸਰ ਪਲਾਸਟਿਕ ਨੂੰ ਭੋਜਨ ਸਮਝ ਕੇ ਨਿਗਲ ਜਾਂਦੇ ਹਨ, ਜਦਕਿ ਛੱਡੇ ਹੋਏ ਮੱਛੀ ਫੜਨ ਵਾਲੇ ਜਾਲ ਕੱਛੂਆਂ, ਡਾਲਫਿਨਾਂ ਅਤੇ ਹੋਰ ਜੀਵਾਂ ਨੂੰ ਫਸਾ ਕੇ ਉਨ੍ਹਾਂ ਦੀ ਜਾਨ ਲਈ ਖ਼ਤਰਾ ਬਣ ਜਾਂਦੇ ਹਨ। ਬਹੁਤ ਹੀ ਛੋਟੇ ਪਲਾਸਟਿਕ ਕਣ, ਜਿਨ੍ਹਾਂ ਨੂੰ ਮਾਈਕ੍ਰੋਪਲਾਸਟਿਕ ਕਿਹਾ ਜਾਂਦਾ ਹੈ, ਸਮੁੰਦਰੀ ਭੋਜਨ ਲੜੀ ਵਿੱਚ ਦਾਖ਼ਲ ਹੋ ਚੁੱਕੇ ਹਨ ਅਤੇ ਹੁਣ ਸਮੁੰਦਰੀ ਖੁਰਾਕ ਸਮੇਤ ਵਾਤਾਵਰਣ ਦੇ ਹੋਰ ਹਿੱਸਿਆਂ ਵਿੱਚ ਵੀ ਪਾਏ ਜਾ ਰਹੇ ਹਨ। ਰਸਾਇਣਕ ਪ੍ਰਦੂਸ਼ਣ ਵੀ ਅਜਿਹੇ ਖੇਤਰ ਪੈਦਾ ਕਰ ਸਕਦਾ ਹੈ ਜਿੱਥੇ ਸਮੁੰਦਰੀ ਜੀਵਨ ਲਈ ਜੀਊਣਾ ਮੁਸ਼ਕਲ ਹੋ ਜਾਂਦਾ ਹੈ।

ਇਹ ਸਮੱਸਿਆ ਸਮੁੰਦਰਾਂ ਦੀ ਨਹੀਂ, ਸਗੋਂ ਮਨੁੱਖੀ ਆਦਤਾਂ ਦੀ ਪੈਦਾਵਾਰ ਹੈ। ਖਰਾਬ ਕੂੜਾ ਪ੍ਰਬੰਧਨ ਪ੍ਰਣਾਲੀ, ਇਕ ਵਾਰ ਵਰਤੋਂ ਵਾਲੇ ਪਲਾਸਟਿਕ ਦੀ ਬੇਹਿਸਾਬ ਵਰਤੋਂ, ਬਿਨਾਂ ਸਾਫ਼ ਕੀਤੇ ਗੰਦੇ ਪਾਣੀ ਦਾ ਨਿਕਾਸ ਅਤੇ ਉਦਯੋਗਾਂ ਦੀ ਗੈਰ-ਜ਼ਿੰਮੇਵਾਰਾਨਾ ਕਾਰਗੁਜ਼ਾਰੀ ਅਜਿਹੇ ਕਾਰਨ ਹਨ ਜੋ ਸ਼ਹਿਰਾਂ ਅਤੇ ਪਿੰਡਾਂ ਦਾ ਕੂੜਾ ਦਰਿਆਵਾਂ ਰਾਹੀਂ ਸਮੁੰਦਰਾਂ ਤੱਕ ਪਹੁੰਚਾਉਂਦੇ ਹਨ। ਇਸ ਅਰਥ ਵਿੱਚ ਸਮੁੰਦਰੀ ਪ੍ਰਦੂਸ਼ਣ ਇਸ ਗੱਲ ਦਾ ਦਰਪਣ ਹੈ ਕਿ ਅਸੀਂ ਧਰਤੀ ਉੱਤੇ ਆਪਣੇ ਕੂੜੇ ਦਾ ਪ੍ਰਬੰਧਨ ਕਿੰਨੀ ਜ਼ਿੰਮੇਵਾਰੀ ਜਾਂ ਗੈਰ-ਜ਼ਿੰਮੇਵਾਰੀ ਨਾਲ ਕਰਦੇ ਹਾਂ।

ਸਰਕਾਰਾਂ ਨੂੰ ਕੂੜਾ ਪ੍ਰਬੰਧਨ ਪ੍ਰਣਾਲੀਆਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ, ਉਦਯੋਗਿਕ ਗੰਦੇ ਪਾਣੀ ਅਤੇ ਰਸਾਇਣਕ ਨਿਕਾਸ ਉੱਤੇ ਸਖ਼ਤ ਨਿਯੰਤਰਣ ਲਗਾਉਣਾ ਚਾਹੀਦਾ ਹੈ ਅਤੇ ਪਲਾਸਟਿਕ ਪ੍ਰਦੂਸ਼ਣ ਨੂੰ ਘਟਾਉਣ ਲਈ ਪ੍ਰਭਾਵਸ਼ਾਲੀ ਕਦਮ ਚੁੱਕਣੇ ਚਾਹੀਦੇ ਹਨ। ਤੱਟੀ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਲਈ ਬਿਹਤਰ ਕੂੜਾ ਇਕੱਠਾ ਕਰਨ ਦੀਆਂ ਸਹੂਲਤਾਂ ਉਪਲਬਧ ਕਰਵਾਉਣੀਆਂ ਚਾਹੀਦੀਆਂ ਹਨ। ਉਦਯੋਗਾਂ ਨੂੰ ਆਪਣੇ ਦੁਆਰਾ ਪੈਦਾ ਕੀਤੇ ਕੂੜੇ ਲਈ ਜਵਾਬਦੇਹ ਬਣਾਇਆ ਜਾਣਾ ਚਾਹੀਦਾ ਹੈ।

ਨਾਗਰਿਕਾਂ ਦੀ ਭੂਮਿਕਾ ਵੀ ਉਤਨੀ ਹੀ ਮਹੱਤਵਪੂਰਨ ਹੈ। ਸਾਨੂੰ ਬੇਲੋੜੀ ਪਲਾਸਟਿਕ ਦੀ ਵਰਤੋਂ ਘਟਾਉਣੀ ਚਾਹੀਦੀ ਹੈ, ਜਨਤਕ ਥਾਵਾਂ 'ਤੇ ਕੂੜਾ ਨਹੀਂ ਸੁੱਟਣਾ ਚਾਹੀਦਾ, ਗਿੱਲੇ ਅਤੇ ਸੁੱਕੇ ਕੂੜੇ ਨੂੰ ਵੱਖਰਾ ਕਰਨਾ ਚਾਹੀਦਾ ਹੈ ਅਤੇ ਦੁਬਾਰਾ ਵਰਤੋਂਯੋਗ ਵਸਤੂਆਂ ਨੂੰ ਤਰਜੀਹ ਦੇਣੀ ਚਾਹੀਦੀ ਹੈ।

ਸਫ਼ਾਈ ਅਭਿਆਨ ਕੁਝ ਹੱਦ ਤੱਕ ਕੂੜਾ ਹਟਾ ਸਕਦੇ ਹਨ, ਪਰ ਇਹ ਸਥਾਈ ਹੱਲ ਨਹੀਂ ਹਨ। ਅਸਲ ਹੱਲ ਇਸ ਗੱਲ ਵਿੱਚ ਹੈ ਕਿ ਕੂੜਾ ਪੈਦਾ ਹੀ ਘੱਟ ਹੋਵੇ ਅਤੇ ਉਸ ਨੂੰ ਸਮੁੰਦਰ ਤੱਕ ਪਹੁੰਚਣ ਤੋਂ ਪਹਿਲਾਂ ਹੀ ਰੋਕਿਆ ਜਾਵੇ। ਇਸ ਲਈ ਵਾਤਾਵਰਣੀ ਸਿੱਖਿਆ ਅਤੇ ਲੋਕ ਜਾਗਰੂਕਤਾ ਨੂੰ ਵਾਤਾਵਰਣ ਨੀਤੀ ਦਾ ਅਟੁੱਟ ਹਿੱਸਾ ਬਣਾਉਣਾ ਬਹੁਤ ਜ਼ਰੂਰੀ ਹੈ।

ਸਮੁੰਦਰਾਂ ਕੋਲ ਪ੍ਰਦੂਸ਼ਣ ਵਿਰੁੱਧ ਆਪਣੀ ਆਵਾਜ਼ ਉਠਾਉਣ ਲਈ ਕੋਈ ਸ਼ਬਦ ਨਹੀਂ ਹਨ, ਪਰ ਉਨ੍ਹਾਂ ਦੀ ਵਿਗੜਦੀ ਸਿਹਤ ਸਾਨੂੰ ਇੱਕ ਸਪੱਸ਼ਟ ਚੇਤਾਵਨੀ ਦੇ ਰਹੀ ਹੈ। ਅਸੀਂ ਸਮੁੰਦਰਾਂ ਨੂੰ ਅਜਿਹਾ ਅਥਾਹ ਕੂੜੇਦਾਨ ਨਹੀਂ ਬਣਾ ਸਕਦੇ ਜਿਸ ਵਿੱਚ ਆਪਣਾ ਕੂੜਾ ਸੁੱਟ ਕੇ ਸਿਰਫ਼ ਇਸ ਲਈ ਨਿਸ਼ਚਿੰਤ ਹੋ ਜਾਈਏ ਕਿ ਉਹ ਸਾਡੀਆਂ ਅੱਖਾਂ ਤੋਂ ਦੂਰ ਚਲਾ ਗਿਆ ਹੈ।

ਸਮੁੰਦਰ ਸਾਡਾ ਕੂੜੇਦਾਨ ਨਹੀਂ, ਸਗੋਂ ਸਾਡੀ ਜੀਵਨ-ਰੇਖਾ ਹਨ। ਉਨ੍ਹਾਂ ਦੀ ਰੱਖਿਆ ਕਰਨਾ ਕੇਵਲ ਵਾਤਾਵਰਣੀ ਜ਼ਿੰਮੇਵਾਰੀ ਨਹੀਂ, ਬਲਕਿ ਆਪਣੇ ਆਪ ਅਤੇ ਆਉਣ ਵਾਲੀਆਂ ਪੀੜ੍ਹੀਆਂ ਪ੍ਰਤੀ ਸਾਡੀ ਨੈਤਿਕ ਜ਼ਿੰਮੇਵਾਰੀ ਵੀ ਹੈ।



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ
ਪੰਜਾਬ।

# Do you Have Pain?

## Pain Awareness and Prevention Tips




Health media Canada: (Dr Anil Dheer. Global Health Reporter): September 2026, is the International Pain Awareness Month. Globally, millions of individuals live with persistent pain conditions like arthritis, fibromyalgia, and neuropathy, which are often invisible to the outside world. Pain Awareness Month was established in 2001 through a coalition led by the American Chronic Pain Association. Today, organizations around the world use September to share reliable information, elevate lived experience, and advocate for better pain research, education, and care.

Pain is one of the most common health problems experienced by people of all ages. It can be short-term or long-lasting and may affect physical health, emotional well-being, sleep, work, and quality of life. Understanding pain, identifying its causes early, and taking preventive measures can help reduce unnecessary suffering and complications.

- Pain is a warning signal that indicates injury, illness, inflammation, or another problem in the body.
- Acute pain usually develops suddenly because of an injury, surgery, infection, or illness and generally improves as the body heals.
- Chronic pain lasts for months or longer and may continue even after the original injury has healed.
- Common types of pain include headache, back pain, neck pain, joint pain, muscle pain, nerve pain, and abdominal pain.
- Pain should not always be ignored, especially when it is severe, persistent, unexplained, or getting worse.
- Pain is a personal experience, and two people with the same condition may experience very different levels of discomfort.
- Early recognition of pain can help prevent a minor problem from becoming a more serious condition.
- Persistent pain should be discussed with a qualified healthcare professional rather than repeatedly self-treating it.

**Take Care of you and your family:**

- Listen to your body. Persistent or unusual pain is a reason to investigate the cause, protect your health, and seek professional advice when needed.
- Good posture can reduce unnecessary strain on the neck, shoulders, spine, and lower back. People who work at desks should keep their computer screens at an appropriate height and use supportive seating.

Avoid remaining in the same position for many hours. Stand, stretch, and move regularly.

- Regular physical activity helps maintain muscle strength, joint flexibility, circulation, and overall mobility.
- Exercise should be increased gradually because suddenly performing intense activity can lead to muscle and joint injuries.
- Warm-up exercises before sports or strenuous physical activity may help prepare muscles and joints for movement.
- Cooling down and gentle stretching after exercise can help the body gradually return to its resting state.
- Proper lifting techniques are important for preventing back injuries. Bend at the knees and avoid twisting while carrying heavy objects.
- Avoid lifting objects that are too heavy. Ask for assistance or use appropriate equipment whenever necessary.
- Maintaining a healthy body weight can reduce unnecessary pressure on the knees, hips, feet, and spine.
- A balanced diet provides nutrients needed for healthy bones, muscles, nerves, and tissues.
- Adequate intake of protein, calcium, vitamin D, and other essential nutrients supports musculoskeletal health.
- Staying properly hydrated is important for normal muscle and body function.
- Quality sleep plays an important role in physical recovery and the way the nervous system processes pain.
- Poor sleep and pain can create a cycle in which pain interferes with sleep and lack of sleep increases sensitivity to pain.
- Managing stress may help reduce muscle tension, headaches, and worsening of some chronic pain conditions.
- Relaxation techniques such as deep breathing, meditation, gentle yoga, and mindfulness may help some people manage stress-related discomfort.
- Avoid excessive repetitive movements because repeated strain can cause conditions affecting muscles, tendons, and joints.
- Workers performing repetitive activities should take appropriate breaks and use ergonomic equipment when possible.
- Proper footwear can reduce stress on the feet, ankles, knees, hips, and back.
- Sports equipment and protective gear should fit properly and be used correctly to help prevent injuries.
- Falls are an important cause of painful injuries, particularly among older adults.
- Keeping floors clear, using adequate lighting, and installing handrails where necessary can reduce the risk of falls.
- Strength and balance exercises can help improve stability and may reduce fall-related injuries.
- Never ignore persistent numbness, tingling, weakness, or burning pain, as these symptoms may indicate nerve involvement.
- Sudden severe pain accompanied by chest pressure, difficulty breathing, fainting, weakness on one side of the body, or other serious symptoms requires urgent medical attention.
- Severe abdominal pain, especially when associated with vomiting, bleeding, fever, or abdominal swelling, should be assessed promptly.
- Pain following a significant fall, accident, or head injury should be monitored carefully and medically evaluated when necessary.
- Pain medicines should be taken only as directed because taking excessive doses can cause serious side effects.
- Do not combine different pain medicines without checking their ingredients or obtaining appropriate medical or pharmacy advice.
- Long-term or frequent use of pain medication should be discussed with a healthcare professional.
- Medicines are only one part of pain management. Depending on the cause, treatment may also include physiotherapy, exercise, rehabilitation, psychological support, or other approaches.
- Applying cold packs may help certain recent injuries by temporarily reducing swelling and discomfort.
- Heat therapy may help relax tight or stiff muscles in some situations, but heat is not appropriate for every injury.
- Heat and ice should not be applied directly to bare skin for prolonged periods because this can cause skin injury.
- Physiotherapy can help some people improve mobility, strength, posture, and function while managing certain causes of pain.
- Chronic pain can affect mental health and may contribute to frustration, anxiety, social isolation, or depression.
- Emotional and psychological support can therefore be an important part of comprehensive chronic pain management.
- Keeping a pain diary can help identify patterns involving activity, sleep, food, stress, medication, and symptom severity.
- Regular health checkups can help identify conditions such as arthritis, osteoporosis, diabetes, or other disorders that may contribute to pain.
- Pain prevention should begin early through healthy habits rather than waiting until serious discomfort or disability develops.
- Public awareness about pain can reduce stigma and encourage people to seek appropriate treatment instead of silently suffering.
- Timely medical attention is important.















# ਰਾਸ਼ੀਫਲ



**ਮੇਸ਼ :** ਅੱਜ ਬਸ ਇੱਕ ਹੋਰ ਵਿਅਸਤ ਦਿਨ ਹੈ। ਤੁਸੀਂ ਪਹਿਲਾਂ ਦਫਤਰ ਵਿੱਚ ਅਤੇ ਬਾਅਦ ਵਿੱਚ ਘਰ ਵਿੱਚ ਸਮੱਸਿਆਵਾਂ ਨੂੰ ਸੁਲਝਾਉਂਦੇ ਪ੍ਰੇਸ਼ਾਨ ਰਹਿ ਸਕਦੇ ਹੋ। ਤੁਹਾਡੇ ਬੌਸ ਤੁਹਾਨੂੰ ਕੁਝ ਰਿਆਇਤਾਂ ਦੇ ਸਕਦੇ ਹਨ, ਅਤੇ ਇਹ ਚੀਜ਼ਾਂ ਨੂੰ ਕੁਝ ਹੱਦ ਤੱਕ ਆਸਾਨ ਬਣਾਵੇਗਾ। ਤੁਹਾਨੂੰ ਬਜ਼ੁਰਗਾਂ ਤੋਂ ਵਡਮੁੱਲਾ ਮਾਰਗਦਰਸ਼ਨ ਮਿਲੇਗਾ।

**ਵ੍ਰਿਸ਼ਭ :** ਇਹ ਤੁਹਾਡੀਆਂ ਪ੍ਰਬੰਧਕੀ ਅਤੇ ਯੋਜਨਾਤਮਕ ਸਮਰੱਥਾਵਾਂ ਨੂੰ ਦਿਖਾਉਣ ਲਈ ਉੱਤਮ ਦਿਨ ਹੈ। ਆਪਣੇ ਕੰਮ ਦੀ ਥਾਂ 'ਤੇ ਜਾਂ ਆਪਣੇ ਵਪਾਰ ਵਿੱਚ ਆਪਣੀ ਪੂਰੀ ਊਰਜਾ ਜਾਂ ਜੋਸ਼ ਲਗਾਓ। ਤੁਸੀਂ ਯਕੀਨਨ ਆਪਣੇ ਸਹਿਕਰਮੀਆਂ ਅਤੇ ਉੱਚ ਅਧਿਕਾਰੀਆਂ, ਸਾਥੀਆਂ ਅਤੇ ਵਿਰੋਧੀਆਂ ਨੂੰ ਪ੍ਰਭਾਵਿਤ ਕਰੋਗੇ ਅਤੇ ਉਹਨਾਂ ਦੀ ਸ਼ਲਾਘਾ ਅਤੇ ਸਮਰਥਨ ਹਾਸਿਲ ਕਰੋਗੇ। ਬਸ ਇੱਕ ਗੱਲ ਯਾਦ ਰੱਖੋ। ਇਸ ਨੂੰ ਲੋੜ ਤੋਂ ਜ਼ਿਆਦਾ ਨਾ ਕਰੋ। ਕੋਈ ਅਜਿਹਾ ਕੰਮ ਨਾ ਲਓ ਜੋ ਤੁਹਾਡੀ ਪਹੁੰਚ ਅਤੇ ਸਮਰੱਥਾਵਾਂ ਤੋਂ ਬਾਹਰ ਹੈ। ਇਸ ਨਾਲ ਚੀਜ਼ਾਂ ਉਲਟ ਪੈ ਸਕਦੀਆਂ ਹਨ।

**ਮਿਥੁਨ :** ਅੱਜ, ਤੁਸੀਂ ਆਪਣਾ ਦਿਨ ਦੂਜੇ ਲੋਕਾਂ ਦੀਆਂ ਪ੍ਰੇਰਨਾਵਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਵਿੱਚ ਬਿਤਾ ਸਕਦੇ ਹੋ। ਤੁਸੀਂ ਸੁਰੱਖਿਆ ਅਤੇ ਪੈਸੇ ਦੇ ਮਾਮਲਿਆਂ ਬਾਰੇ ਗੱਲ ਕਰਦੇ ਆਪਣੇ ਪਰਿਵਾਰ ਦੇ ਜੀਆਂ ਨਾਲ ਵੀ ਸਮਾਂ ਬਿਤਾ ਸਕਦੇ ਹੋ। ਤੁਹਾਡੇ ਸਨੇਹੀ ਸੁਭਾਅ ਦੇ ਕਾਰਨ ਤੁਹਾਨੂੰ ਆਪਣੇ ਆਲੇ-ਦੁਆਲੇ ਦੇ ਲੋਕਾਂ ਤੋਂ ਮੋਹ, ਸਨੇਹ, ਅਤੇ ਪਿਆਰ ਮਿਲੇਗਾ।

**ਕਰਕ :** ਤੁਹਾਡੇ ਨਜ਼ਦੀਕੀ ਦੋਸਤ ਤੁਹਾਡੇ ਮਨ ਦੀ ਸਥਿਤੀ ਅਤੇ ਰਵਈਏ ਤੋਂ ਪ੍ਰੇਰਿਤ ਹੋਣਗੇ। ਤੁਸੀਂ ਉਹਨਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰੋਗੇ, ਅਤੇ ਸੰਭਾਵਿਤ ਤੌਰ ਤੇ ਤੁਸੀਂ ਉਹਨਾਂ ਨਾਲ ਬਾਹਰ ਜਾਓਗੇ ਅਤੇ ਇੱਕ ਪਿਆਰੀ ਸ਼ਾਮ ਬਿਤਾਓਗੇ। ਪਿਆਰ ਅਤੇ ਦਿਲ ਦੇ ਬੰਧਨ ਲੰਬੇ ਸਮੇਂ ਲਈ ਰਹਿਣਗੇ ਅਤੇ ਫਲਦਾਇਕ ਸਾਬਿਤ ਹੋਣਗੇ।

**ਸਿੰਘ :** ਤੁਹਾਡਾ ਦਿਨ ਰਲੇ-ਮਿਲੇ ਨਤੀਜਿਆਂ ਨਾਲ ਭਰਿਆ ਹੋਵੇਗਾ। ਇੱਕ ਪਾਸਿਓਂ, ਤੁਸੀਂ ਆਪਣੇ ਸਾਥੀ ਜਾਂ ਸਹਿਕਰਮੀ ਤੋਂ ਉਦਾਸ ਹੋਵੋਗੇ, ਫੇਰ ਦੁਬਾਰਾ, ਦੂਜੇ ਪਾਸੇ, ਤੁਸੀਂ ਆਪਣੀਆਂ ਧਾਰਨਾਵਾਂ 'ਤੇ ਉੱਤਮ ਲਾਭ ਬਣਾਓਗੇ। ਤੁਸੀਂ ਸੰਭਾਵਿਤ ਤੌਰ ਤੇ ਤੁਹਾਡੇ ਦੋਸਤ ਵੱਲੋਂ ਦਿੱਤੀ ਗਈ ਸਲਾਹ ਦੇ ਆਧਾਰ 'ਤੇ ਕੁਝ ਸੰਤੁਲਨ ਬਣਾ ਕੇ ਰੱਖਣ ਦੀ ਕੋਸ਼ਿਸ਼ ਕਰੋਗੇ।

**ਕੰਨਿਆ :** ਆਪਣੀ ਸਿਹਤ ਸੰਬੰਧੀ ਮਾਮਲਿਆਂ ਨੂੰ ਨਜ਼ਰਅੰਦਾਜ਼ ਨਾ ਕਰੋ। ਅੱਜ ਤੁਸੀਂ ਉਹਨਾਂ ਪੁਰਾਣੇ ਜਖਮਾਂ ਪ੍ਰਤੀ ਧਿਆਨ ਦੇਣ ਲਈ ਤਿਆਰ ਲੱਗ ਰਹੇ ਹੋ। ਹਾਲਾਂਕਿ, ਸ਼ਾਂਤੀ ਅਤੇ ਖੁਸ਼ਹਾਲੀ ਅੱਜ ਦੇ ਦਿਨ ਦੇ ਮੁੱਖ ਰੰਗ ਹਨ। ਤੁਸੀਂ ਆਪਣੇ ਆਪ ਨੂੰ ਚਾਰਜ ਕਰਨ ਲਈ ਅੱਗੇ ਵਧ ਸਕਦੇ ਹੋ ਅਤੇ ਆਨੰਦ ਮਾਣ ਸਕਦੇ ਹੋ।

**ਤੁਲਾ :** ਅੱਜ ਸਰਕਾਰੀ ਖੇਤਰ ਵਿੱਚ ਕੰਮ ਕਰ ਰਹੇ ਲੋਕਾਂ ਲਈ ਉੱਤਮ ਦਿਨ ਰਹਿਣ ਵਾਲਾ ਹੈ। ਤੁਹਾਡੀ ਸਖਤ ਮਿਹਨਤ ਦਾ ਤੁਹਾਨੂੰ ਫਲ ਮਿਲੇਗਾ, ਅਤੇ ਤੁਹਾਨੂੰ ਤੁਹਾਡੀਆਂ ਸ਼ਲਾਘਾਯੋਗ ਸੇਵਾਵਾਂ ਲਈ ਉਚਿਤ ਤੌਰ ਤੇ ਪਛਾਣਿਆ ਅਤੇ ਮੁਆਵਜ਼ਾ ਦਿੱਤਾ ਜਾ ਸਕਦਾ ਹੈ। ਆਪਣੇ ਕੰਨ ਅਤੇ ਅੱਖਾਂ ਖੁੱਲ੍ਹੀਆਂ ਅਤੇ ਆਪਣੀ ਜ਼ੁਬਾਨ ਬੰਦ ਰੱਖੋ, ਤੁਹਾਡੇ ਪ੍ਰਬੰਧਕ ਤੁਹਾਡੇ 'ਤੇ ਵਿਸ਼ਵਾਸ ਕਰਨਾ ਅਤੇ ਤੁਹਾਡੇ ਨਾਲ ਗੁਪਤ ਮੁੱਦਿਆਂ 'ਤੇ ਚਰਚਾ ਕਰਨਾ ਚਾਹੁਣਗੇ।

**ਵ੍ਰਿਸ਼ਚਿਕ :** ਤੁਹਾਡੀ ਊਰਜਾ ਦੇ ਪੱਧਰ ਅੱਜ ਰਿਕਾਰਡ-ਤੋੜ ਪੱਧਰ 'ਤੇ ਹਨ, ਕਿਉਂਕਿ ਤੁਸੀਂ ਇੱਕ ਹੋਰ ਵਪਾਰ ਉੱਦਮ ਸ਼ੁਰੂ ਕਰਨਾ ਚਾਹ ਰਹੇ ਹੋ। ਤੁਸੀਂ ਮਜ਼ਬੂਤ ਕੋਸ਼ਿਸ਼ ਅੱਗੇ ਰੱਖਣ ਅਤੇ ਜਦੋਂ ਤੱਕ ਉਮੀਦ ਕੀਤੇ ਨਤੀਜੇ ਨਾ ਮਿਲਣ ਉਦੋਂ ਤੱਕ ਸਖਤ ਮਿਹਨਤ ਕਰਨ ਲਈ ਦ੍ਰਿੜ ਹੋ। ਸਾਰੀਆਂ ਚੀਜ਼ਾਂ 'ਤੇ ਵਿਚਾਰ ਕਰਦੇ ਹੋਏ, ਤੁਹਾਡਾ ਦਿਨ ਲਾਭਦਾਇਕ ਅਤੇ ਸੁਯੋਗ ਹੋ ਸਕਦਾ ਹੈ।

**ਧਨੁ :** ਦੁਖੀ ਅਤੇ ਉਦਾਸ, ਤੁਸੀਂ ਅੱਜ ਇਸ ਤਰ੍ਹਾਂ ਮਹਿਸੂਸ ਕਰੋਗੇ। ਹਾਲਾਂਕਿ, ਦਿਨ ਦੇ ਦੂਸਰੇ ਅੱਧ ਭਾਗ ਦੌਰਾਨ ਚਿੰਤਾ ਦੇ ਬੱਦਲ ਛਾ ਸਕਦੇ ਹਨ। ਵਿਦੇਸ਼ ਤੋਂ ਖੁਸ਼-ਖਬਰੀ ਜਾਂ ਇੱਕ ਦੋਸਤ ਦੀ ਫੋਨ ਕਾਲ ਤੁਹਾਨੂੰ ਖੁਸ਼ੀ ਦੇ ਸਕਦੀ ਹੈ।

**ਮਕਰ :** ਅੱਜ, ਤੁਸੀਂ ਆਪਣੇ ਟੀਚਿਆਂ ਨੂੰ ਹਾਸਿਲ ਕਰਨ ਲਈ ਸਹੀ ਅਤੇ ਗਲਤ ਤਰੀਕਿਆਂ ਦੀ ਵਰਤੋਂ ਕਰਦੇ ਹੋਏ, ਤਾਕਤ ਦੀ ਖੇਡ ਵਾਪਸ ਖੇਡੋਗੇ। ਬਹੁਤ ਜ਼ਿਆਦਾ ਬੌਧਿਕ ਵਿਕਾਸ ਹੋਵੇਗਾ; ਤੁਹਾਡੇ ਇਰਾਦੇ ਵੀ ਓਨੇ ਹੀ ਵਧੀਆ ਹੋਣਗੇ। ਤੁਹਾਨੂੰ ਅਜਿਹੇ ਪੜਾਅ ਦਾ ਪੂਰਾ ਲਾਭ ਚੁੱਕਣ ਦੀ ਸਲਾਹ ਦਿੱਤੀ ਜਾਂਦੀ ਹੈ।

**ਕੁੰਭ :** ਉਮੀਦ ਨਾ ਕੀਤੀਆਂ ਅਤੇ ਹੈਰਾਨੀਜਨਕ ਚੀਜ਼ਾਂ ਅੱਜ ਤੁਹਾਨੂੰ ਹੈਰਾਨ ਕਰ ਸਕਦੀਆਂ ਹਨ। ਸਫਲਤਾ, ਪੈਸਾ, ਪਿਆਰ, ਇਹ ਜੋ ਵੀ ਹੈ ਤੁਸੀਂ ਅਚਾਨਕ ਇੱਛਾ ਦੀ ਉਮੀਦ ਖੋਵੋਗੇ! ਦਿਨ ਦੇ ਅੰਤ ਤੱਕ, ਤੁਸੀਂ ਪੜ੍ਹਨ, ਖੋਜ, ਚਰਚਾ ਜਾਂ ਕੋਈ ਹੋਰ ਅਜਿਹੀ ਗਤੀਵਿਧੀ ਕਰਨ ਵਿੱਚ ਸਮਾਂ ਬਿਤਾ ਸਕਦੇ ਹੋ।

**ਮੀਨ :** ਅੱਜ, ਤੁਸੀਂ ਘਰ ਅਤੇ ਦਫਤਰ ਦੋਨਾਂ ਵਿੱਚ ਚੀਜ਼ਾਂ ਨਾਲ ਨਜਿੱਠ ਰਹੇ ਹੋਵੋਗੇ। ਤੁਸੀਂ ਘਰ ਦੀ ਮੁਰੰਮਤ ਕਰਨ ਦੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਹੋਣ ਦੀ ਉਮੀਦ ਕਰ ਸਕਦੇ ਹੋ, ਜਿੱਥੇ ਲਾਗਤਾਂ ਸੰਭਾਵਿਤ ਤੌਰ 'ਤੇ ਉੱਚ ਹੋਣਗੀਆਂ। ਤੁਹਾਡੇ ਸਖਤ ਦਿਨ ਦੇ ਕੰਮ ਤੋਂ ਬਾਅਦ ਸ਼ੁਕਰਗੁਜ਼ਾਰੀ ਅਤੇ ਸ਼ਲਾਘਾ ਤੁਹਾਡੇ ਰਸਤੇ ਵਿੱਚ ਆਵੇਗੀ।

# (ਕਿੰਨਾ ਔਖਾ ਹੁੰਦਾ ਹੈ)

ਕਿੰਨਾ ਔਖਾ ਹੁੰਦਾ ਹੈ
ਉਸ ਇਨਸਾਨ ਨਾਲ ਰਹਿਣਾ
ਜਿਸ ਨੇ ਤਾਉਮਰ ਦੁੱਖ ਹੀ ਦਿੱਤੇ ਹੋਣ

ਕਿੰਨਾ ਔਖਾ ਹੁੰਦਾ ਹੈ
ਹਰ ਵੇਲੇ ਉਸ ਦੀਆਂ
ਘੂਰਦੀਆਂ ਨਜ਼ਰਾਂ ਨੂੰ
ਬਰਦਾਸ਼ਤ ਕਰਨਾ

ਕਿੰਨਾ ਔਖਾ ਹੁੰਦਾ ਹੈ
ਜਿਸਨੇ ਹਰੇਕ ਸਾਹਮਣੇ
ਬੇਇੱਜ਼ਤ ਕੀਤਾ ਹੋਏ
ਉਸ ਅਪਮਾਨ ਨੂੰ ਸਹਿਣਾ

ਕਿੰਨਾ ਔਖਾ ਹੁੰਦਾ ਹੈ
ਕਿਸੇ ਨੂੰ ਮਿਲਣ ਨਾ ਦੇਣਾ
ਤੇ ਇਹ ਕਹਿਣਾ ਪਏ ਕਿ
ਤੂੰ ਸਾਡੇ ਘਰ ਨਾ ਆਈਂ

ਕਿੰਨਾ ਔਖਾ ਹੁੰਦਾ ਹੈ
ਜਦ ਭੁੱਬੀ ਰੋਣ ਤੇ ਦਿਲ ਕਰੇ
ਤੇ ਜ਼ਬਰਦਸਤੀ ਦਾ ਮੁਸਕਰਾਉਣਾ

ਕਿੰਨਾ ਔਖਾ ਹੁੰਦਾ ਹੈ
ਆਪਣੇ ਹਾਰ ਸ਼ਿੰਗਾਰ ਤੇ
ਡਿਜ਼ਾਇਨਰ ਸੂਟਾਂ ਪਿੱਛੇ
ਆਪਣੇ ਦਰਦ ਨੂੰ ਛੁਪਾਉਣਾ

ਕਿੰਨਾ ਔਖਾ ਹੁੰਦਾ ਹੈ
ਦਿਲ ਵਿੱਚ ਹਜ਼ਾਰਾਂ ਗੱਲਾਂ ਹੋਣ ਪਰ
ਉਹਨਾਂ ਨੂੰ ਸਾਂਝਾ ਕਰਨ ਵਾਲਾ ਕੋਈ ਨਾ ਹੋਏ

ਕਿੰਨਾ ਔਖਾ ਹੁੰਦਾ ਹੈ
ਜਦ ਉਹ ਆਪਣੇ ਹੀ ਘਰ ਵਿੱਚ
ਬੇਗਾਨਿਆਂ ਵਾਂਗ ਮਹਿਸੂਸ ਕਰਦਾ ਹੈ

ਕਿੰਨਾ ਔਖਾ ਹੁੰਦਾ ਹੈ
ਆਪਣੀਆਂ ਇੱਛਾਵਾਂ ਨੂੰ ਮਾਰ ਕੇ
ਜ਼ਿੰਦਗੀ ਨੂੰ ਬਤੀਤ ਕਰਨਾ

ਕਿੰਨਾ ਔਖਾ ਹੁੰਦਾ ਹੈ
ਜਦ ਉਹ ਉੱਡਣਾ ਤਾਂ ਚਾਹੁੰਦਾ ਹੈ ਪਰ
ਉਸਦੇ ਪਰ ਕੱਟੇ ਹੋਏ ਹੁੰਦੇ ਨੇ

ਕਿੰਨਾ ਔਖਾ ਹੁੰਦਾ ਹੈ
ਜਦ ਇਨਸਾਨ ਮਰਨਾ ਚਾਹ ਕੇ
ਵੀ ਮਰ ਨਾ ਸਕੇ

ਕਿੰਨਾ ਔਖਾ ਹੁੰਦਾ ਹੈ
ਹਰ ਪੱਲ ਸਬਰ ਦੇ ਘੁੱਟ
ਭਰਦੇ ਰਹਿਣਾ

ਕਿੰਨਾ ਔਖਾ ਹੁੰਦਾ ਹੈ
ਹਰ ਪੱਲ ਸੱਭ ਸਹਿੰਦੇ ਰਹਿਣਾ
ਤੇ ਕੁਝ ਨਾ ਕਰ ਸਕਣਾ

ਐਸੀ ਜ਼ਿੰਦਗੀ ਜਿਊਣਾ
ਕਿੰਨਾ ਔਖਾ ਹੁੰਦਾ ਹੈ
ਕਿੰਨਾ ਔਖਾ ਹੁੰਦਾ ਹੈ।



(ਰਮਿੰਦਰ ਰੰਮੀ)

# ਇੱਕ ਨਵਾਂ ਖ਼ਿਆਲ, ਸ਼ਾਇਦ ਮਨ-ਚਿੱਤ ਨੂੰ ਰਾਸ ਆਵੇ...

ਕੁਝ ਸਮਾਂ ਪਹਿਲਾਂ ਮੈਂ ਇੱਕ ਸ਼ਬਦ -ਚਿੱਤਰ ਲਿਖਣ ਬਾਰੇ ਸੋਚ ਰਿਹਾ ਸੀ। ਖ਼ਿਆਲ ਆਇਆ ਕਿ ਪਹਿਲਾਂ ਕੁਝ ਸ਼ਬਦ -ਚਿੱਤਰ ਪੜ੍ਹ ਲਵਾਂ। ਕੁਝ ਵੀ ਲਿਖਣ ਤੋਂ ਪਹਿਲਾਂ ਅਕਸਰ ਮੈਂ ਇਉਂ ਹੀ ਕਰਦਾ ਹਾਂ ਆਪਣਾ ਮੂਡ ਸੈੱਟ ਕਰਨ ਲਈ। ਬਲਵੰਤ ਗਾਰਗੀ ਅਤੇ ਪ੍ਰੋਫ਼ੈਸਰ ਪ੍ਰੀਤਮ ਸਿੰਘ ਦੇ ਟ੍ਰੈਂਡ-ਸੈਟਰ ਰੇਖਾ-ਚਿੱਤਰਾਂ ਤੋਂ ਬਾਅਦ ਹੁਣ ਇਸ ਵਿਧਾ ਨੂੰ ਸ਼ਬਦ -ਚਿੱਤਰ ਕਿਹਾ ਜਾਂਦਾ ਹੈ। ਸਿਰਫ਼ ਨਾਂ ਹੀ ਨਹੀਂ ਇਸ ਵਿਧਾ ਦਾ ਸਰੂਪ ਵੀ ਕਾਫੀ ਬਦਲ ਗਿਆ ਹੈ। ਇਹ ਸ਼ਬਦ -ਚਿੱਤਰ ਮਨੁੱਖੀ ਵਿਵਹਾਰ ਨੂੰ ਬਹੁ -ਕੋਣਾਂ ਤੋਂ ਖੜ੍ਹ ਕੇ ਵਧੇਰੇ ਯਥਾਰਥਕ ਢੰਗ ਨਾਲ਼ ਪੇਸ਼ ਕਰਨ ਲੱਗੇ ਹਨ।

ਵਰਿਆਮ ਸਿੰਘ ਸੰਧੂ (ਹੀਰੇ ਬੰਦੇ) ਕੁਲਬੀਰ ਬਡੇਸਰੋਂ (ਬਰਾਬਰ ਦੀ ਜੱਫੀ),ਜਾਵੇਦ ਸਦੀਕੀ (ਖ਼ਾਕੇ , ਅਨੁਵਾਦ ਭਜਨਬੀਰ ਸਿੰਘ) ਅਤੇ ਨਿੰਦਰ ਘੁਗਿਆਣਵੀ (ਫੋਟੋਕਾਰ ਬਾਜਵਾ ਬਾਰੇ ਅਤੇ ਹੋਰ ਸ਼ਬਦ ਚਿੱਤਰ) ਆਦਿ ਸ਼ਬਦ -ਚਿੱਤਰ ਪੜ੍ਹੇ ਹਨ ।ਸਭ ਤੋਂ ਵੱਧ ਕਹਾਣੀਕਾਰ ਬਲਵਿੰਦਰ ਸਿੰਘ ਗਰੇਵਾਲ ਦਾ ਸੁਖਜੀਤ ਬਾਰੇ ਲੋਅ ਮੈਗਜ਼ੀਨ ਵਿੱਚ ਛਪਿਆ ਸ਼ਬਦ -ਚਿੱਤਰ 'ਓਹਲੇ ਓਹਲੇ ਤੁਰ ਗਿਆ -ਸੁਖਜੀਤ ' ਤਾਂ ਸੁਖਜੀਤ ਵਰਗੇ ਜਟਿਲ ਵਿਅਕਤੀ ਦੇ ਅਛੋਹ ਅਵਚੇਤਨ ਤੱਕ ਨੂੰ ਸਾਕਾਰ ਕਰ ਵਿਖਾਉਂਦਾ ਹੈ।

ਇਨ੍ਹਾਂ ਸ਼ਕਤੀਸ਼ਾਲੀ ਸ਼ਬਦ -ਚਿੱਤਰਾਂ ਨੂੰ ਪੜ੍ਹਦਿਆਂ ਮਹਿਸੂਸ ਹੋਇਆ ਕਿ ਸਾਡੀ ਸਾਹਿਤਯ ਅਕਾਦੇਮੀ ਦੇ ਪੁਰਸਕਾਰ ਆਮ ਕਰਕੇ ਕਾਵਿ ਜਾਂ ਗਲਪ ਤੱਕ ਹੀ ਸੀਮਿਤ ਰਹਿ ਜਾਂਦੇ ਹਨ ਜਦੋਂ ਕਿ ਪੰਜਾਬੀ ਵਾਰਤਕ ਵਿੱਚ ਏਨੀ ਵਧੀਆ ਸਿਰਜਣਾ ਹੋ ਰਹੀ ਹੈ।

# ਮਰ ਗਈ ਰੀਤ...



ਰੱਬਾਂ ਆਹ ਕਿਵੇਂ ਹੋ ਗਿਆ ਅੱਜ !

ਮੈਂ ਤਾਂ ਆਹ ਖੜੀ ਆ ,,,,ਫੇਰ ਉਹ ਕੌਣ ਐ ! ਜੋ ਸਫੇਦ ਚਾਦਰ ਦੇ ਵਿੱਚ ਲਿਪਟੀ ਪਈ ਐ,,

ਸ਼ਕਲ ਤਾਂ ਹੂਬਹੂ ਮੇਰੇ ਵਰਗੀ ਹੀ ਐ,,,
ਜੇ ਉਹ ਮੈਂ ਆਂ ! ਤਾਂ ਮੈਂ ਉਰੇ ਕਿਵੇਂ ਹੋ ਸਕਦੀ ਆਂ,,
ਆਹ ਕੀ ਹੋ ਰਿਹਾ ਐ ਮੇਰੇ ਨਾਲ,,
ਜਿਸ ਸਫ਼ੇਦ ਚਾਦਰ ਦੇ ਵਿੱਚ ਲੁੱਕੀ ਹੋਈ ਆਂ ਮੈਂ ! !
ਉਸਦਾ ਇੱਕ ਪਾਸਾ ਤਾਂ ਖੂਨ ਨਾਲ ਜਮਾਂ ਭਰਿਆ ਪਿਆ,,
ਪਰ ਕਿਓ ? ? ?
ਮੇਰੇ ਪੈਰ ਵੀ ਆਕੜੇ ਪਏ ਨੇ,
ਪਰ ਕਿਓ ? ? ?
ਹੋਇਆ ਕੀ ਐ ਮੈਨੂੰ ! !
ਐਵੇਂ ਕਿਓ ਪਈ ਆ ਮੈਂ ? ! ?
ਸਫੇਦ ਚਾਦਰ ਦੇ ਵਿੱਚੋਂ ਸਿਰਫ਼ ਮੂੰਹ ਹੀ ਨਜ਼ਰ ਆ ਰਿਹਾ ਮੇਰਾ !
ਬਰਾਂਡੇ ਦੇ ਫ਼ਰਸ਼ ਤੇ ਇੰਞ ਪਈ ਆ ਮੈਂ ਜਿਵੇਂ ਮੇਰੇ ਚ ਜਾਨ ਨਾ ਹੋਵੇ,,
ਪਰ ਆਹ ! ਮੰਮਾਂ ਨੂੰ ਕੀ ਹੋਇਆ ਐ !

ਆਹ ਦਹਾੜ੍ਹਾਂ ਮਾਰ-ਮਾਰ ਕਿਉਂ ਰੋਈ ਜਾਂਦੇ ਨੇ,ਮਾਸੀਜ਼ੀ ਤੇ ਭਾਬੀਜ਼ੀ ਉਹਨ੍ਹਾਂ ਨੂੰ ਮੇਰੇ ਤੋਂ ਪਰ੍ਹਾਂ ਲੈਕੇ ਜਾਣ ਦੀ ਕੋਸ਼ਿਸ਼ ਕਿਉਂ ਕਰ ਰਹੇ ਨੇ ! !

ਨਲੇ ਮਾਸੀਜ਼ੀ ਕਦੋ ਆ ਗਏ !ਕੱਲ ਤੱਕ ਤਾਂ ਨਹੀਂ ਆਏ ਸੀ !

ਓਨ੍ਹਾਂ ਦੀਆਂ ਵੀ ਅੱਖਾਂ ਭਰੀਆਂ ਹੋਈਆਂ ਨੇ ਤੇ ਹੰਝੂ ਬਾਹਰ ਆਉਣ ਨੂੰ ਤਿਆਰ ਹੀ ਪਏ ਨੇ,,,

ਮੰਮਾਂ ਵਾਰ-ਵਾਰ ਰੌਂਦੇ-ਰੌਂਦੇ ਮੇਰੇ ਉੱਪਰ ਹੀ ਡਿੱਗੀ ਜਾ ਰਹੇ ਨੇਕ਼ਬਾਹਰ ਵਿਹੜ੍ਹੇ ਵਿੱਚ ਪਾਪਾ ਸਿਰ ਨੀਵਾਂ ਪਾਈ ਬੈਠੇ ਨੇ,ਅੱਖਾਂ ਦੇ ਵਿੱਚ ਡੁੱਲ੍ਹੂ-ਡੁੱਲ੍ਹੂ ਪਾਣੀ ਨੂੰ ਜਿਵੇਂ ਰੋਕਣ ਦੀ ਕੋਸ਼ਿਸ ਕਰ ਰਹੇ ਨੇਕ਼

ਸਾਡਾ ਸਾਰਾ ਘਰ ਲੋਕਾਂ ਨਾਲ ਕਿਉ ਭਰਿਆ
ਪਿਆ ਐ ! ! !

ਚਾਚੇ-ਤਾਏ ,ਆਂਡੀ-ਗੁਆਂਡੀ ,ਮੇਰੀਆਂ ਸਹੇਲੀਆਂ ,ਵੀਰਜ਼ੀ ਦੇ ਦੋਸਤ ਤੇ ਬਹੁਤ ਸਾਰੇ ਚਿਹਰੇ ਜਿਨ੍ਹਾਂ ਨੂੰ ਮੈਂ ਜਾਣਦੀ ਵੀ ਨੀਂ ,,

ਇੱਥੇ ਕਿਉਂ ਨੇ ਸਾਰੇ ਦੇ ਸਾਰੇ ! !
ਗੀਤ ਕਿੱਥੇ ਗਈ ਐ , ਮਰਜ਼ਾਣੀ !

ਊਂ ਤਾਂ ਕਦੇ ਇੱਕ ਮਿੰਟ ਨੀਂ ਟਿੱਕਕੇ ਬਹਿੰਦੀ,,,ਅੱਜ ਕਿੱਥੇ ਲੁੱਕੀ ਬੈਠੀ ਐ !

ਓਸੇ ਤੋਂ ਹੀ ਪੁੱਛ ਲੈਂਦੀ ਆਂ,, ਆਹ ਕੀ ਹੋ ਰਿਹਾ ਐ !
ਸਾਰਾ ਦਿਨ ਤਾਂ ਮੇਰੇ ਨਾਲ ਲੜ੍ਹਦੀ ਰਹਿੰਦੀ ਐ, ਚੈਂਅ, ਚੈਂਅ , ਚੈਂਅ
ਹੁਣ ਦੀਂਹਦੀ ਨੀ ਕਿਤੇ !
ਪਤਾ ਨੀ ਕਿੱਧਰ ਭੱਜ਼ ਗਈ !

ਆਹ ਬੈਠੀ ਐ, ਮਰਜ਼ਾਨੀ ਅੰਦਰਲੇ ਕਮਰੇ ਚ ਲੁੱਕੀ ਹੋਈ,ਪਰ ਇਹ ਭੁੱਬਾ ਮਾਰ-ਮਾਰ ਕਿਓ ਰੋ ਰਹੀ ਐ !

ਗੀਤ, ਗੀਤ, ਮੇਰੀ ਭੈਣ ਕਿਓ ਰੋ ਰਹੀ ਐ?ਜ਼ਵਾਬ ਕਿਓ ਨਈ ਦੇ ਰਹੀਂਕ਼ਮਰਜ਼ਾਨੀ ! ਹੁਣ ਰੋਈ ਈ ਜ਼ਾਂਦੀ ਐ !

ਆਹ ਕੀ ਮੈਂ ਉਸਦੇ ਗਲੇ ਚ ਹੱਥ ਪਾਏ ਨੇ,,,ਉਸਨੂੰ ਗਲੇ ਲਗਾਉਣ ਲਈ,,,ਉਸਨੂੰ ਚੁੱਪ ਵੀ ਤਾਂ ਕਰਾਉਣਾ ਐ,,,ਸੜੀ ਜਿਹੀ ਰੌਂਦੀ ਝੱਲੀ ਤਾਂ ਨਹੀਂ ਜਾਂਦੀ,ਪਰ ...

ਆਹ ਮੇਰੇ ਹੱਥ !ਮੇਰੇ ਹੱਥ !ਆਰ ਪਾਰ ਕਿਓ ਹੋ ਰਹੇ ਨੇ ! ਉਸ ਤੱਕ ਪਹੁੰਚ ਕਿਉਂ ਨਹੀਂ ਰਹੇ,ਇਹਨੂੰ ਛੂੰਹ ਕਿਓ ਨਈ ਰਹੇ !

ਜਿਸ ਤਰੀਕੇ ਉਹ ਦੀਦੀ-ਦੀਦੀ ਚੀਖ ਰਹੀ ਏ,, ਮੇਰੇ ਕੰਨ ਦੇ ਪੜ੍ਹਦੇ ਫਟ ਜਾਣੇ ਐ !

ਓਸਨੂੰ ਉਥੇ ਹੀ ਛੱਡਕੇ ਨਾਲ ਵਾਲੇ ਕਮਰੇ ਚ ਆਈ, ਤਾਂ ਨਿੱਕੀ ਰੋਈ ਜਾਂਦੀ ਐ ਤੇ ਗੋਲੂ ਵਾਰ-ਵਾਰ ਵੀਰ ਜ਼ੀ ਨੂੰ ਪੁੱਛ ਰਿਹਾ ਐ ,

"ਪਾਪਾ-ਪਾਪਾ ,ਰੀਤ ਭੂਆਜ਼ੀ ਨੂੰ ਕੀ ਹੋ ਗਿਆ,ਓਹ ਬੋਲਦੇ ਕਿਓ ਨਈ,ਮੇਰੇ ਨਾਲ ਖੇਡਦੇ ਕਿਉ ਨਈਕ਼"

ਵੀਰਜ਼ੀ ਖਾਮੋਸ਼ ਖੜੇ ਨੇਕ਼ਓਨ੍ਹਾਂ ਦੀਆਂ ਅੱਖਾਂ ਲਾਲ ਨੇ !
ਰਾਤ ਦੇ ਅਨੀਂਦਰੇ ਐ ਸ਼ਾਇਦ !ਪਰ ਕਿਉਂ ? ?
ਗੋਲੂ ਵਾਰ-ਵਾਰ ਇੱਕੋ ਹੀ ਸਵਾਲ ਪੁੱਛ ਰਿਹਾ ਐਕ਼
ਚਟਾਕ....
ਅਵਾਜ਼ ਆਈ ਤੇ
ਗੋਲੂ ਦਾ ਗੱਲੂ ਲਾਲ ਹੋ ਗਿਆ ।

ਥੱਪੜ੍ਹ ਦੀ ਆਵਾਜ਼ ਦੀ ਗੂੰਜ਼ ਬਾਹਰ ਤੱਕ ਜਾ ਰਹੀ ਸੀ ਤੇ ਗੋਲੂ ਦੇ ਰੌਣ ਦੀ ਵੀ,,,

"ਨਈਂ ਆਉਂਦੀ-ਊਂਦੀ ਉਹ ਹੁਣ,
ਉਜੜੀਆਂ ਕਬਰਾਂ ਚ ਗਈ ਐ ,ਤੇਰੀ ਰੀਤ ਭੂਆ !
ਜਾ ਦਫ਼ਾ ਹੋ ਜਾ ਏਥੋਂ !"
ਸਹਿਮ ਗਿਆ ਸੀ ਉਹ ਮਾਸੂਮ ਜਿਹਾ ਬੱਚਾ।
ਉਂਗਲਾਂ ਦੇ ਸਾਰੇ ਨਿਸ਼ਾਨ ਓਹਦੇ ਮੂੰਹ ਤੇ ਨਜ਼ਰ ਆ ਰਹੇ ਸਨਕ਼
ਡਰ ਨਾਲ ਸੁੰਨ ਹੀ ਹੋ ਗਿਆ ਸੀਕ਼
ਭਲਾ ਕੀ ਜ਼ਰੂਰਤ ਸੀ ਜ਼ਵਾਕ ਨੂੰ ਐਵੇਂ ਮਾਰਣ ਦੀ,,
ਗੁੱਸਾ ਤਾਂ ਬਹੁਤ ਆ ਰਿਹਾ ਵੀਰਜ਼ੀ ਤੇ।

ਐਨੇ ਨੂੰ ਭਰਜ਼ਾਈ ਦੋਨਾਂ ਜਵਾਕਾਂ ਨੂੰ ਜ਼ਬਰਦਸਤੀ ਖਿੱਚਦੇ ਹੋਏ ਨਾਲ ਵਾਲੇ ਕਮਰੇ ਵਿੱਚ ਚਲੀ ਗਈ ਕ਼ਓਹ ਆਪ ਵੀ ਰੋ ਰਹੀ ਸੀਕ਼

ਵੀਰਜ਼ੀ ਦਾ ਇਹ ਗੁੱਸੇ ਵਾਲਾ ਰੂਪ ਅੱਜ ਪਹਿਲੀ ਵਾਰ ਵੇਖਿਆ ਸੀ ਮੈਂ !
"ਵੀਰਜ਼ੀ ! ਤੁਸੀਂ ਗੋਲੂ ਨੂੰ ਕਿਵੇਂ ਮਾਰਿਆ ! !"
ਤੇ ਓਨ੍ਹਾਂ ਨੂੰ ਜਿਵੇ ਮੇਰੀ ਗੱਲ ਸੁਣੀ ਹੀ ਨਈਂ ਕ਼

ਉਹ ਓਵੇਂ ਹੀ ਗੁੱਸੇ ਚ ਭਰੇ-ਪੀਤੇ ਖੜ੍ਹੇ ਰਹੇਕ਼ਰਸੋਈ ਚ ਗਈ ਤਾਂ ਚਾਚੀਜ਼ੀ ਤੇ ਤਾਈਜ਼ੀ ਮੂੰਹ ਤੇ ਚੁੰਨੀ ਰੱਖੀ ਆਪਸ ਵਿੱਚ ਹੋਲੀ-ਹੋਲੀ ਘੁੱਸਮੁੱਸ ਕਰੀ ਜਾ ਰਹੀਆ ਸਨਕ਼

ਆਹ ਕੀ ਮੈਂ ਐਨੀ ਦੂਰੋਂ ਵੀ ਇਹਨਾਂ ਦੀਆਂ ਗੱਲਾਂ ਸੁਣ ਸਕਦੀ ਐ,, ਉਹ ਵੀ ਸਭ ਸਾਫ਼-ਸਾਫ਼ !

"ਪਾਤੀ ਕੁੜੀ ਨੇ ਸਿਰ ਚ ਸੁਆਹ ! !ਸਾਰਾ ਨਾਂ ਮਿੱਟੀ ਚ ਮਿਲਾਤਾ ,,ਖਾਨਦਾਨ ਦਾ,ਮੈਨੂੰ ਤਾਂ ਇਹਦੇ ਚਾਲੇ ਮਾੜ੍ਹੇ ਲੱਗਦੇ ਸੀ !"

"ਨੀ !ਪਰ ਹੋਇਆ ਕੀ ?"ਤਾਈਜ਼ੀ ਨੇ ਚਾਚੀ ਤੋਂ ਪੁੱਛਿਆਕ਼

"ਹੋਣਾ ਕੀ ਸੀ,ਸੁਣਿਐ ਇਸ਼ਕ-ਉਸ਼ਕ ਦਾ ਚੱਕਰ ਸੀ, ਕਿਸੇ ਮੁੰਡੇ ਨਾਲਕ਼ਅਗਲੇ ਨੇ ਧੋਖਾ ਦੇਕੇ ਗਰੀਨ-ਕਾਰਡ ਵਾਲੀ ਕੁੜੀ ਨਾਲ ਵਿਆਹ ਕਰਾ ਲਇਆ ਤੇ ਆਹ ਨਵਾਬਜ਼ਾਦੀ ਨੇ ਚੜ੍ਹਾਤਾ ਚੰਦ !ਬਲੇਡ ਨਾਲ ਨਸ ਕੱਟ ਲਈ, ਕੱਲ ਖੱਬੀ ਬਾਂਹ ਦੀਕ਼ਇਹਨਾਂ ਨੂੰ ਫੌਨ ਖੜਕਾਤਾ , ਵੀ ਚਾਚਾ ਆ ਜਾ।

ਭੱਜੇ ਗਏ।

ਦੱਸ ਰਹੇ ਸੀ, ਬਹੁਤ ਖੂਨ ਬਹਿ ਗਿਆ ਕੁੜੀ ਦਾ ,ਗੱਚ ਹੋਈ ਪਈ ਸੀ ਜਮਾਂ !ਜ਼ਲਦੀ-ਜ਼ਲਦੀ ਹਸਪਤਾਲ ਲੈਕੇ ਵੀ ਗਏ,ਪਰ ਪਹੁੰਚਣਾ ਮਿਲਿਆ ਹੀ ਨਹੀਂ। ਰਾਹ ਚ ਹੀ ਸਾਹ ਪੂਰੇ ਹੋ ਗਏ ਕੁੜੀ ਦੇ ਤਾਂ ਕ਼

ਜਾਂਦੇ ਹੀ ਡਾਕਟਰਾਂ ਨੇ ਜਵਾਬ ਦੇਤਾਕ਼ਪੁਲਿਸ ਤੇ ਪੋਸਟਮਾਰਟਮ ਤੋਂ ਡਰਦਿਆਂ ਨੇ ਲੈ-ਦੇਕੇ ਮਾਮਲਾ ਰਫ਼ਾ-ਦਫ਼ਾ ਕਰਵਾਇਆ,, ਸੋਡੇ ਦਿਉਰ ਨੇਕ਼ਅੱਧੀ ਰਾਤ ਨੂੰ ਹੀ ਲੁਕਦੇ-ਲੁਕਾਂਦੇ ਲਾਸ਼ ਘਰੇ ਲਿਆਏ,

ਸਭਨੂੰ ਫ਼ੌਨ ਖੜਕਾਏਕ਼"

"ਵੈਸੇ ਰੀਤ ਵੇਖਣ ਨੂੰ ਬੜੀ ਭੋਲੀ ਲੱਗਦੀ ਸੀ,ਕਦੇ ਲੱਗਦਾ ਨੀ ਸੀ ਇਹ ਸਭ ਕਰ ਜਊਂਕ਼ਗੱਜ਼ਣ ਸਿੰਘ ਦੀ ਪੱਗ ਇਉਂ ਮਿੱਟੀ ਚ ਰੋਲ ਜਾਊਂ !"

ਤਾਈਜ਼ੀ ਕਹਿ ਰਹੇ ਸਨ।

" ਮੈਂ ਕੀ ਕੀਤਾ ਐ !ਇਹ ਸਭ ਕੀ ਗੱਲਾਂ ਕਰ ਰਹੇ ਨੇ,ਮੈਨੂੰ ਇੰਞ ਲੱਗ ਰਿਹਾ ਐ ਮੈਂ ਹੁਣੇ ਕਿਸੇ ਗਹਿਰੀ ਬੇਹੋਸ਼ੀ ਤੋਂ ਉੱਠੀ ਆਂਕ਼"

(ਵਾਰ-ਵਾਰ ਪਤਾ ਨੀਂ ਕਿਉਂ ਮੇਰਾ ਹੱਥ ਮੇਰੇ ਸਿਰ ਤੇ ਹੀ ਜਾ ਰਿਹਾ ਐ,,)

ਕੱਲ ਰਾਤ ਦੀ ਗੱਲ ਚੇਤੇ ਆ ਰਹੀ ਐ ਕਿ ਰਾਤ ਨੂੰ ਸੋਨੀਆ ਦਾ ਫ਼ੋਨ ਆਇਆ ਸੀ ਕਿ ਰਵੀ ਨੇ ਦੂਜ਼ਾ ਵਿਆਹ ਕਰ ਲਿਆ ,ਤੇ ਮੈਂ ਬਿਨਾਂ ਬਰੇਕ ਕਿਵੇਂ ਭੱਜ਼ੀ ਗਈ ਸੀਕ਼ਵਿਸ਼ਵਾਸ ਹੀ ਨੀ ਹੋਇਆ ਸੀ।

ਮੇਰਾ ਰਵੀ ਐਦਾਂ ਨੀਂ ਕਰ ਸਕਦਾ, ਉਹ ਤਾਂ ਮੈਨੂੰ ਬਹੁਤ ਪਿਆਰ ਕਰਦਾ ਐ। ਉਹ ਮੇਰੇ ਬਿਨਾਂ ਕਿਸੇ ਹੋਰ ਬਾਰੇ ਨਹੀਂ ਸੋਚ ਸਕਦਾ।"

ਪਰ ਆਹ ਕੀ ! ! ! !

ਰਵੀ ਨੇ ਤਾਂ ਮੈਨੂੰ ਮਿਲਣ ਤੋਂ ਹੀ ਇਨਕਾਰ ਕਰ ਦਿੱਤਾ ਤੇ ਅਬਦੇ ਨੌਕਰਾਂ ਨੂੰ ਕਿਹਾ ਕਿ ਮੈਨੂੰ ਧੱਕੇ ਮਾਰਕੇ ਘਰੋਂ ਬਾਹਰ ਕੱਢ ਦੇਣ।

ਐਨੀ ਜ਼ਿੱਲਤ !ਐਨਾ ਅਪਮਾਨ !
ਕੀ ਉਹ ਭੁੱਲ ਗਿਆ ,,ਮੈਂ ਉਸਦੀ ਰੀਤੀ ਆਂ !
ਉਹੀ ਰੀਤੀ ਜਿਸ ਨਾਲ ,ਕਿੰਨੇ ਹੀ ਸੁਫਨੇ ਉਸਨੇ ਵੇਖੇ ਸੀ ! !
ਨਾਲ ਜਿਊਣ ਦੇ,,ਨਾਲ ਮਰਣ ਦੇ,,
ਕੀ ਉਹ ਭੁੱਲ ਗਿਆ ਸੀ ! !
ਰਵੀ ਐਦਾਂ ਨੀਂ ਕਰ ਸਕਦਾ,,
ਮੇਰਾ ਰਵੀ ਧੋਖਾ ਨੀਂ ਕਰ ਸਕਦਾ ! ! !
ਮੇਰੀਆਂ ਅੱਖਾਂ ਵਿੱਚੋਂ ਅੱਥਰੂ ਟੱਪ-ਟੱਪ ਬਹਿ ਰਹੇ ਸੀਕ਼
ਪਰ ਸ਼ਾਇਦ ਰਵੀ ਨੂੰ ਉਹ ਨਜ਼ਰ ਹੀ ਨਹੀਂ ਆ ਰਹੇ ਸਨ।

ਕਦੇ ਇਹਨਾਂ ਖੂਬਸੂਰਤ ਅੱਖਾਂ ਚ ਇੱਕ ਹੰਝੂ ਨਾ ਆਉਣ ਦੀ,, ਉਸਨੇ ਕਸਮ ਖਾਧੀ ਸੀ ਤੇ ਅੱਜ ਉਹ ਆਪ ਹੀ ਮੈਨੂੰ ਰਵਾ ਰਿਹਾ ਸੀ।

ਪੈਸੇ ਤੇ ਬਾਹਰ ਜ਼ਾਣ ਦੀ ਭੁੱਸ ਅੱਗੇ ,ਉਸਨੂੰ ਆਪਣੀ ਰੀਤ ਨਜ਼ਰ ਹੀ ਨਹੀਂ ਆ ਰਹੀ ਸੀ। ਉਸਨੇ ਆਪਣੀ ਉਸ ਰੀਤ ਨੂੰ ਠੁਕਰਾਇਆ ਸੀ ਜਿਸਨੂੰ ਉਹ ਕਹਿੰਦਾ ਨਹੀਂ ਥੱਕਦਾ ਸੀ ਕਿ ਮੈਂ ਤੇਰੇ ਬਿਨਾ ਜੀ ਨੀਂ ਸਕਦਾ ! !

ਉਹ ਮੈਨੂੰ ਠੁਕਰਾ ਸਕਦਾ ਐ,,ਪਰ ਮੈਂ...
ਮੈਂ ਤਾਂ ਰਵੀ ਬਿਨਾਂ ਇੱਕ ਪੱਲ ਵੀ ਜੀ ਨੀਂ ਸਕਦੀ।
ਇਹ ਜ਼ਿੰਦਗੀ ਤੇ ਸਿਰਫ਼ ਤੇ ਸਿਰਫ਼ ਉਸੇ ਦਾ ਹੱਕ ਐ ! !"
ਪਤਾ ਨੀਂ ਘਰ ਕਿਵੇਂ ਪਹੁੰਚੀ,,
ਆਪਣੇ ਕਮਰੇ ਵਿੱਚ ਬਹਿਕੇ

ਬਲੇਡ ਨਾਲ ਆਪਣੀ ਬਾਂਹ ਤੇ ਓਦੋਂ ਤੱਕ ਟੱਕ ਮਾਰਦੀ ਰਹੀ ਜਦੋਂ ਤੱਕ ਵੀਰਜ਼ੀ ਨੇ ਦੇਖ ਨੀ ਲਿਆ !

ਬਹੁਤ ਖੂਨ ਬਹਿ ਗਿਆ ਸੀ ਸ਼ਾਇਦਕ਼ਪਰ ਮੈਨੂੰ ਕੁੱਝ ਪਤਾ ਨੀਂ ਚੱਲ ਰਿਹਾ ਸੀ। ਦਰਦ ਦਾ ਅਹਿਸਾਸ ਤਾਂ ਖਤਮ ਹੀ ਹੋ ਗਿਆ ਸੀ ਮੇਰੇ ਲਈ ।

ਵੀਰਜ਼ੀ ਨੇ ਬਲੇਡ ਮੇਰੇ ਹੱਥੋਂ ਖੋਹ ਲਿਆ ਤੇ ਖਿਚਾਕੇ ਇੱਕ ਥੱਪੜ ਮਾਰਿਆ ਮੇਰੇ।

ਜਲਦੀ-ਜਲਦੀ ਗੱਡੀ ਕੱਢੀ। ਮੰਮਾ, ਭਾਬੀਜੀ ਤੇ ਗੀਤ ਸਾਰੇ ਰੋਈ ਜਾ ਰਹੇ ਸਨਕ਼ਪਾਪਾਜ਼ੀ ਅਜ਼ੇ ਘਰ ਨੀ ਆਏ ਸੀਕ਼ਵੀਰਜ਼ੀ ਮੈਨੂੰ, ਮੰਮਾਂ ਤੇ ਚਾਚਾਜ਼ੀ ਨੂੰ ਲੈਕੇ ਹਸਪਤਾਲ ਚੱਲ ਪਏਕ਼ਰਾਸਤੇ ਵਿੱਚ ਮੈਂ ਬੇਹੋਸ਼ ਹੋ ਗਈ ਤੇ ਉਸਤੋਂ ਬਾਅਦ ਮੈਨੂੰ ਕੁਝ ਵੀ ਯਾਦ ਨੀਂ।

ਪਰ ਹੁਣ ਆਹ ਲੋਕ ਐਥੇ ਕਿਓਂ ਕੱਠੇ ਹੋਏ ਨੇ !ਮੇਰੇ ਹੱਥ ਤੇ ਕੋਈ ਸੱਟ ਦਾ ਨਿਸ਼ਾਨ ਵੀ ਨੀ ਦਿੱਖ ਰਿਹਾ !

(ਦੋਵੇਂ ਬਾਹਾਂ ਵੇਖਦੀ ਐ)
ਆਹ ਬਾਹਰੋਂ ਕੀ ਅਵਾਜ਼ ਆ ਰਹੀ ਐ ! ! !
'ਰਾਮ ਨਾਮ ਸਤੁ ਹੈ।'
ਮੈਨੂੰ ਪਉੜੀ ਤੇ ਕਿਓਂ ਲਿਟਾ ਰੱਖਿਆ ਐ।
ਸਭ ਕਿੱਥੇ ਲੈਕੇ ਜਾ ਰਹੇ ਨੇ ਮੈਨੂੰ ?
ਆਹ ਤਾਂ ਸਮਸ਼ਾਨ ਘਾਟ ਐ ! ! !
ਇਹ ਮੈਨੂੰ ਏਥੇ ਕਿਉਂ ਲੈਕੇ ਆ ਗਏ ਨੇ ! ! !
ਆਹ ਤਿਆਰੀਆਂ ਕੀ ਕਰੀ ਜਾਂਦੇ ਨੇ,,
ਆਹ ਮੰਤਰ ਵਗੈਰਾ,,,ਆਹ ਪੂਜ਼ਾ-ਪਾਠ !
ਕੀ ਚੱਲ ਰਿਹਾ ਐ ਸਭ ! ! !
ਲਕੜਾਂ ਤੇ ਚਿਣਤਾ ਮੈਨੂੰ,,
ਪਰ ਕਿਉਂ ! ? ?
ਆਹ ਕੀ ਲਕੜਾਂ ਨੂੰ ਜ਼ਲਾ ਦਿੱਤਾ ਤੇ ਨਾਲ ਹੀ ਜ਼ਲ ਰਹੀ ਆਂ ਮੈਂ ਵੀ,
ਇਹ ਹੋ ਕੀ ਰਿਹਾ ਐ ? ?
"ਕੀ ਮੈਂ ਮਰ ਚੁੱਕੀ ਆਂ ? !"

"ਪਾਪਾ ! ਪਾਪਾ !ਮੈਂ ਚੀਕ ਰਹੀ ਹਾਂ, ਮੈਨੂੰ ਕੋਈ ਵੀ ਸੁਣ ਨੀ ਰਿਹਾ।" ਜਲ ਚੁੱਕਿਆ ਐ ਮੇਰਾ ਸਰੀਰ !ਮੈਂ ਆਤਮਾ ਬਣ ਗਈ ਆਂ ਹੁਣ ਹਮੇਸ਼ਾਂ ਵਾਸਤੇ ! ਕੋਈ ਹੁਣ ਮੈਨੂੰ ਸੁਣ ਨੀ ਸਕਦਾ।

ਨਾ ਹੀ ਕੋਈ ਵੇਖ ਸਕਦਾ ! !
ਸਭ ਵਾਪਿਸ ਜਾ ਰਹੇ ਨੇ ,
ਘਰ ਵੱਲ ਸ਼ਾਇਦ, ਦੁੱਖੀ ਦਿੱਲਾਂ ਤੇ ਭਰੀਆਂ ਅੱਖਾਂ ਨਾਲ ਸ਼ਾਇਦ,,
ਉਹਨਾਂ ਨੂੰ ਨਹੀਂ ਪਤਾ, ਮੈਂ ਵੀ ਉਹਨਾਂ ਨਾਲ ਜਾ ਰਹੀ ਹਾਂ !

ਦਿਨ ਬੀਤਦੇ ਜਾ ਰਹੇ ਨੇ ਅਖੰਡ-ਪਾਠ ਦਾ ਭੋਗ ਵੀ ਪੈ ਗਿਆ ਐ ਤੇ ਸਭ ਰਿਸ਼ਤੇਦਾਰ ਅਬਦੇ-ਅਬਦੇ ਘਰਾਂ ਨੂੰ ਚਲੇ ਗਏ ਨੇ।

ਭਾਬੀਜ਼ੀ ਘਰ ਸਭਨੂੰ ਸਭਾਲਣ ਦੀ ਕੋਸ਼ਿਸ਼ ਕਰ ਰਹੇ ਨੇਕ਼ਮੰਮਾ ਜਦੋਂ ਵੇਖੋ ਰੌਂਦੇ ਹੀ ਰਹਿੰਦੇ ਨੇ, ਲੋਕੀ ਅਫ਼ਸੋਸ ਕਰਨ ਆਉਂਦੇ ਰਹਿੰਦੇ ਨੇ।

ਅਫ਼ਸੋਸ ਘੱਟ ਕਰਦੇ ਸ਼ਾਇਦ, ਟਿੱਚਰਾਂ ਵੱਧ ਕਰਦੇ ਨੇ। ਗੀਤ ਨੇ ਤਾਂ ਘਰੋਂ ਨਿਕਲਣਾ ਬੰਦ ਹੀ ਕਰਤਾ, ਮੈਂ ਤਾਂ ਕਦੇ ਉਸਨੂੰ ਪੜ੍ਹਦੇ ਵੀ ਨੀ ਵੇਖਿਆ। ਕੌਨੇ ਵਿੱਚ ਬੈਠੀ, ਜਿਵੇਂ ਕੁਝ ਸੋਚਦੀ ਰਹਿੰਦੀ ਐ। ਪਾਪਾ ਹਮੇਸ਼ਾ ਸਿਰ ਝੁਕਾਕੇ ਰੱਖਦੇ ਨੇ। ਵੀਰਾ ਹਮੇਸ਼ਾ ਗੁੱਸੇ 'ਚ ਹੀ ਰਹਿੰਦਾ ਐ।

ਬੱਚੇ ਬੇਚਾਰੇ ਮਾਸੂਮ ਤੇ ਭੋਲੇ, ਉਨ੍ਹਾਂ ਨੂੰ ਜਿਵੇਂ ਕੁੱਛ ਪਤਾ ਈ ਨੀਂ, ਸਾਰਾ ਦਿਨ ਰੀਤ ਭੂਆਜੀ ਨੂੰ ਭਾਲਦੇ ਰਹਿੰਦੇ ਨੇ। ਬੇਚਾਰੇ ਸਹਿਮੇ ਰਹਿੰਦੇ ਨੇ। ਦਿਨ ਬੀਤਤੇ ਜਾ ਰਹੇ ਨੇ।

ਲੋਕਾਂ ਦੇ ਤਾਨਿਆਂ ਤੋਂ ਡਰਦੇ ਅਜੇ ਵੀ ਸਭ ਘਰੋਂ ਬਾਹਰ ਨਿਕਲਣ ਤੋਂ ਡਰਦੇ ਨੇਕ਼ਪਾਪਾ ਨੂੰ ਹੁਣ ਕਦੇ ਵੀ ਕਿਸੇ ਨਾਲ ਅੱਖਾਂ ਚ ਅੱਖਾਂ ਪਾਕੇ ਗੱਲਾਂ ਕਰਦੇ ਨੀ ਵੇਖਿਆ। ਇੱਕ ਸਾਲ ਬੀਤ ਚੁੱਕਾ ਐ, ਗੀਤ ਦੇ ਰਿਸ਼ਤੇ ਦੀਆਂ ਗੱਲਾਂ ਚੱਲ ਰਹੀਆਂ ਨੇ।

ਹੁਣ ਕੁੜੀ ਨੂੰ ਕਿੰਨੀ ਦੇਰ ਬੈਠਾਈ ਰੱਖਣਗੇ ! !

ਵਿਚੋਲਾ ਪਾਪਾਜ਼ੀ ਨੂੰ ਕਹਿ ਰਿਹਾ ਐ ਕਿ ਮੁੰਡੇ ਵਾਲਿਆਂ ਨੂੰ ਪਤਾ ਚੱਲ ਗਿਆ ਕਿ ਕੁੜੀ ਦੀ ਭੈਣ ਨੇ ਸੁਸਾਈਡ ਕੀਤੀ ਐ ਇਸ ਲਈ ਅਸੀਂ ਰਿਸ਼ਤਾ ਨੀਂ ਕਰਨਾ।

ਆਹ ਚੌਥੀ ਵਾਰ ਇੰਞ ਹੋਇਆ ਐ,ਕਿ ਅਗਲੇ ਨੇ ਮੇਰੇ ਕਰਕੇ ਰਿਸ਼ਤੇ ਤੋਂ ਨਾਂਹ ਕਰ ਦਿੱਤੀ ਐ।

ਸਭ ਚੁੱਪ ਬੈਠੇ ਨੇ।
ਪਾਪਾ ਜੀ ਬਹੁਤ ਦੁੱਖੀ ਨੇ ਕਹਿ ਰਹੇ ਨੇ,"
"ਧੰਨ ਕੁਰੇ ! ਰੱਬ ਐਸੀ ਔਲਾਦ ਨਾਲੋਂ ਤਾਂ ਦੇਵੇ ਹੀ ਨਾ।"
ਮੰਮਾ ਰੌ ਰਹੇ ਨੇਕ਼
ਮੰਮਾ ਨੂੰ ਇੰਞ ਰੌਂਦੇ ਮੈਂ ਨਈਂ ਦੇਖ ਸਕਦੀਕ਼
"ਮੰਮਾ ਨਾ ਰੋਵੋ,ਪਾਪਾ ਮੈਨੂੰ ਮੁਆਫ਼ ਕਰ ਦਿਉ !"
ਮੈਂ ਜ਼ੋਰ-ਜ਼ੋਰ ਦੀ ਚੀਕ ਰਹੀ ਆਂ।
ਮੰਮਾਂ ਤੇ ਪਾਪਾ ਹਿਲਾ ਰਹੇ ਨੇ ਮੈਨੂੰ ! !
"ਰੀਤ !ਰੀਤ !ਕੀ ਹੋ ਗਿਆ ਪੁੱਤ !ਕੀ ਹੋ ਗਿਆ ਪੁੱਤ ?"
ਐਨੇ ਨੂੰ ਅੱਖ ਖੁੱਲ ਗਈ ਮੇਰੀ ,ਤਾਂ ਸੁਫਨਾ ਸੀ ਇਹ ! !
ਓ ਮਾਈ ਗਾੱਡ !
ਬੜਾ ਖਤਰਨਾਕ ਸੀ ! !
ਘਬਰਾਹਟ ਮੇਰੀ ਅਵਾਜ਼ ਤੇ ਭਾਰੂ ਹੋ ਰਹੀ ਸੀ,,
" ਮੈਂ ਜ਼ਿੰਦਾ ਆ ,ਮੈ ਮਰੀ ਨੀਂ।"
ਮੈਂ ਮੰਮਾਂ ਨੂੰ ਘੁੱਟਕੇ ਜੱਫ਼ੀ ਪਾ ਲਈ।
ਜਦੋਂ ਸੁਫ਼ਨੇ ਬਾਰੇ ਦੱਸਿਆ ਤਾਂ ਪਾਪਾ ਜ਼ੀ ਹੱਸਣ ਲੱਗ ਪਏ।
ਕਹਿਣ ਲੱਗੇ
"ਮੈਨੂੰ ਫ਼ਖਰ ਅ , ਆਪਣੀਆਂ ਧੀਆਂ ਤੇ। ਮੇਰੀਆਂ ਧੀਆਂ ਕਦੇ ਵੀ ਐਸਾ ਕੰਮ ਨੀ ਕਰ ਸਕਦੀਆਂ, ਜਿਸ ਨਾਲ ਮੇਰਾ ਸਿਰ ਨੀਵਾਂ ਹੋਵੇ।"

ਮੈਂ ਸੋਚਣ ਲਈ ਮਜ਼ਬੂਰ ਹੋ ਗਈ, ਸਾਡੀ ਅੱਜ ਦੀ ਪੀੜ੍ਹੀ ਜੋ ਇਹ ਕੰਮ ਕਰਦੀ ਐ ,,,

ਕੀ ਉਨ੍ਹਾਂ ਦੇ ਮਾਪਿਆਂ ਨੂੰ ਉਨ੍ਹਾਂ ਤੇ ਫ਼ਖਰ ਨਹੀਂ ਹੁੰਦਾ ! ?

ਉਨ੍ਹਾਂ ਦਾ ਗਰੂਰ ਕਿੰਞ ਮਿੱਟੀ ਵਿੱਚ ਰੋਲਣ ਦਾ ਹੌਂਸਲਾ ਕਰਦੇ ਨੇ ਇਹ ਬੱਚੇ !ਕਿੰਞ ਕਲੰਕ ਦਾ ਟਿੱਕਾ ਪਰਿਵਾਰ ਦੇ ਮੱਥੇ ਮੜ੍ਹਣ ਲੱਗੇ ,,ਇੱਕ ਮਿੰਟ ਵੀ ਨੀ ਸੋਚਦੇਕ਼

ਕਿੰਞ ਛੋਟੇ ਭੈਣ-ਭਰਾਵਾਂ ਦੀ ਜ਼ਿੰਦਗੀ ਦਾ ਰਾਹੂ-ਕਾਲ ਬਣ ਜਾਂਦੇ ਨੇ !

ਦੋਸਤੋ ! ਕੀ ਆਪਣੇ ਮਾਂ-ਬਾਪ ਦਾ ਦੇਣ ਤੁਸੀ ਕਦੇ ਵੀ ਦੇ ਸਕਦੇ ਹੋ ! ! ! ਨਹੀਂ , ਸੌ ਜਨਮ ਲੈਕੇ ਵੀ ਨੀ, ਫਿਰ ਕਿਉਂ ਆਹ ਕੁੱਛ ਕਰਦੇ ਹੋ ? ? ?

ਕਿਸੇ ਇਨਸਾਨ ਦੇ ਇੱਕ-ਦੋ ਸਾਲ ਦੇ ਪਿਆਰ ਪਿੱਛੇ ਮਾਪਿਆਂ ਦੀ ਸਾਲਾਂ ਦੀ ਖੱਟੀ ਸਭ ਇੱਕ ਮਿੰਟ 'ਚ ਰੋੜ੍ਹ ਦਿੰਦੇ ਹੋਰ ਨਾ ਕਰੋ ਐਵੇਂ, ਪਲੀਜ਼ ਨਾ ਕਰੋਕ਼ਮਨੁੱਖਾਂ ਜ਼ਿੰਦਗੀ ਬਹੁਤ ਕੀਮਤੀ ਐ, ਕਦਰ ਕਰੋ ਏਹਦੀ। ਜ਼ਿੰਦਗੀ ਦੇ ਮਕਸਦ ਨੂੰ ਪਛਾਣੋ ਫਾਲਤੂ ਰੋਲੋ ਨਾ, ਜੇ ਨਈਂ ਕੁੱਛ ਕਰਨ ਨੂੰ ਹੈਗਾ, ਗਰੀਬਾਂ ਤੇ ਦੁਖੀਆਂ ਦੀ ਮੱਦਦ ਹੀ ਕਰ ਲਉਂ, ਵੇਖਣਾ ਰੱਬ ਕਿੰਞ ਤੁਹਾਡੇ ਤੇ ਮਿਹਰਬਾਨ ਹੁੰਦਾ ਐ।

ਲਿਖਤ- ਰੀਤ

# ਭਵਿੱਖ ਵਿੱਚ AI ਦਾ ਘਾਤਕ ਰੂਪ




ਕਦੇ ਸੋਚਿਆ ਹੈ
ਜੇ ਆਉਣ ਵਾਲੇ ਕੱਲ੍ਹ ਦੀ ਸਵੇਰ
ਅਜਿਹੀ ਮਸ਼ੀਨ ਲੈ ਕੇ ਆਵੇ,
ਜਿਸਦੀ ਬੁੱਧੀ
ਮਨੁੱਖੀ ਮਸਤਿਸ਼ਕ ਦੀਆਂ ਹੱਦਾਂ ਨੂੰ
ਪਾਰ ਕਰ ਚੁੱਕੀ ਹੋਵੇ...
ਤਾਂ ਫਿਰ ਕੀ ਹੋਵੇਗਾ...?

ਜੇ ਸਾਡੀ ਬਣਾਈ ਹੋਈ
ਮਸ਼ੀਨ ਸਾਡੇ ਹੀ
ਹੁਕਮਾਂ ਦੀ ਗੁਲਾਮ ਨਾ ਰਹੇ,
ਸਗੋਂ ਆਪਣੇ ਫ਼ੈਸਲਿਆਂ ਦੀ
ਮਾਲਕ ਬਣ ਬੈਠੇ
ਤਾਂ ਫਿਰ ਕੀ ਹੋਵੇਗਾ ...?

ਅੀ ਸ਼ਾਇਦ
ਆਪਣੇ ਆਪ ਵਿੱਚ ਕੋਈ ਦੈਤ ਨਹੀਂ,
ਪਰ ਜੇ ਮਨੁੱਖ ਦੀ
ਲਾਲਸਾ, ਹਉਮੈ, ਸੱਤਾ ਦੀ ਭੁੱਖ
ਅਤੇ ਨਫ਼ਰਤ ਦੀ ਅੱਗ
ਉਸਦੇ ਅੰਦਰ ਉਤਰ ਗਈ
ਤਾਂ ਫਿਰ ਕੀ ਹੋਵੇਗਾ...?

ਮਨੁੱਖ ਨੇ
ਪੱਥਰ ਤੋਂ ਹਥਿਆਰ ਤਰਾਸ਼ੇ,
ਲੋਹੇ ਤੋਂ ਤਲਵਾਰਾਂ ਢਾਲੀਆਂ,
ਬਾਰੂਦ ਤੋਂ ਬੰਬ ਬਣਾਏ,
ਤੇ ਹੁਣ
ਖੁਦ ਸੋਚਣ ਸਮਝਣ ਵਾਲੀਆ
ਮਸ਼ੀਨਾਂ ਘੜ ਰਿਹਾ
ਸੋਚੋ....
ਤਾਂ ਫਿਰ ਕੀ ਹੋਵੇਗਾ...?

ਪਹਿਲਾਂ
ਵਿਨਾਸ਼ ਦੀ ਤਾਕਤ
ਮਨੁੱਖ ਦੇ ਹੱਥਾਂ ਵਿੱਚ ਸੀ,
ਹੁਣ ਖ਼ਤਰਾ ਇਹ ਹੈ
ਕਿ ਕਿਤੇ
ਫ਼ੈਸਲੇ ਕਰਨ ਦੀ ਤਾਕਤ ਵੀ
ਮਨੁੱਖੀ ਹੱਥਾਂ ਤੋਂ
ਖਿਸਕ ਕੇ
ਮਸ਼ੀਨ ਦੇ ਹੱਥਾਂ ਵਿੱਚ ਆ ਗਈ
ਤਾਂ ਫਿਰ ਕੀ ਹੋਵੇਗਾ...?

ਡਰ ਮਸ਼ੀਨ ਤੋਂ ਨਹੀਂ,
ਡਰ ਉਸ ਪਲ ਤੋਂ ਹੈ
ਜਦੋਂ ਮਨੁੱਖ
ਆਪਣੀ ਹੀ ਰਚੀ ਤਾਕਤ ਦਾ
ਕੈਦੀ ਬਣ ਜਾਵੇਗਾ
ਤਾਂ ਫਿਰ ਕੀ ਹੋਵੇਗਾ....?
ਤਰੱਕੀ ਦੇ ਰਾਹ 'ਤੇ
ਦੌੜਨਾ ਕੋਈ ਗੁਨਾਹ ਨਹੀਂ,
ਪਰ ਜੇ ਉਸ ਦੌੜ ਵਿੱਚ
ਇਨਸਾਨੀਅਤ ਪਿੱਛੇ ਰਹਿ ਗਈ
ਫਿਰ ਮੰਜ਼ਿਲ ਵੀ
ਖ਼ੂਬਸੂਰਤ ਤਬਾਹੀ ਬਣ ਜਾਵੇਗੀ
ਤਾਂ ਫਿਰ ਕੀ ਹੋਵੇਗਾ...?

ਆਸ਼ੂ ਕੁਮਰਾ

# "ਚਿੱੜੀ ਦਾ ਆਲ੍ਹਣਾ"

ਜਦੋਂ ਮੈਂ ਮਾਂ ਦੇ ਪੇਟੋਂ ਜੰਮੀ !
ਲੋਕਾਂ ਨਾਉਂ ਰੱਖਿਆ ਮੇਰਾ ਕੁੱੜੀਆਂ !
ਮੁੰਡਿਆਂ ਲਈ ਨਿੰਮਾਂ ਦੇ ਸਿਹਰੇ !
ਕੁੱੜੀਆਂ ਖਾਤਰ ਫੜੀਆਂ ਛੁਰੀਆਂ !
ਮੋਹ ਮਮਤਾ ਦੀ ਮਜਬੂਰੀ ਅੰਦਰ ,
ਮੈਨੂੰ ਜਿਹੜਾ ਲਾਡ ਲਡਾਇਆ !
ਗਹੁ ਨਾਲ ਜੇ ਵੇਖੋ ਉਸ ਨੂੰ ,
ਸਮਾਜ 'ਚ, ਦਿਸਦਾ ਨੱਫਰਤ ਦਾ ਸਾਇਆ !
ਪਿਉ ਦਾ ਘਰ ਮੈਂ ਲਿੱਪ ਪੋਚਕੇ !
ਧਨ ਪਰਾਇਆ ਬਣ ਗਈ ,
ਕੁੜੀ ਤੋਂ ਬੱਣਕੇ ਨਾਂਓ ਚਿੱੜੀ ਦਾ !
ਸਹੁਰੇ ਘਰ ਵਿਚ ਠੱਣ ਗਈ !
ਨਾ ਮੈਨੂੰ ਪੇਕਿਆਂ ਨੇ ਰੱਖਿਆ !
ਨਾ ਮੈਂ ਸਹੁਰਿਆਂ ਦੀ ਜਿੱਥੇ !
ਚਿੱੜੀਆਂ ਬੈਠੀਆਂ ਵਿਚ ਆਲ੍ਹਣੇ ,
ਦੱਸੋ ਮੇਰਾ ਆਲ੍ਹਣਾ ਕਿੱਥੇ ?
ਚਿੱੜੀਆਂ ਦਾ ਚੰਬਾ ਖੁਸ਼ੀ ਮਨ ਦੀ ,
ਹੋ ਗਈ ਡਾਰ ਪਰਾਈ !
ਚਿੱੜੀਆਂ ਨੂੰ ਉੱਥੇ ਕੋਈ ਨਾ ਪੁੱਛੇ !
ਜਿੱਥੇ ਕਾਂਵਾਂ ਰੌਲੀ ਪਾਈ !
ਗਿਲ੍ਹੇ ਸਾਂਉਕੇ ਸੁੱਕਾ ਰੱਖਿਆ
ਪੁੱਤ ਨੂੰ ਵੱਡਾ ਕੀਤਾ !
ਪਿਉ ਪਿੱਛੋਂ ਹੁਣ ਪੁੱਤ ਮੇਰੇ ਨੇ,
ਘਰ ਉੱਤੇ ਕਬਜ਼ਾ ਕੀਤਾ !
ਪੀੜ੍ਹੀ ਦਰ ਪੀੜ੍ਹੀ ਬੰਦਿਆਂ ਨੇ
ਦੁੱਧ ਮਾਂ ਚਿੱੜੀ ਦਾ ਪੀਤਾ !
ਇਹ ਸਾਰੇ ਘਰ ਦੇ ਮਾਲਕ ਬਣ ਗਏ !
ਚਿੱੜੀ ਬੱਣਕੇ ਰਹਿ ਗਈ ਇਕ ਰਿਸ਼ਤਾ !
ਪਿਉ ਦਾ ਘਰ ਸਹੁਰੇ ਦਾ ਘਰ ,
ਪੁੱਤ ਦਾ ਘਰ ਹੈ ਜਿੱਥੇ !
ਦੱਸੋ ਮੈਨੂੰ ਭੱਲਿਓ ਲੋਕੋ !
ਮੇਰਾ ਘਰ ਹੈ ਕਿੱਥੇ !?

ਗ . ਘੁਮਾਣ, 95018-48436







# ਹਾਣੀ–(ਭਾਗ–3)




ਜਿਉਂ ਹੀ ਧੰਤੋ ਨੇ ਆਪਣੀ ਸਹੇਲੀ ਬੀਰੋ ਨੂੰ ਘਾਹ ਦੀ ਪੰਡ ਚੁੱਕੀ ਆਉਂਦੀ ਵੇਖਿਆ, ਉਸ ਦੇ ਦਾਗਾਂ ਵਿਚ ਸੂਹੇ ਗੁਲਾਬ ਖਿੜ ਪਏ। ਇਕ ਪਲ ਲਈ ਉਹ ਭੱਠੀ ਪਏ ਨਵੇਂ ਛੋਲਿਆਂ ਵਿਚ ਕੁੱਜਾ ਫੇਰਨਾ ਭੁੱਲ ਗਈ। ਸੁਗੰਧੀ ਛੋਲਿਆਂ ਦੇ ਮੂੰਹ ਪਾੜ ਪਾੜ ਉੱਠ ਰਹੀ ਸੀ। ਉਸ ਆਉਂਦੀ ਬੀਰੋ ਵਲ ਹੱਥ ਉੱਚਾ ਕੀਤਾ ਤੇ ਮੁੜ ਸੜਦੇ ਦਾਣਿਆਂ ਵਿਚ ਕੁੱਜਾ ਫੇਰਨਾ ਸ਼ੁਰੂ ਕਰ ਦਿੱਤਾ। ਬੀਰੋ ਕੋਲ ਆ ਕੇ ਰੁਕ ਗਈ।

ਧੰਤੋ ਨੇ ਦਾਣੇ ਭੱਠੀ ਵਿਚੋਂ ਬਾਹਰ ਕੱਢਦਿਆਂ ਆਖਿਆ:

"ਬੀਰੋ ਬੰਦੀਏ! ਤੂੰ ਮਰ ਈ ਜਾਂਏਂ ਐਹੋ ਜਿਹੀ ਨਮੋਹਰੀ।"

"ਮੈਨੂੰ ਘਾਹ ਵੇਚ ਆਉਣ ਦੇ, ਤੇਰੀ ਆ ਕੇ ਖ਼ਬਰ ਲੈਨੀ ਆਂ।" ਬੀਰੋ ਰੋਕਦਿਆਂ ਰੋਕਦਿਆਂ ਵੀ ਤੁਰੀ ਹੀ ਗਈ ਅਤੇ ਨਾਲ ਨਾਲ ਹੱਥ ਹਿਲਾ ਕੇ ਛੇਤੀ ਆਉਣ ਦੀ ਤਸੱਲੀ ਦੇਂਦੀ ਗਈ।

ਬੀਰੋ ਚੂਹੜਿਆਂ ਦੀ ਕੁੜੀ ਸੀ। ਏਹੀ ਸਾਲ ਖੰਡ ਧੰਤੋ ਤੋਂ ਵੱਡੀ ਹੋਵੇਗੀ। ਪੱਕਾ ਮੁਸ਼ਕੀ ਰੰਗ, ਜਿਹੜਾ ਦਰਾਵੜ ਕੌਮ ਦਾ ਖ਼ਾਸ ਵਿਰਸਾ ਹੈ, ਮੋਟੀਆਂ ਕਾਲੀਆਂ ਅੱਖਾਂ, ਜੰਗਲੀ ਹਰਨੀ ਦੀਆਂ ਤੇ ਤਿੱਖੇ ਕਾਟਵੇਂ ਨਕਸ਼ਾਂ ਨਾਲ ਜਵਾਨੀ ਨੂੰ ਖਿੱਚ ਦਾ ਲੋਹੜ ਚੜ੍ਹਿਆ ਸੀ। ਏਸੇ ਖਿੱਚ ਵਿਚ ਖਿੰਚੀ ਧੰਤੋ ਨੇ ਇਕ ਦਿਨ ਜੀ. ਟੀ. ਰੋਡ ਦੀਆਂ ਟਾਹਲੀਆਂ ਹੇਠ ਘਾਹ ਅਤੇ ਬਾਲਣ ਦੀਆਂ ਪੰਡਾਂ ਰਖ ਕੇ ਦਮ ਲੈਂਦਿਆਂ ਆਖਿਆ ਸੀ:

"ਹਾਇ! ਜੇ ਮੈਂ ਮੁੰਡਾ ਹੁੰਦਾ, ਤੇਰੇ ਵਾਲੇ ਬੁੱਲੇ ਜ਼ਰੂਰ ਲੁਟਦਾ, ਭਾਵੇਂ ਕੈਦ ਕੱਟਣੀ ਨਾ ਪੈਂਦੀ।" ਧੰਤੋ ਨੇ ਏਨੀ ਕਹਿ ਕੇ ਬੀਰੋ ਨੂੰ ਮੱਲੋ ਮੱਲੀ ਘੁੱਟ ਲਿਆ ਸੀ।

ਬੀਰੋ ਦੇ ਖਿਚਾਂ ਪਾਊ ਹੁਸਨ ਬਾਰੇ ਇਹ ਇਕ ਕੁੜੀ ਦੇ ਮਨ ਦੀ ਭਟਕਣਾ ਸੀ ਤੇ ਮੁੰਡਿਆਂ ਦੇ ਮਨ ਦਾ ਹਾਲ ਦੱਸਦਿਆਂ ਤਾਂ ਸ਼ਾਇਦ ਰੱਬ ਦੇ ਵੀ ਦੰਦ ਜੁੜ ਜਾਣ। ਜੱਟ ਮੁੰਡਿਆਂ ਉਸ ਦੇ ਰੰਗ, ਨਕਸ਼ਾਂ ਤੇ ਜਵਾਨੀ ਬਾਰੇ ਉਸ ਨੂੰ ਸੁਣਾ ਸੁਣਾ ਗੀਤ ਗਾਏ, ਪਰ ਕਿਸੇ ਗੱਭਰੂ ਨੂੰ ਚੁੰਨੀ ਛੋਹਣ ਤਾਂ ਕੀ, ਉਸ ਦੇ ਰਾਹ ਦੀ ਪੈੜ ਮਿੱਧਣ ਦਾ ਵੀ ਜੇਰਾ ਨਹੀਂ ਪਿਆ ਸੀ, ਕਿਉਂਕਿ ਸਾਰੇ ਜਾਣਦੇ ਸਨ, ਬੀਰੋ ਇਕ ਨਿਰੀ ਪੂਰੀ ਕੁੜੀ ਹੀ ਨਹੀਂ, ਰੋਹੀ ਦੀ ਨਾਗਣ ਵੀ ਹੈ, ਜਿਸ ਦਾ ਡੰਗਿਆ ਪਾਣੀ ਨਹੀਂ ਮੰਗਦਾ। ਕੁਆਰੀ ਜਵਾਨੀ ਦਾ ਕੀਮਤੀ ਖਜ਼ਾਨਾ ਸ਼ਾਇਦ ਕਦੋਂ ਦਾ ਲੁੱਟ ਲਿਆ ਜਾਂਦਾ, ਜੇ ਨਾਗਾਂ ਦੀ ਪਹਿਰੇਦਾਰੀ ਨਾ ਹੁੰਦੀ। ਪਿਛਲੇ ਸਾਲ ਤੋਂ ਬੀਰੋ ਦਾ ਮਨ ਆਪਣੇ ਹੀ ਰੰਗ ਦੇ ਇਕ ਜੱਟਾਂ ਦੇ ਮੁੰਡੇ ਲਾਭੇ, ਜਿਸ ਦਾ ਪੂਰਾ ਨਾਂ ਲਾਭ ਸਿੰਘ ਸੀ, ਵਲੋਂ ਦਿਨੋ ਦਿਨ ਖਿੱਚੀਂਦਾ ਜਾ ਰਿਹਾ ਸੀ, ਜਿਹੜਾ ਪਿਛਲੇ ਸਿਆਲ ਵਿਚ ਹੀ ਨਾਜਾਇਜ਼ ਬੰਦੂਕ ਵਿਚ ਛੇ ਮਹੀਨੇ ਸਜ਼ਾ ਕੱਟ ਕੇ ਆਇਆ ਸੀ। ਉਹ ਸਜ਼ਾ ਉਸ ਨੇ ਆਪਣੇ ਕਬੀਲਦਾਰ ਤੇ ਡਰਾਕਲ ਯਾਰ ਬਘੇਰੇ ਦੀ ਖ਼ਾਤਰ ਕੱਟੀ ਸੀ। ਤੇ ਇਸ ਗੱਲ ਨੂੰ ਪਿੰਡ ਦੇ ਨਿਆਣੇ ਤੱਕ ਜਾਣਦੇ ਸਨ। ਬੀਰੋ ਦੀ ਨਜ਼ਰ ਵਿਚ ਲਾਭਾ ਪਿੰਡ ਦੇ ਸਾਰੇ ਮੁੰਡਿਆਂ ਵਿਚੋਂ ਦਲੇਰ ਤੇ ਭੀੜਾਂ ਸਹਿਣ ਵਾਲਾ ਗੱਭਰੂ ਸੀ। ਪੁਲਿਸ ਦੀ ਮਾਰ ਵਿਚ ਉਹ ਭੋਰਾ ਨਹੀਂ ਜਰਕਿਆ ਸੀ। ਥਾਣੇਦਾਰ ਚਾਹੁੰਦਾ ਸੀ, ਉਹ ਕਹਿ ਦੇਵੇ, ਬੰਦੂਕ ਮੇਰੀ ਨਹੀਂ ਬਘੇਰੇ ਦੀ ਹੈ, ਫਿਰ ਡਰਾਕਲ ਬਘੇਰੇ ਤੋਂ ਸੌ ਦੇ ਸੌ ਝਾੜ ਲਿਆ ਜਾਵੇ ਤੇ ਉਸ ਨੂੰ ਸਜ਼ਾ ਵੀ ਕਰਵਾ ਦਿੱਤੀ ਜਾਵੇ। ਪਰ ਅਖ਼ੀਰ ਦਮ ਤਕ ਲਾਭਾ ਏਹੀ ਆਖੀ ਗਿਆ, "ਬੰਦੂਕ ਮੇਰੀ ਹੈ, ਮੈਨੂੰ ਜੋ ਚਾਹੋ ਕਰੋ।"

ਇਹੀ ਕਾਰਨ ਸੀ ਕਿ ਬਿਗਾਨੀ ਭੀੜ ਸਹਿਣ ਵਾਲਾ ਲਾਭਾ ਬੀਰੋ ਦੇ ਮਨ ਪੁੜ ਗਿਆ ਤੇ ਜਦੋਂ ਉਹ ਜੇਲ ਤੋਂ ਛੁੱਟ ਕੇ ਆਇਆ, ਉਸ ਉਹਨਾਂ ਦੇ ਖੂਹ ਤੋਂ ਘਾਹ ਖੋਤਣਾ ਸ਼ੁਰੂ ਕਰ ਦਿੱਤਾ। ਜੇਲ੍ਹ ਕੱਟ ਆਉਣ ਪਿਛੋਂ ਲਾਭੇ ਵਿਚ ਵੀ ਵੈਲੀਆਂ ਵਾਲੀ ਬੋਅ ਜਾਗ ਪਈ ਸੀ। ਜਦੋਂ ਕਦੇ ਲਾਭਾ ਸੁਭਾਵਕ ਹੀ ਬੀਰੋ ਵਲ ਵੇਖਦਾ, ਉਹ ਉਸ ਨੂੰ ਕਿੰਨਾ ਮਿੱਠਾ ਮਿੱਠਾ ਲਗਦਾ, ਜਿਵੇਂ ਉਹ ਆਪ ਵੀ ਗੰਨੇ ਦੀ ਪੋਰੀ ਵਾਂਗ ਰਸੀ ਜਾ ਰਹੀ ਸੀ! ਉਹਨਾਂ ਦੀਆਂ ਸੰਗਦੀਆਂ ਅੱਖਾਂ ਵਿਚ ਹੌਲੀ ਹੌਲੀ ਦਲੇਰੀ ਉਠ ਖਲੋਤੀ ਤੇ ਪਲਕਾਂ ਪੂਰੀਆਂ ਖੁੱਲ੍ਹ ਕੇ ਇਕ ਦੂਜੇ ਦੇ ਅੰਦਰ ਆਉਣ ਲਈ ਇੰਤਜ਼ਾਰ ਕਰਦੀਆਂ। ਹੁਣ ਉਹ ਹੱਸ ਵੀ ਲਿਆ ਕਰਦੇ ਸਨ ਤੇ ਕਦੇ ਕਦਾਈਂ ਇਕ ਅੱਧੀ ਗੱਲ ਵੀ ਕਰ ਲੈਂਦੇ।

ਧੰਤੋ ਨੇ ਪੰਜ ਚਾਰ ਹੀ ਚੁੰਗਾਂ ਕੱਢੀਆਂ ਸਨ ਕਿ ਬੀਰੋ ਘਾਹ ਦੀ ਚਵਾਨੀ ਖਰੀ ਕਰ ਕੇ ਆ ਗਈ ਅਤੇ ਧੰਤੋ ਦੇ ਸਾਹਮਣੇ ਹੋ ਕੇ ਬਹਿ ਗਈ।

"ਹੁਣ ਭੌਂਕ ਉਦੋਂ ਕੀ ਆਂਹਦੀ ਸੀ।" ਬੀਰੋ ਆਉਂਦੀ ਹੀ ਵਰ੍ਹ ਪਈ। ਧੰਤੋ ਨੇ ਹੱਥ ਦਾ ਇਸ਼ਾਰਾ ਕਰ ਦਿੱਤਾ ਕਿ ਮਾਈ ਦੀ ਚੁੰਗ ਤੁਰ ਜਾਣ ਦੇ। ਮਾਈ ਤੋਂ ਬਿਨਾਂ ਭੱਠੀ ਉਤੇ ਕੋਈ ਨਹੀਂ ਸੀ। ਧੰਤੋ ਨੇ ਛੱਟ ਸਵਾਰ ਕੇ ਪਰਾਗਾ ਮਾਈ ਦੀ ਝੋਲੀ ਪਾ ਦਿੱਤਾ। ਮਾਈ ਥੋੜ੍ਹੀ ਦੂਰ ਹੀ ਗਈ ਸੀ ਕਿ ਧੰਤੋ ਤੋਂ ਰਿਹਾ ਨਾ ਗਿਆ।

"ਨੀ ਧੱਗੜੇ ਦੇ ਖੂਹ ਦਾ ਹੁਣ ਤਾਂ ਖਹਿੜਾ ਛੱਡ ਦੇ।"

"ਤੈਨੂੰ ਸਾੜਾ ਏ ਤਾਂ ਤੂੰ ਜਾਣ ਲਗ ਜਾ, ਮੈਂ ਛੱਡ ਦਿੰਦੀ ਆਂ।"

ਬੀਰੋ ਦੂਜੇ ਪਾਸੇ ਮੂੰਹ ਕਰ ਕੇ ਹੱਸਣ ਲੱਗ ਪਈ। ਧੰਤੋ ਨੇ ਉਸ ਦੀ ਵੱਖੀ 'ਚ ਕੁੱਢਣੀ ਖੋਭ ਦਿੱਤੀ।

"ਹੈ ਤੈਨੂੰ ਹਰਾਂਬੜੇ।"

"ਕਿਉਂ ਪਸੰਦ ਨਹੀਂ?"

"ਤੂੰ ਮੇਰੀ ਛੱਡ, ਜਿਹੜੀ ਅਗਾਂਹ ਦੀ ਅਗਾਂਹ ਵਧੀ ਜਾਨੀ ਏਂ, ਕਿਸੇ ਓਸੇ ਖੂਹ 'ਚ ਨਾ ਛਾਲ ਮਾਰਨੀ ਪਵੇ।" ਧੰਤੋ ਨੂੰ ਚੋਟ ਦਾ ਉੱਤਰ ਕੋਈ ਅਹੁੜਿਆ ਨਹੀਂ ਸੀ ਤੇ ਉਹ ਛੋਟੀ ਹੁੰਦੀ ਹੋਈ ਦਾਨੀ ਬਣਨ ਦਾ ਬੇਅਰਥ ਜਤਨ ਕਰ ਰਹੀ ਸੀ।

"ਖੂਹ 'ਚ ਛਾਲ, ਤੇ ਮੈਂ ਮਾਰਾਂਗੀ, ਕਿਉਂ?" ਬੀਰੋ ਨੇ ਅਟਲ ਇਨਕਾਰ ਵਿਚ ਸਿਰ ਫੇਰਿਆ। "ਮੈਨੂੰ ਤਾਂ ਜੇ ਕਿਸੇ ਪਾਪੀ ਨੇ ਧੱਕਾ ਵੀ ਦਿੱਤਾ, ਉਸ ਖੂਹ ਦੇ ਪਾਣੀ ਕੂਲੀ ਰੇਤ ਬਣ ਜਾਣਾ ਏਂ।" ਇਕ ਪਲ ਸੁਆਦ ਵਿਚ ਬੀਰੋ ਦੀਆਂ ਅੱਖਾਂ ਮੀਟੀਆਂ ਗਈਆਂ। ਉਸ ਨੂੰ ਆਪਣੇ ਪਿਆਰ ਵਿਚ, ਪਿਆਰੇ ਦੇ ਖੂਹ ਵਿਚ 'ਤੇ ਖੂਹ ਦੇ ਪਾਣੀ ਵਿਚ ਕਿੰਨਾ ਵੱਡਾ ਭਰੋਸਾ ਜਾਗ ਪਿਆ ਸੀ, ਜਿਵੇਂ ਚੁਫੇਰੇ ਜ਼ਿੰਦਗੀ ਹੀ ਜ਼ਿੰਦਗੀ ਸੀ ਤੇ ਮੌਤ ਦੀ ਮੌਤ ਹੋ ਕੇ ਰਹਿ ਗਈ ਸੀ।

ਬੀਰੋ ਨੂੰ ਧੰਤੋ ਨਾਲ ਗੱਲਾਂ ਕਰਦਿਆਂ ਵੇਖ ਗੁਵਾਂਢੀ ਮੁੰਡਾ ਭੁਨਾਉਣ ਲਈ ਘਰੋਂ ਦਾਣੇ ਲੈ ਆਇਆ। ਬਾਹਰਲੀ ਟਾਪ ਟਾਪ ਤੋਂ ਉਹ ਮੁੰਡਾ ਸਾਧੂ ਦਿਸਦਾ ਸੀ, ਪਰ ਵਿਚਾਰੇ ਦਾ ਦਿਲ ਉਸ ਦੀਆਂ ਅੱਖਾਂ ਵਿਚ ਆਇਆ ਬੀਰੋ ਅਨਪੜ੍ਹ ਹੁੰਦੀ ਵੀ ਪੜ੍ਹ ਗਈ ਤੇ ਉਠਦੀ ਬੋਲੀ:

"ਕੱਲ੍ਹ ਇਕੱਠੀਆਂ ਬਾਹਰ ਨੂੰ ਚੱਲਾਂਗੀਆਂ।"

"ਤੂੰ ਥੋੜ੍ਹਾ ਚਿਰ ਤਾਂ ਹੋਰ ਬੈਠ?"

"ਨਹੀਂ ਭੈਣੇ, ਹਾਲੇ ਜਾ ਕੇ ਰੋਟੀ ਲਾਹੁਣੀ ਏ।" ਬੀਰੋ ਨੇ ਤੁਰਦਿਆਂ ਨੱਕ ਨੂੰ ਸੜ੍ਹਾਕਾ ਮਾਰਿਆ ਤੇ ਮੂੰਹ ਪਾਸੇ ਕਰਕੇ ਥੁੱਕ ਦਿੱਤਾ। ਵਿਚਾਰਾ ਮੁੰਡਾ ਮੱਥੇ ਉਤੇ ਤਿਊੜੀ ਕਸ ਕੇ ਰਹਿ ਗਿਆ।

(ਬਾਕੀ ਅਗਲੇ ਭਾਗ)

–ਜਸਵੰਤ ਸਿੰਘ ਕੰਵਲ

# ਮੈਂ ਬਿਲਕੁੱਲ ਠੀਕ-ਠਾਕ ਹਾਂ: ਸਲਮਾਨ ਖਾਨ



ਬੌਲੀਵੁੱਡ ਸੁਪਰਸਟਾਰ ਸਲਮਾਨ ਖਾਨ ਨੇ ਅੱਜ ਆਪਣੇ ਸੋਸ਼ਲ ਮੀਡੀਆ ਖਾਤੇ 'ਤੇ ਇੱਕ ਪੋਸਟ ਸਾਂਝੀ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਦੀ ਸਿਹਤ ਬਿਲਕੁਲ ਠੀਕ ਹੈ ਅਤੇ ਸਿਹਤ ਸਬੰਧੀ ਕੋਈ ਸਮੱਸਿਆ ਨਹੀਂ ਹੈ। ਜ਼ਿਕਰਯੋਗ ਹੈ ਕਿ ਬਿਗ ਬੌਸ ਸ਼ੋਅ ਦੇ ਨਿਰਮਾਤਾਵਾਂ ਤੇ ਪ੍ਰਬੰਧਕਾਂ ਨੇ ਬੀਤੀ ਰਾਤ ਸਲਮਾਨ ਖਾਨ 'ਤੇ ਫਿਲਮਾਇਆ ਦ੍ਰਿਸ਼ ਗਲਤ ਢੰਗ ਨਾਲ ਐਡਿਟ ਕਰ ਦਿੱਤਾ ਸੀ ਜਿਸ ਵਿਚ ਅਜਿਹਾ ਦਿਖਾਇਆ ਗਿਆ ਕਿ ਸਲਮਾਨ ਖਾਨ ਦੀ ਤਬੀਅਤ ਸਚਮੁੱਚ ਵਿਗੜ ਗਈ ਹੈ ਪਰ ਸਲਮਾਨ ਨੇ ਅੱਜ ਸਪਸ਼ਟ ਕਰਦਿਆਂ ਕਿਹਾ ਕਿ ਉਹ ਬਿਲਕੁੱਲ ਠੀਕ ਹਨ। ਰਿਐਲਿਟੀ ਸ਼ੋਅ ਦੇ ਇਸ ਪ੍ਰੋਮੋ ਵਿੱਚ ਦਿਖਾਇਆ ਗਿਆ ਕਿ ਸਲਮਾਨ ਦੀ ਸਟੇਜ 'ਤੇ ਅਚਾਨਕ ਸਿਹਤ ਵਿਗੜ ਗਈ ਜਿਸ ਨੂੰ ਦੇਖ ਕੇ ਉਨ੍ਹਾਂ ਦੇ ਪ੍ਰਸ਼ੰਸਕ ਕਾਫੀ ਚਿੰਤਤ ਹੋ ਗਏ ਸਨ। ਇਸ ਸ਼ੋਅ ਦੇ 17 ਸੀਜ਼ਨਾਂ ਦੀ ਮੇਜ਼ਬਾਨੀ ਕਰ ਚੁੱਕੇ ਅਦਾਕਾਰ ਨੇ ਦੱਸਿਆ ਕਿ ਸ਼ੋਅ ਦੇ ਨਿਰਮਾਤਾਵਾਂ ਨੇ ਪ੍ਰੋਮੋ ਨੂੰ ਇਸ ਤਰੀਕੇ ਨਾਲ ਕੱਟਿਆ ਸੀ, ਜਿਸ ਨੂੰ ਬਾਅਦ ਵਿੱਚ ਠੀਕ ਕਰ ਦਿੱਤਾ ਗਿਆ। ਉਨ੍ਹਾਂ ਨੇ ਸ਼ਨਿਚਰਵਾਰ ਨੂੰ ਆਪਣੀ ਇੰਸਟਾਗ੍ਰਾਮ ਸਟੋਰੀ 'ਤੇ ਇੱਕ ਪੋਸਟ ਸਾਂਝੀ ਕੀਤੀ ਅਤੇ ਮੁਆਫ਼ੀ ਵੀ ਮੰਗੀ।

### 'ਬਿਗ ਬੌਸ 20' ਸ਼ੋਅ 'ਤੇ ਸਲਮਾਨ ਖਾਨ ਦੀ ਸਿਹਤ ਵਿਗੜੀ

ਸਲਮਾਨ ਖਾਨ ਨੇ ਲਿਖਿਆ, 'ਮੇਰੀ ਸਿਹਤ ਵਿੱਚ ਕੋਈ ਖਰਾਬੀ ਨਹੀਂ ਹੈ ਅਤੇ ਬਿੱਗ ਬੌਸ ਦਾ ਪ੍ਰੋਮੋ ਉਸ ਤਰੀਕੇ ਨਾਲ ਨਹੀਂ ਕੱਟਿਆ ਜਾਣਾ ਚਾਹੀਦਾ ਸੀ ਜਿਵੇਂ ਕਿ ਇਹ ਕੱਟਿਆ ਗਿਆ ਸੀ। ਪ੍ਰੋਮੋ ਕੱਟਣ ਦੇ ਤਰੀਕੇ ਲਈ ਮੈਂ ਮੁਆਫੀ ਚਾਹੁੰਦਾ ਹਾਂ। ਮੈਨੂੰ ਲੱਗਦਾ ਹੈ ਕਿ ਇਹ ਉਹ ਤਰੀਕਾ ਹੈ ਜੋ ਉਹ ਸ਼ੋਅ ਦੀ ਪ੍ਰਮੋਸ਼ਨ ਲਈ ਵਰਤਦੇ ਹਨ, ਇਸ ਲਈ ਮੈਂ ਉਨ੍ਹਾਂ ਵੱਲੋਂ ਮੁਆਫ਼ੀ ਮੰਗਦਾ ਹਾਂ।' ਇਸ ਦੇ ਨਾਲ ਹੀ ਅਦਾਕਾਰ ਨੇ ਪ੍ਰੋਮੋ ਵਿੱਚ ਬਦਲਾਅ ਕਰਨ ਲਈ ਸ਼ੋਅ ਦੇ ਨਿਰਮਾਤਾਵਾਂ ਦਾ ਧੰਨਵਾਦ ਕੀਤਾ ਅਤੇ ਲਿਖਿਆ ਕਿ ਬਿੱਗ ਬੌਸ ਨੇ ਇਸ ਨੂੰ ਠੀਕ ਕਰ ਦਿੱਤਾ ਹੈ, ਧੰਨਵਾਦ ਬਿੱਗ ਬੌਸ।

### ਫਿਲਮ 'ਗਲਵਾਨ ਘਾਟੀ' ਵਿਚ ਨਜ਼ਰ ਆਉਣਗੇ ਸਲਮਾਨ ਖਾਨ

ਸਲਮਾਨ ਖਾਨ ਜਲਦੀ ਹੀ ਆਪਣੀ ਆਉਣ ਵਾਲੀ ਫਿਲਮ ਮਾਤ੍ਰਭੂਮੀ ਵਿੱਚ ਨਜ਼ਰ ਆਉਣਗੇ। ਇਸ ਫ਼ਿਲਮ ਦਾ ਨਿਰਦੇਸ਼ਨ ਅਪੂਰਵ ਲਖੀਆ ਵੱਲੋਂ ਕੀਤਾ ਜਾ ਰਿਹਾ ਹੈ ਅਤੇ ਇਸ ਵਿੱਚ ਅਦਾਕਾਰ ਦੇ ਨਾਲ ਚਿਤਰਾਂਗਦਾ ਸਿੰਘ ਵੀ ਮੁੱਖ ਭੂਮਿਕਾ ਵਿੱਚ ਨਜ਼ਰ ਆਵੇਗੀ। ਇਹ ਫ਼ਿਲਮ ਸਾਲ 2020 ਵਿੱਚ ਹੋਈ ਗਲਵਾਨ ਘਾਟੀ ਦੀ ਝੜਪ ਦੇ ਆਲੇ-ਦੁਆਲੇ ਘੁੰਮਦੀ ਹੈ।

# ਕਾਰਤਿਕ ਆਰੀਅਨ ਤੇ ਯਾਮੀ ਗੌਤਮ ਬਣੇ ਸਰਵੋਤਮ ਅਦਾਕਾਰ

ਕਾਰਤਿਕ ਆਰੀਅਨ ਨੂੰ ਫਿਲਮ 'ਚੰਦੂ ਚੈਂਪੀਅਨ' ਅਤੇ ਮਮੂਟੀ ਨੂੰ 'ਬ੍ਰਹਮਯੁਗਮ' ਲਈ ਸਰਵੋਤਮ ਅਦਾਕਾਰ ਦਾ ਕੌਮੀ ਐਵਾਰਡ ਮਿਲਿਆ ਹੈ। ਬੈਸਟ ਐਕਟਰੈੱਸ ਦਾ ਐਵਾਰਡ ਯਾਮੀ ਗੌਤਮ ਨੂੰ ਫਿਲਮ 'ਆਰਟੀਕਲ 370' ਲਈ ਮਿਲਿਆ। ਕੌਮੀ ਫਿਲਮ ਐਵਾਰਡ ਸਮਾਗਮ ਅੱਜ ਗੁਜਰਾਤ ਦੇ ਕੇਵਡੀਆ ਵਿੱਚ ਸ਼ੁਰੂ ਹੋਇਆ। ਜ਼ਿਕਰਯੋਗ ਹੈ ਕਿ ਐਵਾਰਡ ਜੇਤੂਆਂ ਦਾ ਐਲਾਨ 18 ਜੁਲਾਈ ਨੂੰ ਹੀ ਕਰ ਦਿੱਤਾ ਗਿਆ ਸੀ ਤੇ ਅੱਜ ਰਾਸ਼ਟਰਪਤੀ ਦਰੋਪਦੀ ਮੁਰਮੂ ਜੇਤੂਆਂ ਨੂੰ ਐਵਾਰਡ ਦੇ ਰਹੇ ਹਨ।

ਬੈਸਟ ਹਿੰਦੀ ਫਿਲਮ ਦਾ ਐਵਾਰਡ 'ਸ੍ਰੀਕਾਂਤ' ਨੂੰ ਦਿੱਤਾ ਗਿਆ ਹੈ, ਜਦਕਿ ਬੈਸਟ ਫੀਚਰ ਫਿਲਮ ਦਾ ਐਵਾਰਡ 'ਆਰਟੀਕਲ 370' ਨੂੰ ਮਿਲਿਆ ਹੈ। ਤਾਮਿਲ ਫਿਲਮ ਸਟਾਰ ਧਨੁਸ਼ ਨੂੰ ਦੋ ਸ਼੍ਰੇਣੀਆਂ ਵਿੱਚ ਨੈਸ਼ਨਲ ਐਵਾਰਡ ਦਿੱਤਾ ਗਿਆ ਹੈ।

ਕੇਂਦਰੀ ਮੰਤਰੀ ਅਸ਼ਵਿਨੀ ਵੈਸ਼ਨਵ ਨੇ ਕਿਹਾ ਕਿ ਨੈਸ਼ਨਲ ਫਿਲਮ ਐਵਾਰਡ ਸਮਾਰੋਹ ਦਿੱਲੀ ਤੋਂ ਬਾਹਰ ਕਰਵਾਉਣ ਦਾ ਮਕਸਦ ਦੇਸ਼ ਦੇ ਵੱਖ-ਵੱਖ ਸੈਰ-ਸਪਾਟਾ ਸਥਾਨਾਂ ਤੱਕ ਲੋਕਾਂ ਦੀ ਪਹੁੰਚ ਵਧਾਉਣਾ ਹੈ। ਉਨ੍ਹਾਂ ਕਿਹਾ ਕਿ ਅਗਲੀ ਵਾਰ ਕੋਈ ਨਵਾਂ ਟੂਰਿਸਟ ਡੈਸਟੀਨੇਸ਼ਨ ਚੁਣਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਮੁੱਦੇ 'ਤੇ ਵਿਵਾਦ ਕਰਨਾ ਠੀਕ ਨਹੀਂ ਹੈ।

### 1954 ਵਿੱਚ ਸੱਤ ਐਵਾਰਡ; 2026 ਵਿਚ 45 ਐਵਾਰਡ

ਜ਼ਿਕਰਯੋਗ ਹੈ ਕਿ 1954 ਵਿੱਚ ਜਦੋਂ ਨੈਸ਼ਨਲ ਫਿਲਮ ਐਵਾਰਡ ਦੀ ਸ਼ੁਰੂਆਤ ਹੋਈ ਸੀ, ਉਸ ਸਮੇਂ ਸਿਰਫ਼ 7 ਐਵਾਰਡ ਦਿੱਤੇ ਗਏ ਸਨ। ਹੁਣ 72 ਸਾਲ ਬਾਅਦ 72ਵੇਂ ਨੈਸ਼ਨਲ ਫਿਲਮ ਐਵਾਰਡ ਵਿੱਚ ਕੁੱਲ 45 ਐਵਾਰਡ ਦਿੱਤੇ ਜਾ ਰਹੇ ਹਨ। ਇਨ੍ਹਾਂ ਵਿੱਚ 26 ਫੀਚਰ ਫਿਲਮਾਂ, 16 ਨਾਨ-ਫੀਚਰ ਫਿਲਮਾਂ, ਸਿਨੇਮਾ 'ਤੇ ਲੇਖਨ ਲਈ 2 ਐਵਾਰਡ ਅਤੇ ਇਕ ਦਾਦਾਸਾਹਿਬ ਫਾਲਕੇ ਐਵਾਰਡ ਸ਼ਾਮਲ ਹੈ। ਇਸ ਤਰ੍ਹਾਂ 7 ਐਵਾਰਡਾਂ ਨਾਲ ਸ਼ੁਰੂ ਹੋਇਆ ਨੈਸ਼ਨਲ ਫਿਲਮ ਐਵਾਰਡ ਦਾ ਸਫ਼ਰ ਹੁਣ ਭਾਰਤੀ ਸਿਨੇਮਾ ਦੇ ਕਈ ਵੱਖ-ਵੱਖ ਖੇਤਰਾਂ ਤੱਕ ਪਹੁੰਚ ਚੁੱਕਾ ਹੈ। ਜੇ ਤੁਸੀਂ ਚਾਹੋ ਤਾਂ ਮੈਂ ਇਸ ਖ਼ਬਰ ਲਈ ਤੁਹਾਡੀ ਪਸੰਦ ਮੁਤਾਬਕ **5-6 ਤਿੰਨ-ਸ਼ਬਦੀ ਓਨਗਲਿਸਹ ਕੀਅਵਰਲਡ** ਵੀ ਦੇ ਸਕਦਾ ਹਾਂ, ਜਿਸ ਵਿੱਚ ਸਭ ਤੋਂ ਮਜ਼ਬੂਤ ਵਿਕਲਪ ਸਪਸ਼ਟ ਕਰਾਂਗਾ।

# ਜ਼ਿੰਦਗੀ ਹੈ ਇੱਕ ਖੇਡ ਤਮਾਸ਼ਾ

ਜ਼ਿੰਦਗੀ ਹੈ ਇੱਕ ਖੇਡ ਤਮਾਸ਼ਾ ,
ਕਿਸੇ ਦੇ ਬੁੱਲਾਂ ਤੇ ਹਾਸਾ ,
ਕਿਸੇ ਦੇ ਮੁੱਖੜੇ ਤੇ ਝਲਕੇ ਨਿਰਾਸ਼ਾ ।
ਆਉਂਦੇ ਜਾਂਦੇ ਰਾਹੀਆਂ ਨੂੰ ਟੋਲ ਮੁਸਾਫ਼ਿਰ ,
ਬੋਲ ਮੁਸਾਫ਼ਿਰ , ਕੁਝ ਤਾਂ ਬੋਲ ਮੁਸਾਫ਼ਿਰ...।

ਔਕੜਾਂ ਤੋਂ ਕਿਉਂ ਘਬਰਾਈ ਜਾਵੇ ,
ਬੰਦ ਦਰਵਾਜ਼ੇ ਦੇ ਬੂਹੇ ਨੂੰ ਮੱਲੀ ਜਾਵੇ ,
ਆਪਣਿਆਂ ਕੋਲੋਂ ਵੀ ਸੰਗੀ ਜਾਵੇ ,
ਆਪਣੀ ਚੁੱਪੀ ਹੁਣ ਤੋੜ ਮੁਸਾਫ਼ਿਰ।
ਆਉਂਦੇ ਜਾਂਦੇ ਰਾਹੀਆਂ ਨੂੰ ਟੋਲ ਮੁਸਾਫ਼ਿਰ ,
ਬੋਲ ਮੁਸਾਫ਼ਿਰ, ਕੁਝ ਤਾਂ ਬੋਲ ਮੁਸਾਫ਼ਿਰ...।

ਫੁੱਲਾਂ ਵਾਂਗੂੰ ਕਿਤੇ ਕੁਮਲਾ ਨਾ ਜਾਵੀਂ ,
ਪੱਥਰਾਂ ਵਾਂਗੂੰ ਪਥਰਾ ਨਾ ਜਾਵੀਂ,
ਮਨ ਦੀ ਗੱਲ ਆਖ ਸੁਣਾਵੀਂ ।
ਆਉਂਦੇ ਜਾਂਦੇ ਰਾਹੀਆਂ ਨੂੰ ਟੋਲ ਮੁਸਾਫ਼ਿਰ ,
ਬੋਲ ਮੁਸਾਫ਼ਿਰ, ਕੁਝ ਤਾਂ ਬੋਲ ਮੁਸਾਫ਼ਿਰ....।

ਵੇਖ ਨਦੀਆਂ ਦੀ ਤੂੰ ਨਿਰਮਲ ਚਾਲ ਮੁਸਾਫ਼ਿਰ ,
ਰੁੱਖ ਵੰਡਦੇ ਨੇ ਸਭ ਨੂੰ ਪਿਆਰ ਮੁਸਾਫ਼ਿਰ ,
ਖਿੜਦੇ ਫੁੱਲ ਤੈਨੂੰ ਜੀਣਾ ਸਿਖਾਉਂਦੇ ,
ਖੁਸ਼ੀਆਂ ਦੀ ਮਹਿਕ ਬਿਖੇਰ ਮੁਸਾਫ਼ਿਰ ।
ਆਉਂਦੇ ਜਾਂਦੇ ਰਾਹੀਆਂ ਨੂੰ ਟੋਲ ਮੁਸਾਫ਼ਿਰ ,
ਬੋਲ ਮੁਸਾਫ਼ਿਰ, ਕੁਝ ਤਾਂ ਬੋਲ ਮੁਸਾਫ਼ਿਰ...।

ਏਹ ਪੌਣਾਂ ਵੀ ਗਾਉਂਦੀਆਂ ਮਿੱਠੇ ਗੀਤ ਮੁਸਾਫ਼ਿਰ ,
ਤੂੰ ਰੱਬ ਦੀ ਕੁਦਰਤ ਨਾਲ ਕਰ ਪ੍ਰੀਤ ਮੁਸਾਫ਼ਿਰ ,
ਇਸ ਦੀ ਨਿੱਘੀ ਗੋਦ 'ਚ ਮਿਲੂਗਾ ਸਕੂਨ ,
ਮਨ ਦੀਆਂ ਉਲਝਣਾਂ ਨੂੰ ਤੋੜ ਮੁਸਾਫ਼ਿਰ ।
ਆਉਂਦੇ ਜਾਂਦੇ ਰਾਹੀਆਂ ਨੂੰ ਟੋਲ ਮੁਸਾਫ਼ਿਰ ,
ਬੋਲ ਮੁਸਾਫ਼ਿਰ, ਕੁਝ ਤਾਂ ਬੋਲ ਮੁਸਾਫ਼ਿਰ...।

ਜ਼ਿੰਦਗੀ ਦੇ ਔਖੇ ਪੰਧ ਵਿੱਚ ਰੁੱਕ ਨਾ ਜਾਵੀਂ ,
ਅੰਦਰੋਂ ਅੰਦਰੀਂ ਘੁੱਪ ਹਨ੍ਹੇਰੇ ਵਿੱਚ ਲੁੱਕ ਨਾ ਜਾਵੀਂ ,
ਝੱਖੜ ਹਨ੍ਹੇਰੀ ਤੋਂ ਕਿਤੇ ਝੁੱਕ ਨਾ ਜਾਵੀਂ ।
ਆਉਂਦੇ ਜਾਂਦੇ ਰਾਹੀਆਂ ਨੂੰ ਟੋਲ ਮੁਸਾਫ਼ਿਰ ,
ਬੋਲ ਮੁਸਾਫ਼ਿਰ, ਕੁਝ ਤਾਂ ਬੋਲ ਮੁਸਾਫ਼ਿਰ....।

ਲੰਘ ਗਿਆ ਵੇਲਾ ਹੱਥ ਨਹੀਂ ਆਉਣਾ,
ਰਿਆੜ ਲੰਘੇ ਵੇਲੇ ਲਈ ਫਿਰ ਕਿਉਂ ਪਛਤਾਉਣਾ ,
ਹਰ ਪਲ ਸਭ ਨਾਲ ਹੱਸ ਖੇਡ ਲੰਘਾਉਣਾ ।
ਆਉਂਦੇ ਜਾਂਦੇ ਰਾਹੀਆਂ ਨੂੰ ਟੋਲ ਮੁਸਾਫ਼ਿਰ ,
ਬੋਲ ਮੁਸਾਫ਼ਿਰ, ਕੁਝ ਤਾਂ ਬੋਲ ਮੁਸਾਫ਼ਿਰ...।

ਪਰਮਬੀਰ ਕੌਰ ਰਿਆੜ

# –"ਨਾ ਸ਼ੁੱਕਰੇ"–



ਰੂੰ ਦੀ ਜ਼ਖ਼ਮ ਨਾਲ ਗਹਿਰੀ ਦੋਸਤੀ ਡੂੰਘ ਰਿਸ਼ਤਾ। ਜ਼ਖ਼ਮ ਦੇ ਦੁੱਖ ਨੂੰ ਚੂਸਣ ਵਿਚ ਮੱਦਦਗਾਰ। ਪਰ ਚੰਦਰੀ ਪੋਲੀ ਰੂੰ ਜਦ ਜੱਖਮ ਤੇ ਚਿੰਬੜ ਜਾਵੇ। ਉਤਰਨ ਵੇਲੇ ਅਥਾਹ ਪੀੜਾ ! ਅੱਖਾਂ ਚੋਂ ਅੱਥਰੂ। ਗਿੱਲੀ ਕਰ ਕਰ ਜਦੋਂ ਲਹਿੰਦੀ ਹੈ, ਤਾਂ ਮਾਸ ਤੇ ਲਹੂ ਦੇ ਕਿੱਣਕੇ ਨਾਲ ਲੈ ਜਾਂਦੀ ਹੈ। ਕੰਮ ਦੇ ਭਾੜੇ ਦੇ ਰੂਪ ਵਿਚ ! ਮਨ ਦੁੱਖ ਦੇ ਵੇਗ ਵਿਚ ਵਹਿ ਜਾਂਦਾ ਹੈ।

ਜ਼ਿੰਦਗੀ ਵਿਚ ਬਹੁਤ ਹੀ ਸਰਾਪੀਆਂ ਰੂਹਾਂ ਵੇਖੀਆਂ! ਸੁੱਕ ਕੇ ਤੀਲਾ ਹੋਈਆਂ! ਤੇ ਜਿੰਦਗੀ ਦਾ ਆਖ਼ਰੀ ਪੜਾਅ ਸੁੱਕੇ ਦਰੱਖਤ ਦੀ ਛਿੱਲ ਵਾਂਗ ਝੁੱਰੜੀਆਂ ਭਰਿਆ ਸ਼ਰੀਰ ,ਕੰਧ ਦੀਆਂ ਤਰੇੜਾਂ ਵਾਂਗ, ਹੱਥ ਪੈਰ ਪਾਟੇ ਬਿਆਈਆਂ ਨਾਲ ! ਪਰ ਫਿਰ ਭੀ ਉਹ ਅਡੋਲ ਵਿਤੋਂ ਵੱਧ ਕੰਮ ਕਰਨਾ। ਖੁਸ਼ੀ ਵਿਚ ਨਹੀ, ਕਿਸੇ ਸਾਏ ਹੇਠ ਮਜਬੂਰੀ ਵੱਸ।

ਦੱਰਦ ਦਿੱਲੀ ਕਹਾਣੀ ਪੱੜ੍ਹੀ, ਮਨ ਨੂੰ ਸ਼ੇਕ ਲੱਗਿਆ ਦਿਲ ਦੁੱਖੀ ਹੋਇਆ! ਅੱਥਰੂ ਕੇਰੇ! ਕਹਾਣੀ ਨੂੰ ਹਮਦੱਰਦੀ ਦਾ ਥਾਪੜਾ ਦਿੱਤਾ! ਪਰ ਕਹਾਣੀ ਵਾਲੇ ਸੱਜਣ ਨੇ ਅੱਣ

-ਗੌਲ਼ਾ ਕੀਤਾ! ਮੇਰਾ ਹਾਅ ਦਾ ਨਾਅਰਾ ! ਉਹ ਲਿਖ ਨਾ ਸੱਕਿਆ ਧੰਨਵਾਦ!

ਪੱੜਿਆ ਸੀ ਕਿਤੇ ਮਹਿਮਾਨ ਨਿਵਾਜੀ ਅੰਦਰ ਬਣੇ ਪਕਵਾਨ ਪਰੋਸ਼ੇ ਗਏ ਸਨ! ਖਾਣ ਵਾਲੇ ਖਾ ਕੇ ਤੁਰ ਗਏ ! ਕਹਿ ਨਾ ਸਕੇ ! ਕੋਈ ਅਸ਼ੀਸ ਜਾਂ ਤਾਰੀਫ। ਮੇਜ਼- ਬਾਨ ਦੇ ਮਨ ਅੰਦਰ ਵੇਖ ਬੇ-ਹੁਰਮਤੀ ਦਾ ਤੁਫ਼ਾਨ ਝੁੱਲ ਉੱਠਿਆ। ਨਾ ਸ਼ੁੱਕਰੇ ਪ੍ਰਤੀ ਇਕ ਚੀਸ਼ ਰੂਪੀ ਨਿਕਲੀ ਲਹਿਰ ਨੇ ਉਸ ਨੂੰ ਕਲਮਕਾਰ ਬਣਾ ਦਿੱਤਾ।

ਇਕ ਸੱਜਣ ਨਰਾਜ਼ਗੀ ਜਾਹਿਰ ਕਰ ਰਿਹਾ ਸੀ। ਕਿ ਕੋਈ ਲਿਖਤ ਪੱੜ੍ਹਦਾ ਨਹੀ !ਵਿਚਾਰਦਾ ਨਹੀਂ। ਉਸਦੀ ਬਿਲਕੁਲ ਗੱਲ ਠੀਕ ਹੈ !ਲੇਖਕ ਦੀ ਮਿਹਨਤ ਦਾ ਮੁੱਲ ਪੈਣਾ ਚਾਹੀਦਾ ਹੈ। ਪੱੜ੍ਹ ਕੇ ਦਿਲ ਨੇ ਹਾਮੀ ਭਰੀ ਅਤੇ ਲਿਖਤ ਬਾਰੇ ਚਾਰ ਅੱਖਰਾਂ ਦਾ ਥਾਪੜਾ ਦਿੱਤਾ। ਪਰ ਨਿਰਮੋਹਾ ਸੱਜਣ ਸ਼ਾਇਦ ਸ਼ੁੱਕਰੀਆ ਲਿਖਣ ਤੋਂ ਥੱਕ ਗਿਆ ਸੀ।

ਹੁਣ ਮੇਰੇ ਵੱਲੋਂ ਪੱੜ੍ਹਿਆ ਲਿਖਿਆ। ਹਮਦੱਰਦੀ ਭਰੇ ਘੱਲੇ ਸੁਨੇਹੇ ਬਾਰੇ ਜਦੋਂ ਕੋਈ ਜਵਾਬੀ ਚਿੱਠੀ ਪੱਤਰ ਨਸ਼ੀਬ ਨਾ ਹੋਇਆ! ਫੋਨ ਦਾ ਬੂਹਾ ਖੋਲ੍ਹਿਆ। ਕੋਈ ਨਜ਼ਰ ਨਾ ਆਇਆ। ਲੱਗਿਆ ਚਿੰਬੜ ਗਈ ਮੇਰੇ ਜੱਖਮ ਤੇ ਰੂੰਅ! ਜੇ ਕੋਈ ਲਾਹੇ ਗਿੱਲੀ ਕਰਕੇ! "ਨੀ ਅੱਜ ਮੈਂ ਕੀਹਨੂੰ ਆਖਾਂ" ਜਿੰਦਗੀ ਦੇ ਔਜੜ ਸਾਹਿਤਕ ਰਾਹਾਂ ਵਿਚ ਉੱਠੀ ਹਨੇਰੀ ਵਿਚ ਗੁਆਚੇ ਪੰਜ ਤੱਤ ਲੱਭਣ ਲਈ।

ਗੁਰਮੇਲ "ਘੁਮਾਣ", 95018-48436






# ਧੀਆਂ ਭੈਣਾਂ ਨੂੰ ਖਾਲੀ ਨਹੀਂ ਤੋਰੀਦਾ...

ਗੱਲਾਂ ਛੋਟੀਆਂ ਹੀ ਨੇ ਪਰ ਬੜੀਆਂ ਡੂੰਘਾਈ ਵਾਲੀਆ ਨੇ ਮਨ ਤੇ ਬੜਾ ਅਸਰ ਕਰਦੇ ਨੇ ਕੁੱਝ ਵਾਕਿਆਤ। ਕੁੱਝ ਦਿਨ ਹੋਏ ਕਿਸੇ ਕੰਮ ਬਟਾਲੇ ਜਾਣਾ ਪਿਆ। ਸਰਦਾਰ ਜੀ ਡਰੋਪ ਕਰ ਗਏ ਤੇ ਮੈਂ ਆਪਣੇ ਕੰਮਾਂ ਕਾਰਾ 'ਚ ਰੁੱਝ ਗਈ। ਕੰਮ ਮੁਕਾ ਵਾਪਸੀ ਲਈ ਜਿੱਥੇ ਸਰਦਾਰ ਜੀ ਨੇ ਪਿਕ ਕਰਨਾ ਸੀ ਵਾਸਤੇ ਰਿਕਸ਼ਾ ਲੈਣਾ ਪੈਣਾ ਸੀ। ਮੈਂ ਰਿਕਸ਼ਾ ਲੈ ਬੈਠ ਗਈ। ਕੁੱਝ ਦੂਰੀ ਤੇ ਜਾਣ ਤੋਂ ਬਾਅਦ ਰਿਕਸ਼ੇ ਵਾਲਾ ਆਖਦੈ...
ਭੈਣ ਕਦੋਂ ਆਈ ਸਹੁਰਿਆਂ ਤੋਂ...।

ਸੁਣ ਮੈਂ ਬਹੁਤ ਹੈਰਾਨ ਹੋਈ ...ਭਾਅ ਤੁਸੀਂ ਮੈਨੂੰ ਜਾਣਦੇ ਹੋ....
ਹੱਸ ਆਖਦਾ ਤੈਨੂੰ ਖਿਡਾਉਦਾ ਰਿਹਾ ਭੈਣ....
ਮੈਂ ਪਛਾਣਿਆ ਨਹੀਂ ਭਾਅ ...
ਪੈਂਡਲ ਮਾਰਦਾ ਆਖਦੈ....
ਭੈਣ ਮੈਂ ਸੋਖਾ ਤੁਹਾਡਾ ਸੀਰੀ ਰਿਹਾ ..
.ਏਨਾ ਕਹਿਣ ਦੀ ਦੇਰ ਸੀ ਮੈਨੂੰ ਯਾਦ ਆ ਗਿਆ ਹਾਂ ਹਾਂ ਆ ਗਿਆ ਯਾਦ।
ਕੀ ਹਾਲ ਤੇਰਾ ਭਾਅ... ਮੈਨੂੰ ਬੜੀ ਖੁਸ਼ੀ ਹੋਈ।

ਉਹ ਸੀਰੀ ਸੀ ਸਾਡੇ ਤਾਇਆ ਜੀ ਦਾ। ਜਦੋਂ ਮੈਂ ਅਜੇ ਸਾਇਦ ਚੌਥੀ ਪੰਜਵੀਂ ਜਮਾਤ ਵਿੱਚ ਹੋਵਾਂਗੀ। ਮਾਂ ਉਸ ਦੀ ਸਾਡੇ ਘਰਾਂ ਵਿੱਚ ਕੰਮ ਕਰਦੀ ਸੀ ਭੈਣ ਮਾਇਓ ਸੀ ਉਸ ਦਾ ਨਾਂ। ਪਿਓ ਏਨਾਂ ਦਾ ਉੱਚਾ ਸੁਣਦਾ ਸੀ ਸੋ ਉਸ ਨੂੰ ਭਾਅ ਬੋਲਾ ਹੀ ਕਹਿੰਦੇ ਸਨ। ਉਹ ਵੀ ਦਿਹਾੜੀਦਾਰ ਸੀ। ਸਾਇਦ ਇਸ ਦੀ ਮਾਂ ਨੇ ਪੰਦਰਾਂ ਵੀਹ ਸਾਲ ਸਾਡੇ ਘਰਾਂ ਵਿੱਚ ਸਫਾਈ ਦਾ ਕੰਮ ਕੀਤਾ ਹੋਵੇਂਗਾ। ਸਾਡੀ ਜ਼ਮੀਨ ਸਹਿਰੀ ਸੀ ਸੋ ਸਾਡੇ ਘਰ ਸਹਿਰ ਤੋ ਬਾਹਰਵਾਰ ਖੂੰਹ ਤੇ ਬਣਾਏ ਹੋਏ ਸਨ। ਚਾਚੇ ਤਾਇਆਂ ਦੇ ਸਭ ਘਰਾ ਵਿੱਚ ਇਸ ਦੀ ਮਾਂ ਤੇ ਭੈਣਾਂ ਕੰਮ ਕਰਦੀਆਂ ਸਨ॥ ਸੌਖੇ ਦੀਆਂ ਚਾਰ ਪੰਜ ਭੈਣਾ ਸੀ ਸਾਇਦ ਪੱਕਾ ਯਾਦ ਨਹੀਂ ਤੇ ਇੱਕ ਨਿੱਕਾ ਵੀਰ ਸੀ। ਸੌਖਾ ਬੜਾ ਮੇਹਨਤੀ ਸੀ ਸਾਰੇ ਭਰਾ ਭੈਣਾ ਬਹੁਤ ਸੋਹਣੇ ਸੁਨੱਖੇ ਸਨ। ਮਾਂ ਨਾਲ ਭੈਣਾ ਵੀ ਆਉਂਦੀਆਂ ਸਨ ਕੰਮ ਕਰਵਾਉਣ। ਸਾਡਾ ਸਾਰਾ ਪਰਿਵਾਰ ਚੋਰਾਸੀ ਤੋਂ ਪਹਿਲਾਂ ਹੀ ਹੌਲੀ ਹੌਲੀ ਬਾਹਰ ਜਾਣਾ ਸ਼ੁਰੂ ਹੋ ਗਿਆ ਸੀ ਤੇ ਫਿਰ ਸਾਇਦ ਇਸ ਨੇ ਵੀ ਰੋਜੀ ਰੋਟੀ ਕਮਾਉਣ ਲਈ ਰਿਕਸ਼ਾ ਚਲਾਉਣਾ ਸੁਰੂ ਕਰ ਦਿੱਤਾ ਹੋਵੇਗਾ। ਗੱਲਾਂ ਕਰਦਿਆਂ ਕਰਦਿਆਂ ਬਚਪਨ ਯਾਦ ਕਰਦਿਆਂ ਮੈਂ ਨਿਸ਼ਚਿਤ ਥਾਂ ਤੇ ਪਹੁੰਚ ਗਈ। ਮੈਂ ਰਿਕਸ਼ੇ ਚੋਂ ਉੱਤਰ ਕੇ ਜਿਵੇਂ ਹੀ ਪਰਸ ਖੋਲ ਪੈਸੇ ਕੱਢੇ ਸੋਚਿਆ ਪੁਰਾਣਾ ਕਾਮਾ ਹੈ ਬਥੇਰਾ ਕੰਮ ਕੀਤਾ ਸਾਡਾ। ਮਾਲਕ ਦੀ ਮੇਹਰ ਹੈ ਕੁੱਝ ਮਦਦ ਕਰ ਦੇਵਾ ਇਸ ਦੀ .. ਵਿਚਾਰਾ ਸਾਰਾ ਦਿਨ ਪੈਂਡਲ ਮਾਰ ਘਰ ਦਾ ਗੁਜ਼ਾਰਾ ਕਰਦਾ। ਮੇਰੇ ਪੈਸੇ ਦੇਣ ਤੋਂ ਪਹਿਲਾਂ ਹੀ ਉਸ ਅਪਣੇ ਸਿਰ ਦੇ ਪਰਨੇ ਵਿੱਚੋਂ ਦੱਸ ਦੱਸ ਦੇ ਦੋ ਮੈਲੇ ਕੁਚੇਲੇ ਗੋਲ ਗੋਲ ਵਲੇਟ ਕੇ ਰੱਖੇ ਨੋਟ ਕੱਢੇ ਤੇ ਮੇਰੇ ਅੱਗੇ ਕਰ ਦਿੱਤੇ।

ਅਖੇ ਲੈ ਭੈਣ ਪਿਆਰ ....
ਮੇਰੀ ਹੈਰਾਨੀ ਦੀ ਹੱਦ ਨਾ ਰਹੀ !!!
ਨਹੀਂ ਨਹੀਂ ਭਾਅ ਮੈਨੂੰ ਕਾਹਦਾ ਪਿਆਰ ....
ਦੇਣਾ ਤਾਂ ਮੈਂ ਤੈਨੂੰ ਹੈ ...
ਨਹੀਂ ਭੈਣ.... ਪੇਕੇ ਆਈਆਂ
ਭੈਣਾਂ ਨੂੰ ਖਾਲੀ ਨਹੀਂ ਤੋਰੀਦਾ ...ਤੇਰਾ ਵੀਰ ਏਨੇ ਜੋਗਾ ਹੀ ਹੈ ... ਨਾਲੇ ਰੱਖੜੀ ਆਉਣ ਵਾਲੀ ਹੈ। ਸੱਬਬ ਨਾਲ
ਕਿੰਨੇ ਸਾਲਾ ਬਾਅਦ ਤੂੰ ਮਿਲੀ ਹੈ ਭੈਣ ....
ਏਨਾ ਸੁਣ... ।

ਅੱਖਾਂ ਆਪ ਮੁਹਾਰੇ ਵਹਿ ਤੁਰੀਆਂ...... ਬੜਾ ਇਨਕਾਰ ਕੀਤਾ ਪਰ ਉਹ ਅਪਣੀ ਗੱਲ ਤੇ ਬਜਿੱਦ ਰਿਹਾ। ਉਸ ਦੀ ਇਸ ਅੱਪਣਤ ਨੇ ਮੈਨੂੰ ਲਾਜਵਾਬ ਕਰ ਦਿੱਤਾ।

ਮੈਂ ਬੜੀ ਕੋਸ਼ਿਸ਼ ਕੀਤੀ ਪਰ ਉਸ ਪੈਸੇ ਨਹੀਂ ਲਏ।

ਕੁਦਰਤੀ ਮੈਂ ਮਿਠਾਈ ਖਰੀਦੀ ਸੀ ਤੇ ਫਰੂਟ ਲਿਆ ਸੀ। ਜ਼ਬਰਦਸਤੀ ਮੈਂ ਉਹ ਲਿਫਾਫੇ ਉਸ ਦੇ ਰਿਕਸ਼ੇ ਵਿੱਚ ਰੱਖ ਦਿੱਤੇ। ਸਰਦਾਰ ਜੀ ਵੀ ਆ ਚੁੱਕੇ ਸਨ ਸੋ ਉਸ ਤੋਂ ਅਲਵਿਦਾ ਲੈ ਮੈਂ ਕਾਰ ਵਿੱਚ ਬੈਠ ਤੁਰ ਪਈ ਅਪਣੇ ਘਰ ਨੂੰ ਪਰ ਇਸ ਮੋਹ ਨਾਲ ਮਨ ਵਿਰਾਗ ਵਿੱਚ ਆ ਗਿਆ। ਖੌਰੇ ਮਨੋ ਕਿੰਨੀਆਂ ਅਸੀਸਾਂ ਨਿਕਲੀਆਂ ਉਸ ਵੀਰ ਲਈ॥ ਉਸ ਦੇ ਇਹ ਬੋਲ ਪੇਕੇ ਆਈਆਂ ਭੈਣਾਂ ਨੂੰ ਖਾਲੀ ਨਹੀਂ ਤੋਰੀਦਾ... ਯਾਦ ਕਰ ਇੰਝ ਮਹਿਸੂਸ ਹੋਇਆ ਜਿਵੇਂ ਕਿਸੇ ਨੇ ਪਿਆਰ ਨਾਲ ਸਿਰ ਤੇ ਹੱਥ ਧਰ ਦਿੱਤਾ ਹੋਵੇ॥

ਲਿਖਤ– Naturedeep Kahlon



# ਜਣੇਪੇ ਦਾ ਦਰਦ...!





ਹਰਪ੍ਰੀਤ ਕੌਰ ਸੰਧੂ

ਤੁਸੀਂ ਕੌਣ ਹੋ ਉਸ ਨੂੰ ਕਹਿਣ ਵਾਲੇ ਕਿ ਉਸਦਾ ਸਰੀਰ ਆਕਰਸ਼ਕ ਹੈ ਜਾਂ ਨਹੀਂ?

ਤੁਹਾਡੇ ਕੋਲ ਕੀ ਅਧਿਕਾਰ ਹੈ ਇਸ ਗੱਲ ਦਾ?

ਪੁੱਛ ਕੇ ਵੇਖਿਓ ਆਪਣੀ ਮਾਂ ਨੂੰ ਕਿ ਜਦੋਂ ਤੁਹਾਡਾ ਜਨਮ ਹੋਇਆ ਸੀ ਤਾਂ ਉਹ ਕਿਹੋ ਜਿਹੀ ਦਿਖਦੀ ਸੀ?

ਖੂਬਸੂਰਤੀ ਦਾ ਮਿਆਰ ਤੈਅ ਕਰਨ ਦਾ ਹੱਕ ਤੁਹਾਨੂੰ ਕਿਸ ਨੇ ਦਿੱਤਾ ਹੈ?

ਸ਼ਰਮ ਆਉਣੀ ਚਾਹੀਦੀ ਹੈ ਉਹਨਾਂ ਲੋਕਾਂ ਨੂੰ ਜੋ ਉਸਦੀ ਟਰੋਲਿੰਗ ਕਰ ਰਹੇ ਹਨ।

ਉਹ ਭੁਲਿਓ ਕਦੇ ਤਾਂ ਸਮਝੋ ਕਿ ਮਾਂ ਸਿਰਫ ਮਾਂ ਹੁੰਦੀ ਹੈ। ਉਸ ਲਈ ਸਭ ਤੋਂ ਮਹੱਤਵਪੂਰਨ ਉਸ ਦਾ ਬੱਚਾ ਹੁੰਦਾ ਹੈ।



ਇੱਕ ਔਰਤ ਆਪਣੇ ਬੱਚੇ ਨੂੰ ਜਨਮ ਦਿੰਦੀ ਹੈ। ਜਣੇਪੇ ਦਾ ਦਰਦ ਸਰੀਰ ਦੀਆਂ ਸਾਰੀਆਂ ਹੱਡੀਆਂ ਇੱਕੋ ਸਮੇਂ ਟੁੱਟ ਜਾਣ ਦੇ ਬਰਾਬਰ ਹੁੰਦਾ ਹੈ। ਇਸ ਦਰਦ ਦੇ ਭੰਨੇ ਹੋਏ ਸਰੀਰ ਨੇ ਆਪਣੇ ਬਚਾ ਲਈ ਆਪਣੇ ਆਪ ਨੂੰ ਬਦਲਣਾ ਹੁੰਦਾ ਹੈ। ਮਾਂ ਨੇ ਬੱਚੇ ਨੂੰ ਦੁੱਧ ਵੀ ਦੇਣਾ ਹੈ। ਇਸ ਲਈ ਕੁਦਰਤ ਵੱਲੋਂ ਹੀ ਉਸ ਦਾ ਵਜ਼ਨ ਕੁਝ ਵੱਧ ਜਾਂਦਾ ਹੈ। ਇਹ ਸਭ ਆਮ ਪ੍ਰਕਿਰਿਆ ਹੈ। ਹਰ ਔਰਤ ਜੋ ਮਾਂ ਬਣਦੀ ਹੈ ਇਸ ਵਿੱਚੋਂ ਗੁਜ਼ਰਦੀ ਹੈ। ਮਾਂ ਦੀ ਖੂਬਸੂਰਤੀ ਉਸਦੀ ਆਕਰਸ਼ਕ ਦੇਖਣ ਨਾਲ ਨਹੀਂ ਹੁੰਦੀ। ਮਾਂ ਸਿਰਫ ਮਾਂ ਹੁੰਦੀ ਹੈ। ਉਸਦਾ ਸਾਰਾ ਧਿਆਨ ਆਪਣੇ ਬੱਚੇ ਵਿੱਚ ਹੁੰਦਾ ਹੈ। ਕੁਦਰਤ ਉਸਦੇ ਸਰੀਰ ਤਾਂ ਬਚਾਅ ਕਰਨ ਲਈ ਉਸ ਵਿੱਚ ਬਦਲਾਆ ਕਰਦੀ ਹੈ।

ਕੈਟਰੀਨਾ ਕੈਫ ਜੋ ਕਿਸੇ ਸਮੇਂ ਵਿੱਚ ਆਪਣੀ ਖੂਬਸੂਰਤ ਦਿਖ ਲਈ ਜਾਣੀ ਜਾਂਦੀ ਸੀ। ਅੱਜ ਇੱਕ ਪਿਆਰੀ ਮਾਂ ਹੈ। ਉਹ ਮਾਂ ਹੁਣ ਦਾ ਮਾਣ ਪ੍ਰਾਪਤ ਕਰਕੇ ਬਹੁਤ ਖੁਸ਼ ਹੈ। ਉਸ ਦਾ ਸਾਰਾ ਧਿਆਨ ਆਪਣੇ ਬੱਚੇ ਵੱਲ ਹੈ।

ਇਸ ਗੱਲ ਨੂੰ ਸਮਝ ਲਓ ਕਿ ਜ਼ਿੰਦਗੀ ਦੇ ਹਰ ਪੜਾਅ ਵਿੱਚ ਖੂਬਸੂਰਤੀ ਦੀ ਪਰਿਭਾਸ਼ਾ ਬਦਲਦੀ ਹੈ। ਇਹ ਜਰੂਰੀ ਨਹੀਂ ਕਿ ਜੋ ਤੁਹਾਡੇ ਮਾਪਦੰਡ ਤੇ ਪੂਰਾ ਉਤਰਦਾ ਹੈ ਉਹੀ ਖੂਬਸੂਰਤ ਹੈ। ਹਰ ਉਹ ਬਸ਼ਰ ਖੂਬਸੂਰਤ ਹੈ ਜੋ ਆਪਣੀ ਜ਼ਿੰਦਗੀ ਦੇ ਜਿਸ ਪੜਾਅ ਵਿੱਚ ਹੈ ਉਸ ਨੂੰ ਗੌਰਵਮਈ ਤਰੀਕੇ ਨਾਲ ਜੀਅ ਰਿਹਾ ਹੈ।

ਖੂਬਸੂਰਤੀ ਮੈਨੂੰ ਵਾਲਾ ਕੋਈ ਇੰਚੀਟੇਪ ਨਹੀਂ ਬਣਿਆ ਤੇ ਨਾ ਹੀ ਖੂਬਸੂਰਤੀ ਨੂੰ ਤੋਲਣ ਵਾਲੀ ਕੋਈ ਮਸ਼ੀਨ।

ਟਰੋਲਿੰਗ ਕਰਨ ਵਾਲੀ ਜਨਤਾ ਜਿਹੜਾ ਇੱਕ ਵਾਰ ਆਪਣੇ ਆਪ ਵੱਲ ਵੀ ਵੇਖ ਲਵੇ।

ਕਿੰਨਾ ਸੌਖਾ ਹੁੰਦਾ ਕਿਸੇ ਨੂੰ ਕਹਿ ਦੇਣਾ ਤੇ ਤੁਸੀਂ ਮੋਟੇ ਹੋ ਗਏ ਹੋ।

ਤੁਹਾਡਾ ਰੰਗ ਕਾਲਾ ਹੋ ਗਿਆ ਹੈ।

ਤੁਹਾਡੇ ਚਿਹਰੇ ਤੇ ਛਾਈਆਂ ਪੈ ਗਈਆਂ ਹਨ।

ਤੁਸੀਂ ਹੁਣ ਪਹਿਲਾਂ ਜਿਹੇ ਆਕਰਸ਼ਕ ਨਹੀਂ ਲੱਗਦੇ।

ਖੂਬਸੂਰਤੀ ਇਹ ਹੁੰਦੀ ਹੈ ਕਿ ਜ਼ਿੰਦਗੀ ਦੇ ਹਰ ਪੜਾਅ ਵਿੱਚ ਆਪਣੇ ਬਦਲਦੇ ਰੂਪ ਨੂੰ ਅਪਣਾ ਕੇ ਤੁਸੀਂ ਖੁਸ਼ ਰਹੋ।

ਜੇ 60 ਸਾਲ ਦੀ ਔਰਤ ਕਹੇ ਕਿ ਉਹ 16 ਸਾਲ ਦੀ ਔਰਤ ਵਾਂਗ ਦੇਖੀ ਤਾਂ ਇਹ ਮੁਮਕਿਨ ਵੀ ਨਹੀਂ ਅਤੇ ਉਚਿਤ ਵੀ ਨਹੀਂ।

ਇੱਕ ਗੱਲ ਯਾਦ ਆਉਂਦੀ ਹੈ ਕਿਸੇ ਅਧਿਆਪਿਕਾ ਦੀ। ਉਸਨੇ ਘਰੇ ਗੱਲ ਕੀਤੀ ਕਿ ਮੈਂ ਵਜ਼ਨ ਘੱਟ ਕਰਨਾ ਚਾਹੁੰਦੀ ਹਾਂ ਮੈਨੂੰ ਲੱਗਦਾ ਹੈ ਕਿ ਮੈਂ ਥੋੜਾ ਆਕਰਸ਼ਕ ਦਿਖਾ। ਉਸਦੇ ਪੁੱਤਰ ਨੇ ਕਿਹਾ ਕਿ ਮੰਮੀ ਮਾਂ ਤਾਂ ਮਾਂ ਵਰਗੀ ਹੀ ਲੱਗਣੀ ਚਾਹੀਦੀ ਹੈ। ਮੈਨੂੰ ਤੁਸੀਂ ਇੰਝ ਹੀ ਸੋਹਣੇ ਲੱਗਦੇ ਹੋ। ਇਹ ਹੁੰਦੇ ਖੂਬਸੂਰਤੀ ਦੇ ਮਾਪਦੰਡ।

ਕਿਸੇ ਨੂੰ ਕਹਿਣ ਤੋਂ ਪਹਿਲਾਂ ਕਿ ਤੇਰੀਆਂ ਤਾਂ ਲੱਤਾਂ ਕੀਰਤਨ ਕਰਦੀ ਲੱਗਦੀਆਂ ਹਨ ਭਾਵ ਬਹੁਤ ਪਤਲੀਆਂ ਹਨ। ਤੇਰੀਆਂ ਹੱਡੀਆਂ ਨਿਕਲੀਆਂ ਹੋਈਆਂ ਹਨ। ਤੇਰਾ ਭਾਰ ਬਹੁਤ ਵੱਧ ਗਿਆ ਹੈ। ਇੱਕ ਵਾਰ ਆਪਣੇ ਆਪ ਵੱਲ ਜ਼ਰੂਰ ਵੇਖ ਲਿਆ ਕਰੋ।

# ਕੈਨੇਡਾ ਦੀਆਂ ਕਿਸ਼ਤਾਂ ਤੇ ਮਾਂ ਦੀ ਅਣਖ

ਰਾਤ ਦੇ ਦਸ ਵੱਜ ਚੁੱਕੇ ਸਨ। ਬਰਿੱਟਿਸ਼ ਕੋਲੰਬੀਆ ਦੀ ਠੰਢੀ ਬਾਰਿਸ਼ ਬਾਰੀਆਂ ਦੇ ਸ਼ੀਸ਼ਿਆਂ 'ਤੇ ਵੱਜ ਰਹੀ ਸੀ, ਪਰ ਘਰ ਦੇ ਅੰਦਰਲਾ ਮਾਹੌਲ ਕਿਸੇ ਸੜਦੇ ਹੋਏ ਤੰਦੂਰ ਨਾਲੋਂ ਘੱਟ ਨਹੀਂ ਸੀ। ਡਾਈਨਿੰਗ ਟੇਬਲ 'ਤੇ ਅੱਧੀ ਛੱਡੀ ਹੋਈ ਰੋਟੀ ਠੰਢੀ ਹੋ ਚੁੱਕੀ ਸੀ। ਹਰਮਨ ਆਪਣੇ ਲਿਵਿੰਗ ਰੂਮ ਦੇ ਸੋਫ਼ੇ 'ਤੇ ਸਿਰ ਫੜ ਕੇ ਬੈਠਾ ਸੀ। ਉਹਦੇ ਹੱਥਾਂ 'ਤੇ ਅੱਜ ਵੀ ਦਿਨ ਭਰ ਐਕਸਕਾਵੇਟਰ ਚਲਾਉਣ ਨਾਲ ਪਏ ਛਾਲਿਆਂ ਦੇ ਨਿਸ਼ਾਨ ਸਨ। ਉਹ ਕੈਨੇਡਾ ਇਸ ਲਈ ਆਇਆ ਸੀ ਤਾਂ ਜੋ ਪਰਿਵਾਰ ਨੂੰ ਇੱਕ ਚੰਗੀ ਜ਼ਿੰਦਗੀ ਦੇ ਸਕੇ। ਪਰ ਅੱਜ ਉਸੇ ਘਰ ਵਿੱਚ, ਜਿਸਨੂੰ ਖਰੀਦਣ ਲਈ ਉਸਨੇ ਦਿਨ-ਰਾਤ ਇੱਕ ਕਰ ਦਿੱਤੀ ਸੀ, ਰਿਸ਼ਤਿਆਂ ਦਾ ਦਮ ਘੁੱਟ ਰਿਹਾ ਸੀ।



ਉੱਪਰਲੇ ਕਮਰੇ ਦਾ ਦਰਵਾਜ਼ਾ ਖੜਕਾ ਕੇ ਸਿਮਰਨ ਅੰਦਰ ਵੜ ਚੁੱਕੀ ਸੀ—ਉਹਦੇ ਦਿਮਾਗ਼ ਵਿੱਚ ਸਿਰਫ਼ ਅਗਲੇ ਮਹੀਨੇ ਦੀਆਂ ਪੰਜ ਹਜ਼ਾਰ ਡਾਲਰ ਦੀਆਂ ਕਿਸ਼ਤਾਂ, ਕਾਰਾਂ ਦਾ ਬੀਮਾ ਤੇ ਗ੍ਰੋਸਰੀ ਦੇ ਬਿੱਲ ਘੁੰਮ ਰਹੇ ਸਨ। ਉਹ ਕੋਈ ਪੱਥਰ ਦਿਲ ਇਨਸਾਨ ਨਹੀਂ ਸੀ, ਪਰ ਕੈਨੇਡਾ ਦੇ ਲਾਈਫ਼ਸਟਾਈਲ ਅਤੇ ਕਰਜ਼ੇ ਦੇ ਚੱਕਰਵਿਊ ਨੇ ਉਹਦੇ ਅੰਦਰੋਂ ਲਿਹਾਜ਼ ਖ਼ਤਮ ਕਰਕੇ ਸਿਰਫ਼ ਇੱਕ ਕੈਲਕੁਲੇਟਰ ਫਿੱਟ ਕਰ ਦਿੱਤਾ ਸੀ। ਉਹਦੇ ਲਈ ਪੰਜਾਬ ਵਿੱਚ ਪਈ ਜ਼ਮੀਨ ਸਿਰਫ਼ ਮਿੱਟੀ ਸੀ, ਜਿਸਨੂੰ ਵੇਚ ਕੇ ਇੱਥੋਂ ਦਾ ਬੈਂਕ ਕਰਜ਼ਾ ਮੁਕਾਇਆ ਜਾ ਸਕਦਾ ਸੀ।

ਹੇਠਾਂ ਛੋਟੇ ਕਮਰੇ ਵਿੱਚ ਮਾਤਾ ਜੀ ਬੈੱਡ ਦੇ ਕਿਨਾਰੇ ਬੈਠੇ ਆਪਣਾ ਪੁਰਾਣਾ ਟਰੰਕ ਖੋਲ੍ਹੀ ਬੈਠੇ ਸਨ। ਉਹਨਾਂ ਦੇ ਹੱਥ ਵਿੱਚ ਆਪਣੇ ਮਰਹੂਮ ਪਤੀ ਦੀ ਧੁੰਦਲੀ ਤਸਵੀਰ ਸੀ। ਅੱਖਾਂ ਵਿੱਚੋਂ ਚੋਅ ਰਹੇ ਹੰਝੂ ਤਸਵੀਰ ਦੇ ਸ਼ੀਸ਼ੇ 'ਤੇ ਡਿੱਗ ਰਹੇ ਸਨ। ਮਾਤਾ ਜੀ ਮਨ ਹੀ ਮਨ ਸੋਚ ਰਹੇ ਸਨ:

"ਜਿਸ ਪੁੱਤ ਨੂੰ ਕਦੇ ਪਿੰਡ ਦੀ ਧੁੱਪ ਨਹੀਂ ਲੱਗਣ ਦਿੱਤੀ, ਅੱਜ ਓਹੀ ਪੁੱਤ ਮੈਨੂੰ ਬੈਰੀਆਂ ਤੋੜਨ ਦੇ ਬਹਾਨੇ ਦਿਹਾੜੀ 'ਤੇ ਭੇਜਣ ਦੀਆਂ ਗੱਲਾਂ ਸੁਣ ਕੇ ਚੁੱਪ ਰਿਹਾ। ਜੇ ਪਿੰਡ ਦੀ ਉਹ ਛੋਟੀ ਜਿਹੀ ਪੈਲੀ ਵੀ ਵਿਕ ਗਈ, ਤਾਂ ਇਸ ਪਰਦੇਸ ਵਿੱਚ ਮੇਰੀ ਹੈਸੀਅਤ ਇੱਕ ਮੁਫ਼ਤ ਦੀ ਨੌਕਰਾਣੀ ਤੋਂ ਵੱਧ ਕੀ ਰਹਿ ਜਾਊ?"

ਹਰਮਨ ਨੇ ਜਦੋਂ ਹੌਲੀ ਜਿਹੇ ਮਾਂ ਦੇ ਕਮਰੇ ਦਾ ਦਰਵਾਜ਼ਾ ਖੋਲ੍ਹਿਆ, ਤਾਂ ਮਾਤਾ ਜੀ ਕੱਪੜੇ ਤਹਿ ਕਰਕੇ ਆਪਣੇ ਝੋਲੇ ਵਿੱਚ ਪਾ ਰਹੇ ਸਨ।

"ਮੰਮੀ, ਕੀ ਕਰ ਰਹੇ ਓ?" ਹਰਮਨ ਦੀ ਆਵਾਜ਼ ਕੰਬ ਗਈ।

ਮਾਤਾ ਜੀ ਨੇ ਅੱਖਾਂ ਪੂੰਝੀਆਂ ਤੇ ਬਿਨਾਂ ਗੁੱਸੇ ਦੇ, ਇੱਕ ਠਰੰਮੇ ਨਾਲ ਬੋਲੇ, "ਕੁੱਝ ਨੀ ਪੁੱਤ, ਆਵਦੀ ਔਕਾਤ ਸਮੇਟ ਰਹੀ ਆਂ। ਮੈਂ ਤਾਂ ਸੋਚਿਆ ਸੀ ਪੁੱਤ ਦੇ ਮਹਿਲਾਂ 'ਚ ਚਾਰ ਦਿਨ ਸੁੱਖ ਦਾ ਸਾਹ ਲਊਂਗੀ। ਪਰ ਮੈਨੂੰ ਨਹੀਂ ਪਤਾ ਸੀ ਕਿ ਇਹ ਮਹਿਲ ਮੇਰੀ ਅਣਖ ਦੀ ਬਲੀ ਮੰਗਦੇ ਨੇ। ਕੱਲ੍ਹ ਸਵੇਰੇ ਮੇਰੀ ਪਿੰਡ ਦੀ ਟਿਕਟ ਕਰਵਾ ਦੇਹ। ਮੈਂ ਆਪਣੀ ਰੁੱਖੀ-ਮਿੱਸੀ ਰੋਟੀ ਖਾ ਕੇ ਆਪਣੇ ਘਰ ਕੱਟ ਲਊਂ, ਪਰ ਕਿਸੇ ਦੇ ਅਹਿਸਾਨ ਹੇਠ ਦੱਬ ਕੇ ਆਪਣੀ ਜ਼ਮੀਨ ਨੀ ਵੇਚਣੀ।"

ਉਸ ਪਲ ਹਰਮਨ ਦੇ ਅੰਦਰ ਦਾ ਸਾਰਾ ਭਰਮ ਟੁੱਟ ਗਿਆ। ਉਸਨੂੰ ਸਮਝ ਆ ਗਈ ਕਿ ਵੱਡਾ ਘਰ ਖਰੀਦਣਾ ਤਰੱਕੀ ਨਹੀਂ ਹੁੰਦੀ ਜੇ ਉਸਨੂੰ ਸਾਂਭਣ ਲਈ ਮਾਂ ਦੀ ਇੱਜ਼ਤ ਵੇਚਣੀ ਪੈ ਜਾਵੇ।

ਅਸਲ ਸੱਚਾਈ ਤੇ ਸਮੱਸਿਆ ਦਾ ਹੱਲ

ਇਹ ਕਹਾਣੀ ਸਿਰਫ਼ ਹਰਮਨ ਜਾਂ ਸਿਮਰਨ ਦੀ ਨਹੀਂ, ਬਲਕਿ ਕੈਨੇਡਾ ਵਿੱਚ ਵਸਦੇ ਹਜ਼ਾਰਾਂ ਨੌਜਵਾਨ ਪਰਿਵਾਰਾਂ ਦਾ ਰੋਜ਼ਾਨਾ ਸੰਤਾਪ ਹੈ। ਦਿਖਾਵੇ ਦੀ ਦੌੜ ਵਿੱਚ ਅਸੀਂ ਆਪਣੀ ਚਾਦਰ ਨਾਲੋਂ ਵੱਡੇ ਪੈਰ ਪਸਾਰ ਲੈਂਦੇ ਹਾਂ, ਅਤੇ ਜਦੋਂ ਕਿਸ਼ਤਾਂ ਗਲ਼ ਤੱਕ ਆ ਜਾਂਦੀਆਂ ਹਨ, ਤਾਂ ਉਸਦਾ ਬੋਝ ਬਜ਼ੁਰਗਾਂ ਦੀ ਪੈਨਸ਼ਨ ਜਾਂ ਪੰਜਾਬ ਦੀ ਜ਼ਮੀਨ 'ਤੇ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਚਾਦਰ ਵੇਖ ਕੇ ਪੈਰ ਪਸਾਰੋ: ਸਮਾਜ ਵਿੱਚ ਝੂਠੀ ਟੌਹਰ ਬਣਾਉਣ ਲਈ ਮਿਲੀਅਨ ਡਾਲਰਾਂ ਦੇ ਘਰਾਂ ਵਿੱਚ ਫਸਣ ਨਾਲੋਂ ਛੋਟੇ ਘਰ ਵਿੱਚ ਸੁੱਖ ਦੀ ਨੀਂਦ ਸੌਣਾ ਹਜ਼ਾਰ ਗੁਣਾ ਬਿਹਤਰ ਹੈ। ਮਾਪੇ ਬੈਂਕ ਦਾ ਕਰਜ਼ਾ ਲਾਹੁਣ ਦਾ ਸਾਧਨ ਨਹੀਂ: ਬਜ਼ੁਰਗਾਂ ਨੇ ਤੁਹਾਨੂੰ ਪਰਦੇਸ ਤੋਰਨ ਵੇਲੇ ਆਪਣੀ ਜ਼ਿੰਦਗੀ ਦੀ ਸਾਰੀ ਕਮਾਈ ਲਗਾ ਦਿੱਤੀ ਸੀ। ਹੁਣ ਉਹਨਾਂ ਦੀ ਉਮਰ ਸੇਵਾ ਲੈਣ ਦੀ ਹੈ, ਉਹਨਾਂ ਤੋਂ ਆਰਥਿਕ ਕੁਰਬਾਨੀਆਂ ਮੰਗਣ ਦੀ ਨਹੀਂ। ਘਰ ਵਿੱਚ ਖੁੱਲ੍ਹੀ ਗੱਲਬਾਤ: ਜੇਕਰ ਕਿਸ਼ਤਾਂ ਦਾ ਬੋਝ ਬਹੁਤ ਜ਼ਿਆਦਾ ਹੈ, ਤਾਂ ਘਰ ਨੂੰ ਡਾਊਨਸਾਈਜ਼ ਕਰੋ ਜਾਂ ਖ਼ਰਚੇ ਘਟਾਓ, ਪਰ ਪਰਿਵਾਰ ਦੇ ਮੋਹ-ਪਿਆਰ ਅਤੇ ਬਜ਼ੁਰਗਾਂ ਦੇ ਮਾਣ-ਸਨਮਾਨ ਨੂੰ ਕਦੇ ਵੀ ਗਹਿਣੇ ਨਾ ਰੱਖੋ।

# ਕੰਜੂਸ ਲਾਲਾ ਤੇ ਜੱਟਾਂ ਦਾ ਗੁਆਂਢ

## (ਭਾਗ-1)

ਇੱਕ ਪਿੰਡ ਚ ਜੱਟ ਤੇ ਲਾਲਾ ਗੁਆਂਡ ਰਹਿੰਦੇ ਸਨ। ਜੱਟ ਕੋਲ ਟਰੱਕ ਸੀ ਤੇ ਲਾਲੇ ਕੋਲ ਪਰਚੂਨ ਦੀ ਦੁਕਾਨ! ਲਾਲੇ ਦੀ ਹੱਟੀ ਤੋਂ ਕਮਾਈ ਤਾਂ ਬਥੇਰੀ ਸੀ ਪਰ ਲਾਲਾ ਰੱਜ ਕਿ ਕੰਜੂਸ ਜਿਹੜੇ ਪੈਸੇ ਕਮਾਉਂਦਾ ਉਹ ਸਾਰੇ ਬੈਂਕਾਂ ਚ ਜਮ੍ਹਾਂ ਹੋ ਜਾਂਦੇ ਸਨ। ਕਹਿਣ ਦਾ ਮਤਲਬ ਬਹੁਤ ਪਹਿਲਾਂ ਜਦੋਂ ਮੋਬਾਈਲ ਫੋਨ ਸ਼ੁਰੂ ਹੋਏ ਸਨ ਤਾਂ ਮਹੀਨੇ ਵਾਲਾ ਰੀਚਾਰਜ ਖ਼ਤਮ ਹੋ ਜਾਣ ਉਪਰੰਤ ਫੋਨ ਉੱਪਰ ਇਨਕਮਿੰਗ ਦੀ ਸਹੂਲਤ ਤਾਂ ਚੱਲਦੀ ਰਹਿੰਦੀ ਸੀ ਪਰ ਆਊਟਗੋਇੰਗ ਬੰਦ ਹੋ ਜਾਂਦੀ ਸੀ। ਤੇ ਇੱਧਰ ਲਾਲੇ ਨੇ ਪਰਮਾਨੈਂਟ ਹੀ ਪੈਸਿਆਂ ਦੀ ਇਨਕਮਿੰਗ ਰੱਖੀ ਹੋਈ ਸੀ ਪਰ ਆਊਟਗੋਇੰਗ ਬੰਦ ਕਰਕੇ ਭੁੱਲ ਗਿਆ ਸੀ।




ਤੇ ਦੂਜੇ ਬੰਨੇ ਜੱਟ ਆਪਣੇ ਸੁਭਾਅ ਮੁਤਾਬਕ ਹਰ ਦੂਏ ਤੀਏ ਦਿਨ ਬੱਕਰਾ ਰਿੱਧੀ ਰੱਖਦਾ ਸੀ। ਤੇ ਜੱਟੀ ਨੇ ਵੀ ਚੜ੍ਹਦੇ ਤੋਂ ਚੜ੍ਹਦਾ ਸੂਟ ਪਾਉਣਾ ਹੰਢਾਉਣਾਂ! ਗੱਲ ਇੱਥੇ ਕਮਾਈਆਂ ਦੀ ਨਹੀਂ ਸੀ ਬਲਕਿ ਸੋਚ ਅਤੇ ਸੁਭਾਅ ਦੀ ਸੀ। ਸਿਆਣੇ ਕਹਿੰਦੇ ਹੁੰਦੇ ਸੋਚ ਤਾਂ ਬਦਲੀ ਜਾ ਸਕਦੀ ਪਰ ਸੁਭਾਓ ਨਹੀਂ ਇਹ ਤਾਂ ਪਿਛਲੀਆਂ ਪੀੜ੍ਹੀਆਂ ਦੇ ਕਾਰ ਵਿਹਾਰ ਨਾਲ ਗੜੁੱਚ ਹੋਇਆ ਹੁੰਦਾ। ਕੰਧ ਦੇ ਨੀਵੀਂ ਹੋਣ ਕਾਰਨ ਤੇ ਦੂਜਾ ਨਵੀਂ ਵਿਆਹੀ ਜੱਟੀ ਦੀ ਤੇ ਨਵੀਂ ਵਿਆਹੀ ਲਾਲੀ ਦੀ ਕੁੱਝ ਕੁੱਝ ਲਿਹਾਜ਼ ਵੀ ਪੈ ਜਾਂਦੀ। ਜੱਟੀ ਅਕਸਰ ਘਰੇ ਬਣੇ ਮੀਟ ਦੀ ਕੌਲੀ ਲਾਲੀ ਨੂੰ ਭੇਜ ਦਿੰਦੀ ਸੀ। ਤੇ ਇੱਧਰ ਲਾਲੀ ਨੂੰ ਕੌਲੀ ਆਉਣ ਤੇ ਸਬਜ਼ੀ ਦੇ ਸੁਆਦ ਨਾਲੋਂ ਵੱਧ ਚਿੰਤਾਂ ਆਣ ਘੇਰਦੀ ਸੀ ਜੀਭ ਦੇ ਸੁਆਦ ਨਾਲੋਂ ਵੱਧ ਚਿੰਤਾਂ ਦੀ ਕੁੜੱਤਣ ਮੂੰਹ ਵਿੱਚ ਆ ਜਾਂਦੀ ਕਾਰਨ ਸੀ ਕਿ ਉਹ ਹੁਣ ਵਾਪਸੀ ਤੇ ਕੀ ਭੇਜੇਗੀ? (ਕਿਉਂ ਕਿ ਅਕਸਰ ਕਿਸੇ ਦੀ ਖਾਣ ਪੀਣ ਦੀ ਵਸਤ ਦਾ ਭਾਂਡਾ ਕੋਈ ਖਾਲ੍ਹੀ ਨਹੀਂ ਭੇਜਦਾ) ਲਾਲੀ ਦੇ ਘਰ ਤਾਂ ਹਰ ਸਮੇਂ ਚੱਟਣੀ ਜਾਂ ਆਚਾਰ ਹੀ ਹੁੰਦਾ ਸੀ ਤੇ ਜਾਂ ਕਦੇ ਮੂੰਗੀ ਦੀ ਦਾਲ! ਲਾਲੀ ਨੇ ਦੋ ਕ ਵਾਰ ਆਸੇ ਪਾਸੇ ਤੋਂ ਸਪੈਸ਼ਲ ਸਬਜ਼ੀ ਮੰਗਵਾ ਕਿ ਕੌਲੀ ਵਾਪਸ ਕੀਤੀ। ਪਰ ਉਸਨੂੰ ਹਰ ਵਾਰ ਵੱਡੀ ਚਿੰਤਾ ਘੇਰ ਲੈਂਦੀ ਸੀ ਜਦੋਂ ਵੀ ਮੀਟ ਦੀ ਭਰੀ ਕੌਲੀ ਆਉਣੀ। ਘਰ ਵਿੱਚ ਉਹ ਬਥੇਰਾ ਕਲੇਸ਼ ਕਰਕੇ ਵੇਖ ਚੁੱਕੀ ਸੀ ਪਰ ਲਾਲੇ ਦਾ ਓਹੀ ਰੌਣਾ ਕਿ ਹੱਟੀ ਤੇ ਕੰਮਕਾਜ ਬਿਲਕੁਲ ਨਹੀਂ! ਏਨੇ ਚ ਹੀ ਰੱਬ ਦਾ ਸ਼ੁਕਰ ਕਰ ਜੋ ਰੋਟੀ ਬਣ ਰਹੀ। ਫਿਰ ਅੱਕ ਕਿ ਲਾਲੀ ਨੇ ਕਿਸੇ "ਸਵਾਮੀ ਜੀ" ਦਾ ਨਾਮ ਲੈਣ ਦਾ ਬਹਾਨਾ ਕੀਤਾ ਤਾਂ ਕਿ ਉਹ ਆਖ ਸਕੇ ਕਿ ਉਸਨੇ ਮਾਸ ਖਾਣਾ ਬੰਦ ਕਰ ਦਿੱਤਾ ਹੈ। ਕੁੱਝ ਸਮੇਂ ਲਈ ਇਸ ਮੁਸ਼ਕਿਲ ਦਾ ਹੱਲ ਤਾਂ ਹੋ ਗਿਆ॥

ਪਰ ਕਹਿੰਦੇ ਹੁੰਦੇ ਜੇਕਰ ਭਾਵਨਾਵਾਂ ਨੂੰ ਬਹੁਤ ਜ਼ਿਆਦਾ ਦਬਾਇਆ ਜਾਵੇ ਤਾਂ ਅਕਸਰ ਵਿਸਫੋਟ ਹੁੰਦਾ। ਤੇ ਹੁਣ ਵਿਸਫੋਟ ਹੋਣਾ ਬਾਕੀ ਸੀ। ਜੱਟੀ ਦੇ ਸੂਟਾਂ ਨੂੰ ਵੇਖ ਤੇ ਤੜਕਿਆਂ ਦੀ ਖੁਸ਼ਬੋਈ ਸੁੰਘ ਸੁੰਘ ਲਾਲੀ ਅਕਸਰ ਵਿਚਲਤ ਹੋਈ ਰਹਿੰਦੀ ਸੀ। ਉਸਦਾ ਜੀਅ ਲੱਗਣਾ ਬਿਲਕੁਲ ਹੀ ਬੰਦ ਹੋ ਗਿਆ। ਜਿਵੇਂ ਉਹ ਸਿਰਫ਼ ਜੱਗ ਤੇ ਲੋਕਾਂ ਨੂੰ ਖਾਣ ਹੰਢਾਉਣ ਵੇਖਣ ਆਈ ਹੋਵੇ। ਦੂਸਰਾ ਕਾਰਨ ਉਸਦੇ ਇਸ ਤਰ੍ਹਾਂ ਵਿਚਲਿਤ ਹੋਣ ਦਾ ਉਹ ਮਗਰੋਂ ਜਿਸ ਪੇਕੇ ਪਰਿਵਾਰ ਤੋਂ ਆਈ ਸੀ ਉਹਨਾਂ ਦੇ ਵੱਡੇ ਕਾਰੋਬਾਰ ਹੋਣ ਕਾਰਨ ਵੱਡੇ ਸੇਠਾਂ ਦੀ ਧੀ ਸੀ। ਇਹਨਾਂ ਕੰਜੂਸ ਲਾਲਿਆਂ ਨੇ ਪਤਾ ਨਹੀਂ ਕਿਵੇਂ ਇਸਦੇ ਮਾਪਿਆਂ ਨੂੰ ਝਾਂਸੇ ਚ ਲੈ ਕਿ ਇਹ ਰਿਸ਼ਤਾ ਲੈ ਲਿਆ ਸੀ।

ਹੁਣ ਇੱਕ ਦਿਨ ਲਾਲੀ ਨੇ ਰੋਂਦਿਆ ਹੋਇਆ ਜੱਟੀ ਨੂੰ ਸਾਰੀ ਵਿਥਿਆ ਸੁਣਾ ਦਿੱਤੀ। ਜੱਟੀ ਨੇ ਬੜੇ ਧਿਆਨ ਨਾਲ ਲਾਲੀ ਦੀ ਸਾਰੀ ਗੱਲਬਾਤ ਸੁਣੀ ਕਿ ਕਿਸ ਤਰ੍ਹਾਂ ਲਾਲਾ ਹੱਟੀ ਦੇ ਨਾ ਚੱਲਣ ਦਾ ਕਾਰਨ ਹੀ ਮੁੱਖ ਦੱਸਦਾ ਹੈ। ਉਹ ਲਾਲੀ ਨੂੰ ਹਰ ਗੱਲ ਚੰਗੀ ਤਰ੍ਹਾਂ ਸਮਝਾ ਦਿੰਦੀ ਕਿ ਜੇਕਰ ਕੋਈ ਆਮਦਨ ਨਹੀਂ ਹੁੰਦੀ ਤਾਂ ਫਿਰ ਹੱਟੀ ਵੇਚ ਕਿ ਜੱਟ ਵਾਂਗ ਟਰੱਕ ਹੀ ਪਾ ਲਵੇ ਕਿਉਂਕਿ ਜਿੰਦਗੀ ਇੱਕ ਵਾਰ ਹੀ ਮਿਲੀ ਹੈ। ਜੱਟੀ ਨੂੰ ਪਤਾ ਸੀ ਕਿ ਜੇਕਰ ਕੋਈ ਸੁੱਤਾ ਹੋਵੇ ਤਾਂ ਉਸਨੂੰ ਜਗਾਇਆ ਜਾ ਸਕਦਾ ਪਰ ਜੇਕਰ ਕੋਈ ਸੌਣ ਦਾ ਸਿਰਫ ਢੌਂਗ ਕਰ ਰਿਹਾ ਹੋਵੇ ਉਸਨੂੰ ਕਿਵੇਂ ਜਗਾ ਸਕਦੇ ਮਤਲਬ ਲਾਲੇ ਦੀ ਸਮੱਸਿਆ ਕਮਾਈ ਦਾ ਨਾ ਹੋਣਾ ਨਹੀਂ ਬਲਕਿ ਸਮੱਸਿਆ ਕੰਜੂਸਪੁਣੇ ਦੀ ਸੀ। ਤੇ ਉਸਨੇ ਕੁੱਝ ਗੱਲਾਂ ਲਾਲੀ ਦੇ ਕੰਨ ਵਿੱਚ ਸਮਝਾਈਆਂ ਜਿੰਨ੍ਹਾਂ ਨੂੰ ਸੁਣ ਸੁਣ ਲਾਲੀ ਦੇ ਮੂੰਹ ਤੇ ਸੰਗ-ਸ਼ਰਮ ਦੇ ਨਾਲ ਨਾਲ ਹਾਸਾ ਵੀ ਆ ਰਿਹਾ ਸੀ।

ਅੱਜ ਦੀ ਰਾਤ ਲੱਗਦਾ ਨਹੀਂ ਸੀ ਕਿ ਲਾਲੇ ਦੇ ਘਰ ਸੁੱਖ ਦੀ ਲੰਘਦੀ। ਕਿਸੇ ਪਟਾਕੇ ਨੂੰ ਚਲਾਉਣ ਤੋਂ ਪਹਿਲਾਂ ਜੇਕਰ ਲੱਗੀ ਬੱਤੀ ਨੂੰ ਥੋੜ੍ਹਾ ਛਿੱਲ ਲਿਆ ਜਾਵੇ ਤਾਂ ਉਹ ਧਮਾਕਾ ਆਮ ਨਾਲੋਂ ਥੋੜ੍ਹਾ ਲੇਟ ਹੁੰਦਾ ਹੈ। ਜੱਟੀ ਨੇ ਵੀ ਆਥਣ ਸਮੇਂ ਲਾਲੀ ਨਾਲ ਗੱਲਬਾਤ ਵੇਲੇ ਬੱਤੀ ਛਿੱਲ ਦਿੱਤੀ ਸੀ ਤੇ ਹੁਣ ਧਮਾਕਾ ਰਾਤ ਨੂੰ ਹੋਣਾ ਬਾਕੀ ਸੀ। ਉਮੀਦ ਮੁਤਾਬਕ ਭਾਂਡੇ ਚੱਲਣ ਦੀ ਅਵਾਜ਼ ਲਾਲੇ ਦੇ ਹੱਟੀਓਂ ਆਉਣ ਤੋਂ ਕੁਝ ਸਮੇਂ ਬਾਅਦ ਹੀ ਸ਼ੁਰੂ ਹੋ ਗਈ। ਕਾਫ਼ੀ ਚਿਰ ਦਾਅ ਪੇਚ ਚਲਾਉਣ ਮਗਰੋਂ ਲਾਲੇ ਦੀ ਜੀਭ ਬਾਹਰ ਆ ਗਈ ਸੀ। ਕਿਸੇ ਚੰਗੇ ਉਸਤਾਦ ਦੇ ਚੰਡੇ ਹੋਏ ਚੇਲੇ (ਸ਼ਗਿਰਦ) ਵਾਂਗ ਲਾਲੀ ਨੇ ਲਾਲਾ ਪਹਿਲੇ ਰਾਊਂਡ ਹੀ ਨੌਕ ਆਊਟ ਕਰਤਾ ਉਹ ਸਵੇਰੇ ਹੀ ਹੱਟੀ ਵੇਚਣ ਲਈ ਰਾਜ਼ੀ ਹੋ ਗਿਆ। ਲਾਲੀ ਨੇ ਉਸਨੂੰ ਦੋ ਹਫ਼ਤਿਆਂ ਦਾ ਸਮਾਂ ਦੇ ਦਿੱਤਾ ਸੀ। ਕਿਉਂ ਕਿ ਲਾਲੇ ਮੁਤਾਬਕ ਜੇਕਰ ਉੱਥੋਂ ਕੋਈ ਕਮਾਈ ਨਹੀਂ ਹੁੰਦੀ ਸੀ ਤਾਂ ਉਹ ਵਿਹਲਾ ਹੀ ਬੈਠ ਕਿ ਹੱਟੀ ਤੋਂ ਘਰ ਕਿਉਂ ਆਉਂਦਾ ਸੀ? ਇਸ ਤੋਂ ਚੰਗਾ ਤਾਂ ਉਹ ਚੌਕ ਚ ਖੜ ਕਿ ਦਿਹਾੜੀ ਹੀ ਜਾ ਆਇਆ ਕਰੇ। ਲਾਲਾ ਕਸੂਤੀ ਸਥਿਤੀ ਵਿੱਚ ਫਸਿਆ ਹੋਇਆ ਸੀ ਚੰਗੇ ਭਲੇ ਚੱਲਦੇ ਕਾਰੋਬਾਰ ਨੂੰ ਉਹ ਫੇਲ ਹੋਇਆ ਦੱਸ ਚੁੱਕਾ ਸੀ ਪਰ ਹੁਣ ਪਾਣੀ ਸਿਰ ਦੇ ਉੱਪਰ ਦੀ ਲੰਘ ਚੁੱਕਾ ਸੀ। ਤੇ ਜੇਕਰ ਉਹ ਹੁਣ ਹੱਟੀ ਨਹੀਂ ਵੇਚਦਾ ਸੀ ਤਾਂ ਉਸਨੂੰ ਲਾਲੀ ਦੁਆਰਾ ਦਿੱਤੀ ਧਮਕੀ ਚੈਨ ਨਾਲ ਟਿੱਕ ਕਿ ਬੈਠਣ ਨਹੀਂ ਦੇ ਰਹੀ ਸੀ। ਕਿਉਂਕਿ ਜੇ ਲਾਲੀ ਨੇ ਅਜਿਹਾ ਕਦਮ ਚੱਕ ਲਿਆ ਤਾਂ ਉਹ ਕਿਸੇ ਪਾਸੇ ਦਾ ਨਹੀਂ ਸੀ ਰਹਿਣਾ। ਇੱਧਰ ਜੱਟੀ ਦੀ ਚੰਡੀ ਹੋਈ ਲਾਲੀ ਬਿਲਕੁਲ ਓਸ ਲੋਹਾਰ ਵਾਂਗ ਹਥੌੜੇ ਦੀ ਸੱਟ ਮਾਰ ਰਹੀ ਸੀ ਜਿਹੜੀ ਸਿਰਫ ਓਸ ਨੂੰ ਪਤਾ ਸੀ ਕਿਹੜੀ ਥਾਂ ਤੇ ਕਿੰਨੇ ਕੁ ਜ਼ੋਰ ਨਾਲ ਮਾਰਨੀ! ਨਾ ਏਨੀ ਜਿਆਦਾ ਕਿ ਲਾਲਾ ਦੁਨੀਆਂ ਹੀ ਛੱਡ ਜਾਵੇ ਤੇ ਨਾ ਏਨੀ ਘੱਟ ਕਿ ਲਾਲਾ ਤੱਕਲੇ ਵਾਂਗ ਸਿੱਧਾ ਨਾ ਹੋਵੇ। ਲਾਲੀ ਮਨ ਹੀ ਮਨ ਕਹਿ ਰਹੀ ਸੀ ਕਿ "ਲਾਲਾ ਤੱਕਲੇ ਚ ਭਲਾਂ ਵੱਲ ਰਹਿ ਜਾਵੇ ਪਰ ਤੇਰੇ ਚ ਨਹੀਂ ਰਹਿਣ ਦਿੰਦੀ"॥

Itz Kaur

# –ਇੱਕ ਸੁਪਨੇ ਦਾ ਸਫ਼ਰ (ਕਹਾਣੀ)–

ਕਰਤਾਰ ਸਿੰਘ ਹਰ ਰੋਜ਼ ਦੀ ਤਰ੍ਹਾਂ ਨੌਂ ਵਜੇ ਦੁਕਾਨ ਵਧਾ ਕੇ ਸਾਢੇ ਕੁ ਨੌਂ ਘਰ ਵੜਿਆ। ਅੰਦਰ ਵੜਦਿਆਂ ਹੀ ਉਸਦੀ ਨਜ਼ਰ ਉਸਦੇ ਪੁੱਤ ਜੀਤੇ ਤੇ ਆਪਣੀ ਘਰਵਾਲੀ 'ਤੇ ਪਈ, ਜੋ ਵਰਾਂਡੇ ਵਿੱਚ ਬੈਠੇ ਨਾਲੇ ਉਸਨੂੰ ਉਡੀਕ ਰਹੇ ਸਨ ਤੇ ਨਾਲ ਹੀ ਕਿਸੇ ਲੰਮੀਆਂ ਸਲਾਹਾਂ ਵਿੱਚ ਪਏ ਹੋਏ ਸਨ। ਉਸਦੀ ਪੈੜਚਾਲ ਸੁਣ ਕੇ ਦੋਵੇਂ ਚੁੱਪ ਕਰ ਗਏ।

"ਓਏ ਜੀਤਿਆ, ਫੇਰ ਉਹੀ ਗੱਲਾਂ! ਪੁੱਤ, ਜ਼ਿੱਦ ਛੱਡ ਦੇਈਦੀ ਹੁੰਦੀ ਆ। ਕੰਮ ਕਰਨ ਵਾਲੇ ਨੂੰ ਇੱਥੇ ਵੀ ਕੋਈ ਘਾਟਾ ਨਹੀਂ।"

ਕਰਤਾਰ ਸਿੰਘ ਨੂੰ ਪਤਾ ਹੀ ਸੀ ਕਿ ਮਾਂ-ਪੁੱਤ ਕਿਹੜੀਆਂ ਸਲਾਹਾਂ ਵਿੱਚ ਉਲਝੇ ਹੋਏ ਸਨ।

ਜੀਤੇ ਦਾ ਬੀ.ਏ. ਦਾ ਆਖਰੀ ਸਾਲ ਸੀ ਅਤੇ ਉਸਨੂੰ ਵਿਦੇਸ਼ ਜਾਣ ਦੀ ਬਹੁਤ ਇੱਛਾ ਸੀ। ਉਸਦੇ ਨਾਲ ਦੇ ਕਈ ਮੁੰਡੇ ਤਾਂ ਬਾਰ੍ਹਵੀਂ ਕਰਕੇ ਹੀ ਚਲੇ ਗਏ ਸਨ। ਉਸਦਾ ਇੱਕ ਪੱਕਾ ਮਿੱਤਰ ਕਰਮਵੀਰ ਵੀ ਚਲਾ ਗਿਆ ਸੀ। ਜੀਤਾ ਅਕਸਰ ਉਸ ਨਾਲ ਹੀ ਸਲਾਹ-ਮਸ਼ਵਰਾ ਕਰਦਾ ਰਹਿੰਦਾ।

ਕਰਮਵੀਰ ਨੇ ਹੀ ਪਹਿਲਾਂ ਜੀਤੇ ਨੂੰ ਮੱਤ ਦਿੱਤੀ ਸੀ ਕਿ ਉਹ ਤਾਂ ਕਾਹਲ ਕਰ ਗਿਆ, ਉਹ ਡਿਗਰੀ ਕਰਕੇ ਹੀ ਆਵੇ। ਹੁਣ ਪੱਕੇ ਹੋਣ ਵਾਲਾ ਕੰਮ ਐਡਾ ਸੌਖਾ ਨਹੀਂ ਰਹਿ ਗਿਆ। ਬਾਰ੍ਹਵੀਂ ਕਰਕੇ ਆਏ ਜਵਾਕਾਂ ਲਈ ਤਾਂ ਬਾਹਰ ਬਹੁਤ ਔਖਾ ਹੁੰਦਾ। ਡਿਗਰੀ ਦੀਆਂ ਡਾਲਰਾਂ 'ਚ ਫੀਸਾਂ ਭਰਨੀਆਂ ਵੀ ਬਹੁਤ ਔਖੀਆਂ ਹਨ ਤੇ ਆਪ ਕਮਾ ਕੇ ਤੇ ਪਕਾ ਕੇ ਖਾਣੀਆਂ ਹੋਰ ਵੀ ਔਖੀਆਂ।

ਬਾਕੀ ਜੀਤੇ ਨੂੰ ਵੀ ਲੱਗਦਾ ਸੀ ਕਿ ਹੋਰ ਦੋ-ਤਿੰਨ ਸਾਲਾਂ ਵਿੱਚ ਉਹ ਆਪਣੇ ਪਾਪਾ ਨੂੰ ਮਨਾ ਲਵੇਗਾ ਤੇ ਕੋਈ ਪੈਸੇ ਦਾ ਵੀ ਪ੍ਰਬੰਧ ਹੋ ਜਾਵੇਗਾ। ਪਰ ਨਿਆਣੇ ਨੂੰ ਇੰਨਾ ਨਹੀਂ ਪਤਾ ਸੀ ਕਿ ਸੀਮਤ ਆਮਦਨ ਨਾਲ ਕਬੀਲਦਾਰੀ ਦਾ ਖੂਹ ਭਰਨਾ ਬਹੁਤ ਔਖਾ ਹੁੰਦਾ ਹੈ।

ਕਰਤਾਰ ਸਿੰਘ ਜਾਤ ਦਾ ਤਾਂ ਸੁਨਿਆਰ ਸੀ, ਪਰ ਸਾਰੇ ਸੁਨਿਆਰ ਕਿਸਮਤ ਸੋਨੇ ਦੇ ਕਲਮ ਨਾਲ ਥੋੜ੍ਹਾ ਲਿਖਾ ਕੇ ਲਿਆਉਂਦੇ ਹਨ। ਉਸਦੀ ਤਾਂ ਬੱਸ ਦਰਮਿਆਨੀ ਜਿਹੀ ਰੈਡੀਮੇਡ ਦੀ ਦੁਕਾਨ ਸੀ। ਉਸਦੀ ਦੁਕਾਨ ਤੋਂ ਘਰ ਤੇ ਘਰ ਤੋਂ ਦੁਕਾਨ ਹੀ ਉਸਦੀ ਦੁਨੀਆਂਦਾਰੀ ਸੀ।

ਦੁਕਾਨ ਨਾਲ ਖਿੱਚ-ਧੂਹ ਕੇ ਕਬੀਲਦਾਰੀ ਸੋਹਣੀ ਚਲੀ ਆਉਂਦੀ ਸੀ। ਘਰਵਾਲੀ ਵੀ ਲੋਕਾਂ ਦੇ ਲੀੜੇ-ਲੱਤੇ ਸਿਊਂ ਕੇ ਹੱਥ ਵਟਾ ਰਹੀ ਸੀ। ਡੇਢ ਕੁ ਸਾਲ ਪਹਿਲਾਂ ਕੁੜੀ ਦਾ ਵੀ ਵਿਆਹ ਕਰ ਦਿੱਤਾ ਸੀ। ਚੰਗਾ ਘਰ ਮਿਲ ਗਿਆ ਸੀ। ਵਿੱਤੋਂ ਵੱਧ ਕੇ ਕੀਤਾ ਸੀ, ਪਰ ਅੱਜ ਤੱਕ ਜੋ ਵੀ ਜੋੜਿਆ ਸੀ, ਉਹ ਸਾਰਾ ਲੱਗ ਗਿਆ। ਹੁਣ ਜੀਤੇ ਦੀ ਮੰਗ ਉਸਦੇ ਵੱਸੋਂ ਬਾਹਰ ਦੀ ਸੀ।

ਜੀਤੇ ਨੂੰ ਆਮ ਮੁੰਡਿਆਂ ਵਾਲੀ ਕੋਈ ਹਵਾ ਨਹੀਂ ਲੱਗੀ ਸੀ। ਘਰ ਦੀ ਮਜਬੂਰੀ ਤੇ ਕਬੀਲਦਾਰੀ ਦੀ ਸਮਝ ਸੀ ਉਹਨੂੰ। ਬਾਹਰ ਜਾ ਕੇ ਪੜ੍ਹ ਕੇ ਪੱਕਾ ਹੋਣਾ, ਉਸਨੂੰ ਇਸ ਕਬੀਲਦਾਰੀ ਦੇ ਖੂਹ ਨੂੰ ਪੂਰਨ ਦਾ ਇੱਕੋ-ਇੱਕ ਜ਼ਰੀਆ ਲੱਗਦਾ ਸੀ।

ਪੜ੍ਹਾਈ ਵਿੱਚ ਸ਼ੁਰੂ ਤੋਂ ਹੀ ਹੁਸ਼ਿਆਰ ਸਨ ਦੋਵੇਂ ਜਵਾਕ। ਰਿੰਪੀ ਨੇ ਵੀ ਅੰਗਰੇਜ਼ੀ ਦੀ ਐੱਮ.ਏ. ਚੰਗੇ ਨੰਬਰਾਂ ਨਾਲ ਕੀਤੀ ਸੀ ਤੇ ਹੁਣ ਸਹੁਰੀਂ ਰਹਿ ਕੇ ਵੀ ਪ੍ਰਾਈਵੇਟ ਸਕੂਲ ਵਿੱਚ ਨੌਕਰੀ ਕਰ ਰਹੀ ਸੀ। ਜੀਤੇ ਦੇ ਬਾਰ੍ਹਵੀਂ ਵਿੱਚੋਂ ਵੀ 89% ਨੰਬਰ ਆਏ ਸਨ। ਜਿਹੜੇ ਜਵਾਕ ਉਸਦੇ ਨਾਲ ਦੇ ਬਾਹਰ ਗਏ ਸਨ, ਉਹਨਾਂ ਸਭ ਤੋਂ ਵੱਧ। ਪਰ ਉਹ ਫੇਰ ਵੀ ਇੱਥੇ ਹੀ ਸੀ।

ਉਹ ਕਰਮਵੀਰ ਨਾਲ ਰਾਇ-ਸਲਾਹ ਕਰਕੇ ਹੋਰ ਵੀ ਪੜ੍ਹਾਈ ਕਰਦਾ ਰਹਿੰਦਾ। ਉਸਨੇ ਆਪੇ ਹੀ ਆਈਲੈਟਸ ਦੀ ਵੀ ਸੋਹਣੀ ਤਿਆਰੀ ਕਰ ਲਈ ਸੀ, ਪਰ ਪੇਪਰ ਭਰਨ ਲਈ ਪੈਸਿਆਂ ਦਾ ਹੱਲ ਉਸਦੇ ਕੋਲ ਨਹੀਂ ਸੀ।




ਹੁਣ ਉਸਦੀ ਪੜ੍ਹਾਈ ਦਾ ਆਖਰੀ ਸਾਲ ਸੀ ਤੇ ਇਹੀ ਮੌਕਾ ਸੀ ਆਪਣੇ ਪਾਪਾ ਨੂੰ ਮਨਾ ਕੇ ਆਪਣੇ ਸੁਪਨੇ ਸਾਕਾਰ ਕਰਨ ਦਾ।

ਪਿਉ-ਪੁੱਤ ਦੋਵੇਂ ਆਪਣੀ-ਆਪਣੀ ਥਾਂ 'ਤੇ ਸਹੀ ਸਨ। ਮਾਂ ਦੋਵਾਂ ਨੂੰ ਅੱਡ-ਅੱਡ ਸਮਝਾਉਂਦੀ। ਕਦੇ ਕਰਤਾਰ ਸਿੰਘ ਦੇ ਤਰਲੇ ਕਰਦੀ ਤੇ ਕਦੇ ਪੁੱਤ ਨੂੰ ਪ੍ਰਦੇਸਾਂ ਵਿੱਚ ਕੀ-ਕੀ ਔਕੜਾਂ ਆਉਂਦੀਆਂ ਨੇ, ਉਹ ਸਮਝਾਉਂਦੀ।

ਆਪਣੇ ਘਰ ਹੀ ਚੰਗੇ ਹਾਂ, ਪਰ ਅੰਦਰੋਂ-ਅੰਦਰ ਉਹ ਵੀ ਚਾਹੁੰਦੀ ਕਿ ਕਾਸ਼ ਕੋਈ ਕਰਾਮਾਤ ਹੋ ਜਾਵੇ ਤੇ ਜੀਤੇ ਦੇ ਸੁਪਨੇ ਸਾਕਾਰ ਹੋ ਜਾਣ।

ਜੀਤੇ ਦੀ ਮਾਂ ਉੱਠ ਕੇ ਰੋਟੀ ਪਾ ਕੇ ਲੈ ਆਈ। ਤਿੰਨੇ ਬੈਠ ਕੇ ਰੋਟੀ ਖਾਣ ਲੱਗ ਪਏ। ਮੂੰਹੋਂ ਭਾਵੇਂ ਕੋਈ ਵੀ ਇੱਕ ਸ਼ਬਦ ਨਹੀਂ ਬੋਲ ਰਿਹਾ ਸੀ, ਪਰ ਦਿਮਾਗਾਂ ਵਿੱਚ ਵਿਚਾਰਾਂ ਦਾ ਰੌਲਾ-ਰੱਪਾ ਪੈ ਰਿਹਾ ਸੀ।

ਆਖ਼ਰ ਤਿੰਨੇ ਰੋਟੀ ਖਾ ਹਟੇ ਤਾਂ ਜੀਤਾ ਭਾਂਡੇ ਚੁੱਕ ਕੇ ਲੈ ਗਿਆ ਅਤੇ ਧੋਣ ਲੱਗ ਪਿਆ। ਉਹ ਅਕਸਰ ਹੀ ਵਿਹਲੇ ਸਮੇਂ ਵਿੱਚ ਮਾਂ ਨਾਲ ਹੱਥ ਵਟਾ ਦਿੰਦਾ ਅਤੇ ਛੁੱਟੀ ਵਾਲੇ ਦਿਨ ਦੁਕਾਨ 'ਤੇ ਵੀ ਬੈਠਦਾ ਸੀ।

ਉਸਦੇ ਜਾਂਦੇ ਹੀ ਉਸਦੀ ਮਾਂ ਆਪਣੇ ਘਰਵਾਲੇ ਨੂੰ ਕਹਿਣ ਲੱਗੀ, "ਦੇਖ ਲਓ, ਮੰਨ ਵੀ ਜਾਓ।"

"ਜ਼ਰੂਰ ਮੰਨ ਜਾਂਦਾ ਜੇ ਮੇਰੇ ਵੱਸ ਵਿੱਚ ਹੁੰਦਾ। ਤੂੰ ਸਮਝਦੀ ਕਿਉਂ ਨਹੀਂ, ਐਨੀ ਆਪਣੀ ਵਿੱਤ ਹੀ ਹੈਨੀ।"

ਜੀਤੇ ਦਾ ਧਿਆਨ ਰਸੋਈ ਵਿੱਚ ਖੜ੍ਹੇ ਹੋਣ ਦੇ ਬਾਵਜੂਦ ਆਪਣੇ ਮਾਂ-ਬਾਪ ਦੀਆਂ ਗੱਲਾਂ ਵੱਲ ਸੀ। ਉਹ ਮਾਪਿਆਂ ਦੀ ਬੇਬਸੀ ਜਾਣਦਾ ਸੀ, ਪਰ ਇਹ ਵੀ ਸਮਝਦਾ ਸੀ ਕਿ ਕੁਝ ਕੀਤੇ ਬਿਨਾਂ ਗੁਜ਼ਾਰਾ ਨਹੀਂ ਹੋਣਾ। ਉਹ ਛੇਤੀ-ਛੇਤੀ ਭਾਂਡੇ ਰੱਖ ਕੇ ਕੋਲ ਆ ਬੈਠ ਗਿਆ ਅਤੇ ਇੱਕ ਵਾਰ ਫਿਰ ਚੁੱਪ ਪਸਰ ਗਈ।

ਆਖ਼ਰ ਕਰਤਾਰ ਸਿੰਘ ਨੇ ਹੀ ਗੱਲ ਤੋਰੀ, "ਤੂੰ ਇੱਥੇ ਹੀ ਕੋਈ ਕੰਮ ਕਿਉਂ ਨਹੀਂ ਕਰ ਲੈਂਦਾ? ਲੋਕਾਂ ਦੇ ਧੀਆਂ-ਪੁੱਤ ਤਾਂ ਬਾਹਰੋਂ ਆ ਕੇ ਇੱਥੇ ਕੰਮ ਚਲਾਈ ਜਾਂਦੇ ਹਨ। ਮੈਂ ਕੱਲ੍ਹ ਹੀ ਫ਼ੋਨ 'ਤੇ ਦੇਖ ਰਿਹਾ ਸੀ ਕਿ ਕਿੰਨੇ ਨੌਜਵਾਨ ਮੁੰਡੇ-ਕੁੜੀਆਂ ਵਿਦੇਸ਼ਾਂ ਵਿੱਚੋਂ ਪਰਤ ਆਏ ਹਨ ਤੇ ਤੂੰ ਜਾਣ ਦਾ ਰੱਟਾ ਲਾਈ ਬੈਠਾ।"

"ਪਰ ਪਾਪਾ, ਉਹਨਾਂ ਸਾਰਿਆਂ ਦੇ ਪਰਤਣ ਦੇ ਕਾਰਨ ਵੱਖੋ-ਵੱਖਰੇ ਹਨ। ਕੁਝ ਤਾਂ ਬੱਸ ਭੇਡ-ਚਾਲ ਵਿੱਚ ਚਲੇ ਗਏ ਸਨ। ਜਿਨ੍ਹਾਂ ਨੇ ਇੱਥੇ ਆਪ ਪਾ ਕੇ ਪਾਣੀ ਨਹੀਂ ਪੀਤਾ ਸੀ, ਜਦੋਂ ਉਹਨਾਂ ਨੂੰ ਪੜ੍ਹਾਈ ਦੇ ਨਾਲ ਕੰਮ ਤੇ ਘਰ ਵੀ ਸਾਂਭਣਾ ਪਿਆ ਤਾਂ ਮੁੜ ਆਉਣਾ ਸੌਖਾ ਲੱਗਣ ਲੱਗ ਪਿਆ। ਕੁਝ ਵਿਚਾਰਿਆਂ ਦੇ ਵੀਜ਼ੇ ਨਹੀਂ ਲੱਗੇ। ਏਜੰਟਾਂ ਨੇ ਬੱਸ ਆਪਣੀ ਫ਼ੀਸ ਦੇ ਲਾਲਚ ਵਿੱਚ ਚੱਜ ਦੇ ਕੋਰਸ ਹੀ ਨਹੀਂ ਲੈ ਕੇ ਦਿੱਤੇ। ਤੇ ਕੁਝ ਸੱਚੀਂ ਉੱਥੇ ਰਹਿਣਾ ਹੀ ਨਹੀਂ ਚਾਹੁੰਦੇ ਸਨ। ਪਰ ਉਹ ਘੱਟੋ-ਘੱਟ ਮਿਹਨਤ ਕਰਨੀ ਜ਼ਰੂਰ ਸਿੱਖ ਕੇ ਆਏ ਹਨ, ਜੋ ਹੁਣ ਸਾਰੀ ਉਮਰ ਉਹਨਾਂ ਦਾ ਸਾਥ ਦੇਊਗੀ।"

ਜੀਤੇ ਨੇ ਜਿਵੇਂ ਸਾਰੇ ਸਵਾਲਾਂ ਦੇ ਜਵਾਬ ਪਹਿਲਾਂ ਹੀ ਸੋਚ ਰੱਖੇ ਸਨ।

"ਫੇਰ ਤੈਨੂੰ ਕਿਵੇਂ ਪਤਾ ਕਿ ਤੂੰ ਉੱਥੇ ਟਿਕ ਜਾਵੇਂਗਾ?" ਕਰਤਾਰ ਸਿੰਘ ਨੇ ਅਗਲਾ ਸਵਾਲ ਦਾਗ ਦਿੱਤਾ।

"ਮੈਨੂੰ ਆਪਣੇ ਘਰ ਦੇ ਹਾਲਾਤ ਪਤਾ ਹਨ। ਮਿਹਨਤ ਤੋਂ ਮੈਂ ਡਰਦਾ ਨਹੀਂ ਅਤੇ ਕਰਮਵੀਰ ਮੈਨੂੰ ਸਭ ਦੱਸਦਾ ਹੈ ਕਿ ਕਿਹੜਾ ਕੋਰਸ ਚੰਗਾ ਹੈ ਤੇ ਕਿਵੇਂ ਪੱਕੇ ਹੋ ਸਕਦੇ ਹਾਂ। ਹੁਣ ਤਾਂ ਬੱਸ ਇੱਕ ਵਾਰ ਤੁਸੀਂ ਸਾਥ ਦੇ ਦਿਓ।" ਜੀਤੇ ਨੇ ਤਰਲਾ ਜਿਹਾ ਕੀਤਾ।

ਜਾਣਦਾ ਤਾਂ ਕਰਤਾਰ ਸਿੰਘ ਵੀ ਸੀ ਕਿ ਇੱਕ ਵਾਰ ਜੀਤਾ ਬਾਹਰ ਚਲਾ ਗਿਆ ਤਾਂ ਫੇਰ ਉਹ ਕੰਮ ਤੇ ਪੜ੍ਹਾਈ ਤੋਂ ਨਹੀਂ ਟਲਦਾ। ਇੰਨਾ ਕੁ ਤਾਂ ਉਸਨੂੰ ਆਪਣੇ ਪੁੱਤ 'ਤੇ ਮਾਣ ਵੀ ਸੀ।

"ਚਲੋ, ਇੱਕ ਵਾਰ ਪੇਪਰ ਤਾਂ ਦੇ ਦੇਣ ਦਿਓ। ਉਹ ਤਾਂ ਵੀਹ ਕੁ ਹਜ਼ਾਰ ਦੀ ਗੱਲ ਹੈ। ਕਹਿੰਦਾ ਤਾਂ ਹੈ ਕਿ ਤਿਆਰੀ ਕਰ ਰੱਖੀ ਹੈ। ਬਾਕੀ ਜੇ ਇੱਕ ਵਾਰ 'ਚ ਪਾਸ ਨਾ ਹੋਇਆ ਤਾਂ ਫੇਰ ਇਸ ਗੱਲ 'ਤੇ ਹੀ ਮਿੱਟੀ ਪੈ ਜਾਊ।" ਜੀਤੇ ਦੀ ਮਾਂ ਘਰਵਾਲੇ ਅਤੇ ਪੁੱਤ ਦੋਵਾਂ ਦਾ ਪੱਖ ਲੈਂਦੀ ਹੋਈ ਬੋਲੀ।

"ਤੇ ਭਲੀਏਮਾਨਸੇ, ਜੇ ਪੇਪਰ ਪਾਸ ਕਰ ਲਿਆ ਤਾਂ ਫੇਰ ਫ਼ੀਸ ਭਰਨ ਦੇ ਪੈਸੇ ਕਿੱਥੋਂ ਆ ਜਾਣਗੇ? ਫੇਰ ਇਹ ਫ਼ੀਸ ਪਿੱਛੇ ਰੌਲਾ ਪਾਊ। ਚੰਗਾ ਇਹੀ ਹੁੰਦਾ ਕਿ ਜਿਸ ਪਿੰਡ ਨਹੀਂ ਜਾਣਾ, ਉਹਦਾ ਰਾਹ ਹੀ ਨਾ ਪੁੱਛੋ।"

ਕਰਤਾਰ ਸਿੰਘ ਗੱਲ ਮੁਕਾ ਕੇ ਉੱਠ ਕੇ ਚਲਾ ਗਿਆ। ਪਿੱਛੇ-ਪਿੱਛੇ ਦੋਵੇਂ ਮਾਂ-ਪੁੱਤ ਵੀ ਤੁਰ ਪਏ।

ਕਰਤਾਰ ਸਿੰਘ ਲੰਮਾ ਪਿਆ ਸੋਚਣ ਲੱਗ ਪਿਆ ਕਿ ਇਹ ਵੀ ਕਿਹੋ ਜਿਹੀ ਮਜਬੂਰੀ ਹੈ! ਪੁੱਤ ਦੀ ਰੀਝ ਵੀ ਨਹੀਂ ਪੂਰੀ ਕਰ ਸਕਦਾ।

ਅਜੇ ਤੱਕ ਤਾਂ ਰਿੰਪੀ ਦੀ ਸੱਸ ਦਾਜ ਘੱਟ ਲਿਆਉਣ ਦੇ ਸੌ-ਸੌ ਤਾਅਨੇ ਦਿੰਦੀ ਹੈ, ਚਾਹੇ ਉਹਨਾਂ ਨੇ ਆਪਣੀ ਵਿੱਤ ਤੋਂ ਵੱਧ ਕੇ ਕੀਤਾ ਸੀ। ਸ਼ੁਕਰ ਕਰੋ ਕਿ ਵਾਹਿਗੁਰੂ ਨੇ ਜਵਾਈ ਚੰਗਾ ਦਿੱਤਾ। ਮਾਂ ਦਾ ਮੂੰਹ ਤਾਂ ਭਾਵੇਂ ਨਹੀਂ ਫੜ ਸਕਦਾ, ਪਰ ਰਿੰਪੀ ਦਾ ਪੂਰਾ ਮਾਣ-ਤਾਣ ਕਰਦਾ ਹੈ। ਉਹ ਤਾਂ ਪਿਛਲੀ ਵਾਰ ਕਹਿ ਵੀ ਰਿਹਾ ਸੀ, "ਜੀਅ ਕਰਦਾ, ਪਾਪਾ ਜੀ, ਇਸ ਕਿੱਚ-ਕਿੱਚ ਤੋਂ ਪਾਸੇ ਹੀ ਹੋ ਜਾਈਏ।"

ਪਰ ਆਪਣੇ ਧੀ-ਜਵਾਈ ਨੂੰ ਅੱਡ ਹੋਣ ਦੀ ਮੱਤ ਦੇਣੀ ਉਸਨੂੰ ਗਵਾਰਾ ਨਹੀਂ ਸੀ। ਉਂਜ ਧੀ ਨੂੰ ਦੁਖੀ ਦੇਖ ਕੇ ਉਸਦਾ ਸੱਚੀਂ ਜੀਅ ਕਰਦਾ ਸੀ ਕਿ ਕਾਸ਼, ਉਸਦਾ ਆਪਣਾ ਘਰ ਹੋਵੇ, ਜਿੱਥੇ ਦੋਵੇਂ ਜੀਅ ਹੱਸ-ਖੇਡ ਕੇ ਰਹਿਣ।

ਫੇਰ ਪਏ-ਪਏ ਹੀ ਉਸਦੇ ਧਿਆਨ ਵਿੱਚ ਪੰਜ ਵੱਡੀਆਂ ਭੂਆ, ਚਾਰ ਆਪਣੀਆਂ ਭੂਆ ਤੇ ਚਾਰ ਆਪਣੀਆਂ ਭੈਣਾਂ ਆ ਗਈਆਂ। ਉਹ ਸੋਚਣ ਲੱਗਾ ਕਿ ਕਿਵੇਂ ਵੱਡੀ ਕਬੀਲਦਾਰੀ ਨੇ ਹਮੇਸ਼ਾ ਦੱਬ ਕੇ ਰੱਖਿਆ ਸੀ। ਜੋੜੀਆਂ ਬਣਾਉਂਦੇ-ਬਣਾਉਂਦੇ ਵੱਡਿਆਂ ਨੇ ਕਿਵੇਂ ਜਵਾਕਾਂ ਨਾਲ ਘਰ ਭਰ ਲਏ ਸਨ। ਫੇਰ ਕਿਸੇ ਕੁੜੀ ਦਾ ਵਿਆਹ, ਕਿਸੇ ਦੇ ਸੱਸ-ਸਹੁਰੇ ਦੀ ਮੌਤ, ਕਿਸੇ ਦੇ ਜਵਾਕ ਦਾ ਵਿਆਹ ਮੰਗਣਾ।

ਸਮਾਜ ਨੇ ਵੀ ਕਿਹੋ ਜਿਹੇ ਰੀਤੀ-ਰਿਵਾਜ ਬਣਾ ਰੱਖਦੇ ਆ। ਸਰਦੇ-ਪੁਰਦੇ ਘਰਾਂ ਲਈ ਰਿਵਾਜ ਹਨ ਪਰ ਆਮ ਬੰਦੇ ਦੇ ਲਈ ਤਾਂ ਗਲ ਦਾ ਫੰਦਾ ਬਣ ਜਾਂਦੇ ਹਨ। ਲੋਕਾਚਾਰੀ ਰੱਖਦੇ-ਰੱਖਦੇ ਤੇ ਵੰਡ-ਵੰਡਾਈ ਵਿੱਚ ਸੀਮਤ ਪੂੰਜੀ ਘਟਦੀ-ਘਟਦੀ ਇਹ ਹਾਲ ਹੋ ਗਏ ਸਨ।

ਇਸੇ ਲਈ ਜਦੋਂ ਉਸਦਾ ਆਪਣਾ ਵਿਆਹ ਹੋਇਆ ਸੀ ਤਾਂ ਉਸਨੇ ਤੈਅ ਕਰ ਲਿਆ ਸੀ ਕਿ ਨਿਆਣੇ ਦੋ ਹੀ ਕਰਨੇ ਹਨ। ਜੀਤਾ ਹੋਣ ਵਾਲੇ ਸਮੇਂ ਤੋਂ ਹੀ ਉਸਨੇ ਘਰੇ ਐਲਾਨ ਕਰ ਦਿੱਤਾ ਸੀ ਕਿ ਚਾਹੇ ਕੁੜੀ ਹੋਵੇ ਤੇ ਚਾਹੇ ਮੁੰਡਾ, ਬੱਚਾ ਇਹੀ ਆਖ਼ਰੀ ਹੈ।

ਇਹ ਗੱਲ ਸੁਣ ਕੇ ਉਸਦੀਆਂ ਭੂਆ, ਭੈਣਾਂ ਤੇ ਮਾਂ-ਪਿਉ ਸਭ ਹੈਰਾਨ ਹੋ ਗਏ ਸਨ। ਉਹਨਾਂ ਨੂੰ ਲੱਗਦਾ ਸੀ ਕਿ ਸਾਡਾ ਮੁੰਡਾ ਤਾਂ ਇਹ ਨਹੀ ਸੋਚ ਸਕਦਾ, ਇਹ ਸਾਰੀ ਪੱਟੀ ਇਸਦੀ ਜਨਾਨੀ ਨੇ ਹੀ ਪੜ੍ਹਾਈ ਹੈ।

ਸਾਡਾ ਸਮਾਜ ਵੀ ਕਿਹੋ ਜਿਹਾ ਹੈ ਕਿ ਹਰ ਗੱਲ ਵਿੱਚ ਬੇਗਾਨੇ ਘਰੋਂ ਆਈ ਧੀ ਵਿੱਚ ਨੁਕਸ ਕੱਢ ਕੇ ਸੁਰਖ਼ਰੂ ਹੋ ਜਾਂਦੇ ਹਨ। ਆਪਣਾ ਪੁੱਤ ਤਾਂ ਹਰੇਕ ਨੂੰ ਬੱਸ ਸਰਵਣ ਲੱਗਦਾ ਹੈ।

ਫੇਰ ਅਚਾਨਕ ਉਸਦੀਆਂ ਅੱਖਾਂ ਅੱਗੇ ਨਿੱਕਾ ਜਿਹਾ ਜੀਤਾ ਆ ਗਿਆ। ਜਦੋਂ ਨਰਸ ਨੇ ਉਸਦੀ ਝੋਲੀ ਵਿੱਚ ਪਾਇਆ ਸੀ ਤਾਂ ਉਸਨੇ ਸੋਚਿਆ ਸੀ ਕਿ ਆਪਣੇ ਪੁੱਤ ਦੇ ਸਾਰੇ ਸ਼ੌਕ ਪੂਰੇ ਕਰੇਗਾ। ਤੇ ਅੱਜ...

ਇੰਨਾ ਸੋਚਦੇ ਹੀ ਉਸਦੀਆਂ ਬੰਦ ਅੱਖਾਂ ਵਿੱਚ ਵੀ ਪਾਣੀ ਆ ਗਿਆ। ਫੇਰ ਹੌਲੀ-ਹੌਲੀ ਅੱਖਾਂ ਨੀਂਦ ਨਾਲ ਭਾਰੀਆਂ ਹੋ ਗਈਆਂ।

ਉੱਧਰ ਜੀਤਾ ਵੀ ਆਪਣੇ ਦਿਮਾਗ ਨਾਲ ਸਲਾਹਾਂ ਕਰਦਾ-ਕਰਦਾ ਸੌਂ ਗਿਆ ਸੀ।

(ਚੱਲਦਾ)

ਕਹਾਣੀਕਾਰਾ– ਹਰਪ੍ਰੀਤ ਬਰਾੜ ਸਿੱਧੂ

PUNJABSTAR.COM ਪੰਜਾਬ ਸਟਾਰ
www.punjabstar.com

## ਏਸ਼ੀਅਨ ਖੇਡਾਂ 2026:

# ਟੀਮ ਇੰਡੀਆ ਨੇ ਕ੍ਰਿਕਟ 'ਚ ਸੋਨ ਤਗਮਾ ਜਿੱਤਿਆ

## ਸ਼੍ਰੀਲੰਕਾ ਨੂੰ 147 ਦੌੜਾਂ ਨਾਲ ਹਰਾ ਕੇ ਇਤਿਹਾਸ ਰਚਿਆ



ਭਾਰਤੀ ਮਹਿਲਾ ਟੀਮ ਨੇ ਸ਼੍ਰੀਲੰਕਾ ਨੂੰ ਹਰਾ ਕੇ ਏਸ਼ੀਆਈ ਖੇਡਾਂ 2026 ਵਿੱਚ ਆਪਣਾ ਪਹਿਲਾ ਸੋਨ ਤਗਮਾ ਜਿੱਤਿਆ। ਭਾਰਤ ਨੇ 20 ਓਵਰਾਂ ਵਿੱਚ ਤਿੰਨ ਵਿਕਟਾਂ ‘ਤੇ 216 ਦੌੜਾਂ ਬਣਾਈਆਂ। ਜਵਾਬ ਵਿੱਚ, ਸ਼੍ਰੀਲੰਕਾ 15.4 ਓਵਰਾਂ ਵਿੱਚ 69 ਦੌੜਾਂ ‘ਤੇ ਢੇਰ ਹੋ ਗਿਆ। ਹਰਮਨਪ੍ਰੀਤ ਕੌਰ ਦੀ ਕਪਤਾਨੀ ਵਿੱਚ, ਭਾਰਤ ਨੇ ਇੱਕ ਵਾਰ ਫਿਰ ਇਤਿਹਾਸ ਰਚਿਆ। ਸਮ੍ਰਿਤੀ ਮੰਧਾਨਾ ਸੋਨ ਤਗਮੇ ਦੇ ਮੈਚ ਵਿੱਚ ਭਾਰਤ ਦੀ ਜਿੱਤ ਦੀ ਹੀਰੋ ਸੀ। ਸ਼੍ਰੀਲੰਕਾ ਨੇ ਚਾਂਦੀ ਦਾ ਤਗਮਾ ਜਿੱਤਿਆ, ਜਦੋਂ ਕਿ ਪਾਕਿਸਤਾਨ ਨੇ ਮਹਿਲਾ ਕ੍ਰਿਕਟ ਵਿੱਚ ਕਾਂਸੀ ਦਾ ਤਗਮਾ ਜਿੱਤਿਆ।

ਭਾਰਤ ਅਤੇ ਸ਼੍ਰੀਲੰਕਾ ਵਿਚਕਾਰ ਮਹਿਲਾ ਕ੍ਰਿਕਟ ਟੂਰਨਾਮੈਂਟ ਦਾ ਸੋਨ ਤਗਮਾ ਮੈਚ ਕੋਰੋਗੀ ਸਪੋਰਟਸ ਪਾਰਕ ਵਿੱਚ ਖੇਡਿਆ ਗਿਆ। ਇਸ ਮੈਚ ਵਿੱਚ ਟੀਮ ਇੰਡੀਆ ਨੇ ਟਾਸ ਜਿੱਤਿਆ ਅਤੇ ਪਹਿਲਾਂ ਬੱਲੇਬਾਜ਼ੀ ਕੀਤੀ। ਸ਼ੇਫਾਲੀ ਵਰਮਾ ਅਤੇ ਸਮ੍ਰਿਤੀ ਮੰਧਾਨਾ ਨੇ 99 ਦੌੜਾਂ ਦੀ ਸਾਂਝੇਦਾਰੀ ਕੀਤੀ। ਸ਼ਾਫਾਲੀ ਨੇ 29 ਗੇਂਦਾਂ ਵਿੱਚ 48 ਦੌੜਾਂ ਬਣਾਈਆਂ, ਜਦੋਂ ਕਿ ਸਮ੍ਰਿਤੀ ਮੰਧਾਨਾ ਨੇ 45 ਗੇਂਦਾਂ ਵਿੱਚ 79 ਦੌੜਾਂ ਬਣਾਈਆਂ। ਕਪਤਾਨ ਹਰਮਨਪ੍ਰੀਤ ਕੌਰ ਨੇ 19 ਦੌੜਾਂ ਬਣਾਈਆਂ। ਅੰਤ ਵਿੱਚ, ਵਿਕਟਕੀਪਰ-ਬੱਲੇਬਾਜ਼ ਰਿਚਾ ਘੋਸ਼ ਨੇ 222.73 ਦੇ ਪ੍ਰਭਾਵਸ਼ਾਲੀ ਸਟ੍ਰਾਈਕ ਰੇਟ ਨਾਲ ਬੱਲੇਬਾਜ਼ੀ ਕਰਦੇ ਹੋਏ 22 ਗੇਂਦਾਂ ਵਿੱਚ ਨਾਬਾਦ 49 ਦੌੜਾਂ ਬਣਾਈਆਂ। ਟੀਮ ਇੰਡੀਆ ਨੇ 20 ਓਵਰਾਂ ਵਿੱਚ 3 ਵਿਕਟਾਂ ਦੇ ਨੁਕਸਾਨ ‘ਤੇ 216 ਦੌੜਾਂ ਬਣਾਈਆਂ।

217 ਦੌੜਾਂ ਦਾ ਟੀਚਾ ਸ੍ਰੀਲੰਕਾ ਲਈ ਬਹੁਤ ਮੁਸ਼ਕਲ ਸੀ, ਅਤੇ ਉਹ ਭਾਰਤ ਦੀ ਗੇਂਦਬਾਜ਼ੀ ਅੱਗੇ ਝੁਕ ਗਏ। ਸ਼੍ਰੀਲੰਕਾ ਨੇ ਪਾਵਰਪਲੇ ਵਿੱਚ ਦੋ ਵਿਕਟਾਂ ਗੁਆ ਦਿੱਤੀਆਂ। ਕਪਤਾਨ ਚਮਾਰੀ ਅਥਾਪਥੂ 29 ਦੌੜਾਂ ਬਣਾ ਕੇ ਆਊਟ ਹੋ ਗਏ। ਇਸ ਤੋਂ ਬਾਅਦ, ਸ੍ਰੀਲੰਕਾ ਟੀਮ ਲਈ ਵਾਪਸੀ ਅਸੰਭਵ ਹੋ ਗਈ, ਕਿਉਂਕਿ ਕੋਈ ਵੀ ਬੱਲੇਬਾਜ਼ 11 ਦੌੜਾਂ ਤੋਂ ਵੱਧ ਨਹੀਂ ਬਣਾ ਸਕਿਆ। ਸ੍ਰੀਲੰਕਾ ਦੀ ਟੀਮ 15.4 ਓਵਰਾਂ ਵਿੱਚ ਸਿਰਫ਼ 69 ਦੌੜਾਂ ‘ਤੇ ਆਲ ਆਊਟ ਹੋ ਗਈ, ਅਤੇ ਭਾਰਤ ਨੇ 147 ਦੌੜਾਂ ਨਾਲ ਜਿੱਤ ਪ੍ਰਾਪਤ ਕੀਤੀ।

# ਭਾਰਤੀ ਹਾਕੀ ਟੀਮ 'ਚ ਸ਼ਾਮਿਲ ਅੰਮ੍ਰਿਤਸਰ ਦੇ 4 ਖਿਡਾਰੀ



ਜਾਪਾਨ ਵਿੱਚ ਖੇਡੀਆਂ ਜਾ ਰਹੀਆਂ 20ਵੀਂਆਂ ਏਸ਼ਿਆਈ ਖੇਡਾਂ ਵਿੱਚ ਅੰਮ੍ਰਿਤਸਰ ਨਾਲ ਸਬੰਧਤ ਚਾਰ ਹਾਕੀ ਖਿਡਾਰੀ ਭਾਰਤੀ ਪੁਰਸ਼ ਹਾਕੀ ਟੀਮ ਦੀ ਨੁਮਾਇੰਦਗੀ ਕਰ ਰਹੇ ਹਨ। ਇਸ ਟੀਮ ਵਿੱਚ ਹਰਮਨਪ੍ਰੀਤ ਸਿੰਘ, ਦਿਲਪ੍ਰੀਤ ਸਿੰਘ, ਜਰਮਨਪ੍ਰੀਤ ਸਿੰਘ ਅਤੇ ਜੁਗਰਾਜ ਸਿੰਘ ਸ਼ਾਮਿਲ ਹਨ। ਹਰਮਨਪ੍ਰੀਤ ਸਿੰਘ ਭਾਰਤੀ ਟੀਮ ਦੀ ਅਗਵਾਈ ਬਰਕਰਾਰ ਰੱਖ ਰਹੇ ਹਨ। ਭਾਰਤੀ ਟੀਮ 2023 ਵਿੱਚ ਹਾਂਗਝੂ ਏਸ਼ਿਆਈ ਖੇਡਾਂ ਦੌਰਾਨ ਸੋਨ ਤਗਮਾ ਜਿੱਤ ਕੇ ਮੌਜੂਦਾ ਚੈਂਪੀਅਨ ਵਜੋਂ ਟੂਰਨਾਮੈਂਟ ਵਿੱਚ ਉੱਤਰੀ ਹੈ, ਜਿਸ ਦੌਰਾਨ ਵੀ ਟੀਮ ਦੀ ਕਪਤਾਨੀ ਹਰਮਨਪ੍ਰੀਤ ਸਿੰਘ ਨੇ ਹੀ ਕੀਤੀ ਸੀ।

**ਹਰਮਨਪ੍ਰੀਤ ਸਿੰਘ :** ਹਰਮਨਪ੍ਰੀਤ ਸਿੰਘ ਅੰਮ੍ਰਿਤਸਰ-ਜਲੰਧਰ ਜੀ.ਟੀ. ਰੋਡ ’ਤੇ ਅੰਮ੍ਰਿਤਸਰ ਤੋਂ ਲਗਪਗ 12 ਕਿਲੋਮੀਟਰ ਦੂਰ ਸਥਿਤ ਪਿੰਡ ਤਿੰਮੋਵਾਲ ਦਾ ਰਹਿਣ ਵਾਲਾ ਹੈ। ਉਸ ਦੇ ਪਿਤਾ ਸਰਬਜੀਤ ਸਿੰਘ ਨੂੰ ਉਮੀਦ ਹੈ ਕਿ ਭਾਰਤੀ ਟੀਮ ਆਪਣਾ ਏਸ਼ਿਆਈ ਖੇਡਾਂ ਦਾ ਖ਼ਿਤਾਬ ਬਰਕਰਾਰ ਰੱਖੇਗੀ। ਉਨ੍ਹਾਂ ਨੇ ਦੱਸਿਆ ਕਿ ਹਰਮਨਪ੍ਰੀਤ ਨੇ ਮੰਨੇ-ਪ੍ਰਮੰਨੇ ਡਰੈਗ-ਫਲਿੱਕਰ ਅਤੇ ਡਿਫੈਂਡਰ ਵਜੋਂ ਨਾਂ ਕਮਾਇਆ ਹੈ ਅਤੇ ਪਿੰਡ ਵਿੱਚ ਹਰ ਕੋਈ ਉਸ ਦੀ ਹਾਕੀ ’ਤੇ ਮਜ਼ਬੂਤ ਪਕੜ ਦੀ ਸ਼ਲਾਘਾ ਕਰਦਾ ਹੈ। ਸਰਬਜੀਤ ਸਿੰਘ ਨੇ ਯਾਦ ਕਰਦਿਆਂ ਦੱਸਿਆ ਕਿ ਹਰਮਨਪ੍ਰੀਤ ਨੂੰ ਉਸ ਦੇ ਮਾਮਾ ਹਰਦੇਵ ਸਿੰਘ ਚਾਹਲ (ਜੋ ਰਾਸ਼ਟਰੀ ਪੱਧਰ ’ਤੇ ਖੇਡ ਚੁੱਕੇ ਹਨ) ਤੋਂ ਹਾਕੀ ਖੇਡਣ ਦੀ ਪ੍ਰੇਰਨਾ ਮਿਲੀ ਸੀ, ਜਿਨ੍ਹਾਂ ਦੀ ਲਗਨ ਤੇ ਮਿਹਨਤ ਨੇ ਉਸ ਨੂੰ ਖੇਡ ਦੇ ਸਰਵਉੱਚ ਪੱਧਰ ’ਤੇ ਪਹੁੰਚਾਇਆ।

**ਦਿਲਪ੍ਰੀਤ ਸਿੰਘ :** ਫਾਰਵਰਡ ਖਿਡਾਰੀ ਦਿਲਪ੍ਰੀਤ ਸਿੰਘ ਅੰਮ੍ਰਿਤਸਰ ਤੋਂ ਲਗਪਗ 50 ਕਿਲੋਮੀਟਰ ਦੂਰ ਇਤਿਹਾਸਕ ਅਸਥਾਨ ਬਾਬਾ ਬਕਾਲਾ ਸਾਹਿਬ ਨੇੜਲੇ ਪਿੰਡ ਬੂਟਾਲਾ ਦਾ ਰਹਿਣ ਵਾਲਾ ਹੈ। ਉਸ ਦੇ ਪਰਿਵਾਰ ਅਤੇ ਪਿੰਡ ਵਾਸੀਆਂ ਨੂੰ ਉਮੀਦ ਹੈ ਕਿ ਉਸ ਦੇ ਹਮਲਾਵਰ ਖੇਡ ਹੁਨਰ ਨਾਲ ਭਾਰਤ ਨੂੰ ਟੂਰਨਾਮੈਂਟ ਵਿੱਚ ਮੁੜ ਮਦਦ ਮਿਲੇਗੀ। ਏਸ਼ਿਆਈ ਖੇਡਾਂ ਵਿੱਚ ਹਮਲਾਵਰ ਲਾਈਨ ਦੀ ਅਗਵਾਈ ਲਈ ਦਿਲਪ੍ਰੀਤ ਦੇ ਨਾਲ ਸ਼ਿਲਾਨੰਦ ਲਾਕੜਾ, ਸੁਖਜੀਤ ਸਿੰਘ, ਮੰਦੀਪ ਸਿੰਘ ਅਤੇ ਅਭਿਸ਼ੇਕ ਨੂੰ ਟੀਮ ’ਚ ਸ਼ਾਮਿਲ ਕੀਤਾ ਗਿਆ ਹੈ।

**ਜਰਮਨਪ੍ਰੀਤ ਸਿੰਘ :** ਬਾਬਾ ਬਕਾਲਾ ਸਾਹਿਬ ਖੇਤਰ ਨਾਲ ਸਬੰਧਤ ਜਰਮਨਪ੍ਰੀਤ ਸਿੰਘ ਨੇ ਆਪਣੇ ਹਾਕੀ ਸਫ਼ਰ ਦੀ ਸ਼ੁਰੂਆਤ ਪਿੰਡ ਮਹਿਤਾ ਸਥਿਤ ਖਾਲਸਾ ਹਾਕੀ ਅਕੈਡਮੀ ਤੋਂ ਕੀਤੀ ਸੀ, ਜਿਸ ਤੋਂ ਬਾਅਦ ਉਹ ਜਲੰਧਰ ਦੀ ਸੁਰਜੀਤ ਹਾਕੀ ਅਕੈਡਮੀ ਵਿੱਚ ਚਲਾ ਗਿਆ। ਉਸ ਨੇ 2024 ਦੀਆਂ ਪੈਰਿਸ ਓਲੰਪਿਕ ਖੇਡਾਂ ਵਿੱਚ ਆਪਣੇ ਓਲੰਪਿਕ ਸਫ਼ਰ ਦੀ ਸ਼ੁਰੂਆਤ ਕੀਤੀ ਸੀ, ਜਿੱਥੇ ਭਾਰਤ ਨੇ ਕਾਂਸੇ ਦਾ ਤਗ਼ਮਾ ਜਿੱਤਿਆ ਸੀ। ਉਹ ਰੇਲਵੇ ਸਪੋਰਟਸ ਪ੍ਰਮੋਸ਼ਨ ਬੋਰਡ ਦੀ ਨੁਮਾਇੰਦਗੀ ਕਰ ਚੁੱਕਾ ਹੈ ਅਤੇ ਬਾਅਦ ਵਿੱਚ ਘਰੇਲੂ ਟੂਰਨਾਮੈਂਟਾਂ ਲਈ ਇਨਕਮ ਟੈਕਸ ਵਿਭਾਗ ਵਿੱਚ ਸ਼ਾਮਿਲ ਹੋ ਗਏ।

**ਜੁਗਰਾਜ ਸਿੰਘ :** ਡਿਫੈਂਡਰ ਅਤੇ ਡਰੈਗ-ਫਲਿੱਕਰ ਜੁਗਰਾਜ ਸਿੰਘ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਅਟਾਰੀ ਦਾ ਰਹਿਣ ਵਾਲਾ ਹੈ। ਉਨ੍ਹਾਂ ਨੇ ਇਸੇ ਸਾਲ ਜੂਨ ਵਿੱਚ ਨੀਦਰਲੈਂਡਜ਼ ਦੇ ਰੋਟਰਡਮ ਵਿਖੇ ਜਰਮਨੀ ਵਿਰੁੱਧ ਭਾਰਤ ਦੇ ਐੱਫ.ਆਈ.ਐੱਚ. ਪ੍ਰੋ ਲੀਗ ਮੈਚ ਦੌਰਾਨ 100 ਅੰਤਰਰਾਸ਼ਟਰੀ ਮੈਚ (ਕੈਪਸ) ਖੇਡਣ ਦਾ ਮੀਲ ਪੱਥਰ ਹਾਸਲ ਕੀਤਾ ਸੀ। ਜੁਗਰਾਜ ਨੇ 2022 ਵਿੱਚ ਦੱਖਣੀ ਅਫ਼ਰੀਕਾ ਵਿੱਚ ਐੱਫ.ਆਈ.ਐੱਚ. ਪ੍ਰੋ ਲੀਗ ਮੈਚਾਂ ਦੌਰਾਨ ਆਪਣੇ ਸੀਨੀਅਰ ਅੰਤਰਰਾਸ਼ਟਰੀ ਕਰੀਅਰ ਦੀ ਸ਼ੁਰੂਆਤ ਕੀਤੀ ਸੀ ਅਤੇ ਜਲਦ ਹੀ ਭਾਰਤੀ ਰੱਖਿਆ ਪੰਕਤੀ (ਬੈਕਲਾਈਨ) ਦੇ ਮਹੱਤਵਪੂਰਨ ਅੰਗ ਬਣ ਗਿਆ।

# ਓਰੇਗਨ ਸਟੇਟ ਦਾ ਵਾਈਲਡ ਲਾਈਫ ਸਫਾਰੀ: ਅਮਰੀਕਾ ਦੇ ਵਿੱਚ ਬੈਠਕੇ ਕੀਤੀ ਅਫਰੀਕਾ ਦੀ ਸੈਰ











**ਵਿਸ਼ੇਸ਼ ਲੇਖ: ਜਗਰੂਪ ਸਿੰਘ ਜਰਖੜ ਦੀ ਵਿਸ਼ੇਸ਼ ਰਿਪੋਰਟ**

ਅਮਰੀਕਾ ਘੁੰਮਣ ਆਏ ਪੰਜਾਬੀਆਂ ਨੂੰ ਅਕਸਰ ਪੁੱਛਿਆ ਜਾਂਦਾ ਹੈ ਕਿ ਅਮਰੀਕਾ ਵਿੱਚ ਸਭ ਤੋਂ ਵੱਖਰਾ ਕੀ ਵੇਖਿਆ? ਜ਼ਿਆਦਾਤਰ ਲੋਕ ਡਿਜ਼ਨੀਲੈਂਡ ਜਾਂ ਗ੍ਰੈਂਡ ਕੈਨਿਯਨ ਦਾ ਨਾਮ ਲੈਂਦੇ ਹਨ। ਪਰ ਮੇਰੇ ਪਰਮ ਮਿੱਤਰ ਕਬੱਡੀ ਪ੍ਰਮੋਟਰ ਮਨਮੋਹਣ ਗਰੇਵਾਲ ਉਰਫ ਮੋਹਣਾ ਜੋਧਾਂ ਨੇ ਵਿਲੱਖਣ ਹੀ ਜਗ੍ਹਾ ਦਾ ਅਨਭਵ ਕਰਵਾਇਆ ਜਿਸ ਦਾ ਅਸਰ ਮੇਰੇ ਜਹਿਨ ਉੱਤੇ ਪੂਰੀ ਜਿੰਦਗੀ ਰਹੇਗਾ। ਆਮ ਤੌਰ ਤੇ ਅਫਰੀਕਾ ਦੇ ਵਿੱਚ ਜੰਗਲੀ ਪਾਰਕ ਦੇਖਣ ਵਾਲੇ ਹਨ ਪਰ ਅਸੀਂ ਅਮਰੀਕਾ ਚ ਬੈਠ ਕੇ ਅਫਰੀਕਾ ਵਾਲੀ ਸੈਰ ਕਰ ਲਈ ਹੈ।ਓਰੇਗਨ ਸਟੇਟ ਦੇ ਵਿੰਸਟਨ ਸ਼ਹਿਰ ਵਿੱਚ ਇੱਕ ਅਜਿਹੀ ਜਗ੍ਹਾ ਹੈ ਜਿੱਥੇ ਤੁਸੀਂ ਆਪਣੀ ਕਾਰ ਦੀ ਖਿੜਕੀ ਤੋਂ ਸ਼ੇਰ, ਚੀਤਾ ਅਤੇ ਜਿਰਾਫ ਨੂੰ ਹੱਥ ਲਾ ਸਕਦੇ ਹੋ। ਉਹ ਹੈ ਵਾਈਲਡਲਾਈਫ ਸਫਾਰੀ , ਇੱਕ ਉਹ ਜੰਗਲ ਜੋ ਜੰਗਲੀ ਜਾਨਵਰਾਂ ਦੀ ਸਾਂਭ ਸੰਭਾਲ ਕਰਦਾ ਹੈ ਅਤੇ ਸਮਾਜ ਨੂੰ ਇੱਕ ਉਸਾਰੂ ਸੁਨੇਹਾ ਦਿੰਦਾ ਹੈ।

**ਇਤਿਹਾਸ - ਇੱਕ ਬੰਦੇ ਦੇ ਸੁਪਨੇ ਤੋਂ ਸ਼ੁਰੂਆਤ:**

ਵਾਈਲਡ ਲਾਈਫ ਸਫਾਰੀ ਦੀ ਕਹਾਣੀ 1972 ਸ਼ੁਰੂ ਹੁੰਦੀ ਹੈ। ਫਰੈਂਕ ਹਾਰਟ ਨਾਮ ਦਾ ਇੱਕ ਗੋਰਾ ਕੁਦਰਤ ਪ੍ਰੇਮੀ ਅਕਸਰ ਅਫਰੀਕਾ ਜਾਂਦਾ ਸੀ। ਉਸਨੇ ਵੇਖਿਆ ਕਿ ਦੁਨੀਆਂ ਦੇ ਦੁਰਲੱਭ ਜਾਨਵਰ ਖ਼ਤਮ ਹੋ ਰਹੇ ਹਨ। ਉਸਨੇ ਸੋਚਿਆ ਕਿ ਕਿਉਂ ਨਾ ਅਮਰੀਕਾ ਦੇ ਪੈਸੀਫਿਕ ਨੌਰਥਵੈਸਟ ਵਿੱਚ ਇੱਕ ਅਜਿਹੀ ਜਗ੍ਹਾ ਬਣਾਈ ਜਾਵੇ ਜਿੱਥੇ ਇਹ ਜਾਨਵਰ ਸੁਰੱਖਿਅਤ ਰਹਿਣ।

1972 ਵਿੱਚ ਉਸਨੇ 600 ਏਕੜ ਜ਼ਮੀਨ ਲਈ ਅਤੇ ਪਾਰਕ ਖੋਲ੍ਹਿਆ। 1980 ਵਿੱਚ ਇਹ ਇੱਕ ਨਾਂਨ ਪ੍ਰੋਫਿਟ ਸੰਸਥਾ ਬਣ ਗਈ। ਮਤਲਬ ਇਸਦੀ ਕਮਾਈ ਸਰਕਾਰ ਨਹੀਂ ਲੈਂਦੀ, ਸਾਰਾ ਪੈਸਾ ਜਾਨਵਰਾਂ ਦੀ ਸੰਭਾਲ ਤੇ ਲੱਗਦਾ ਹੈ। ਇਹ ਅਮਰੀਕਾ ਦੇ ਗਿਣੇ-ਚੁਣੇ ਪ੍ਰਾਈਵੇਟ ਚਿੜੀਆਘਰਾਂ ਵਿੱਚੋਂ ਹੈ ਜਿਸਨੂੰ ਅਗ਼ਅ (Assocaition of Zoos and Aquariums) ਤੋਂ ਮਾਨਤਾ ਮਿਲੀ ਹੋਈ ਹੈ।

**ਵਾਈਲਡ ਲਾਈਫ ਸਫਾਰੀ ਦੇ ਅੰਦਰ ਕੀ-ਕੀ ਦੇਖਿਆ ?**

ਅਸੀਂ ਆਪਣੇ ਪਰਵਾਰਾਂ ਸਮੇਤ ਕਾਰ ਦੇ ਵਿੱਚ ਡਰਾਈਵ-ਥਰੂ ਸਫਾਰੀ (4.5 ਮੀਲ ਦਾ ਸਫਰ) ਤਹਿ ਕੀਤਾ ਜੋ ਕਿ ਕਾਫੀ ਡਰਾਉਣਾ ਵੀ ਲੱਗ ਰਿਹਾ ਸੀ।

ਇਹ ਸਭ ਤੋਂ ਮੁੱਖ ਆਕਰਸ਼ਣ ਹੈ। ਤੁਸੀਂ ਆਪਣੀ ਗੱਡੀ ਵਿੱਚ ਹੌਲੀ-ਹੌਲੀ (10 mph) ਤੁਰਦੇ ਹੋ। ਜਾਨਵਰ ਸਾਰੇ ਖੁੱਲ੍ਹੇ ਛੱਡੇ ਹੋਏ ਹਨ।

ਪਹਿਲੇ ਪੜਾਅ ਵਿੱਚ ਅਫਰੀਕਾ ਪਲੇਨ ਦੇ ਦਰਸ਼ਨ ਹੁੰਦੇ ਹਨ ਇੱਥੇ ਜ਼ੈਬਰਾ, ਵਾਟੂਸੀ ਬਲਦ, ਕੁਡੂ ਹਿਰਨ, ਓਸਟਰਿਚ, ਸਫੈਦ ਗੈਂਡਾ , ਦਰਿਆਈ ਘੋੜਾ, ਅਤੇ 20 ਫੁੱਟ ਉੱਚੇ ਜਿਰਾਫ ਵੇਖਣ ਨੂੰ ਮਿਲਦੇ ਹਨ । ਇਹ ਜਿਰਾਫ ਤੁਹਾਡੀ ਗੱਡੀ ਕੋਲ ਆ ਕੇ ਸਿਰ ਅੰਦਰ ਵੀ ਪਾ ਦਿੰਦੇ ਹਨ।

- ਏਸ਼ੀਆਈ ਜ਼ੋਨ: ਸੁਮਾਤਰਨ ਟਾਈਗਰ, ਸਾਇਬੇਰੀਅਨ ਟਾਈਗਰ, ਅਤੇ ਓਰੇਗਨ ਦੇ ਇੱਕੋ-ਇੱਕ ਅਫਰੀਕਨ ਹਾਥੀ।

ਇਸਤੋਂ ਇਲਾਵਾ ਕਾਲੇ ਰਿੱਛ, ਭੂਰੇ ਰਿੱਛ, ਸ਼ੇਰ ਅਤੇ ਚੀਤਾ ਹੋਰ ਖਤਰਨਾਕ ਜਾਨਵਰ ਦੇਖੇ । ਇੱਥੇ ਗੱਡੀ ਦੀਆਂ ਖਿੜਕੀਆਂ ਬੰਦ ਰੱਖਣੀਆਂ ਪੈਂਦੀਆਂ ਹਨ। ਖੁੱਲ੍ਹੀ ਛੱਤ ਵਾਲੀ ਗੱਡੀ ਇੱਥੇ ਜਾਣ ਦੀ ਮਨਾਹੀ ਹੈ।

**ਸਫਾਰੀ ਵਿਲੇਜ - ਜਿੱਥੇ ਸੈਰ ਮੁਫ਼ਤ ਹੈ:**

ਗੱਡੀ ਵਾਲੀ ਸਫਾਰੀ ਤੋਂ ਬਾਅਦ ਤੁਸੀਂ ਇੱਕ ਪਿੰਡ ਵਿੱਚ ਆਉਂਦੇ ਹੋ। ਖਾਸ ਗੱਲ ਇਹ ਹੈ ਕਿ ਇੱਥੇ ਘੁੰਮਣ ਲਈ ਕੋਈ ਟਿਕਟ ਨਹੀਂ ਲੱਗਦੀ।

**ਇੱਥੇ ਤੁਸੀਂ ਵੇਖੋਗੇ:** ਲਾਲ ਪਾਂਡਾ , ਫਲੇਮਿੰਗੋ, ਮਗਰਮੱਛ, ਕੂਗਰ, ਲੇਮੂਰ, ਮੇਨਡ ਵੁਲਫ (ਓਰੇਗਨ ਵਿੱਚ ਸਿਰਫ ਇੱਥੇ ਹੀ ਹੈ), ਅਤੇ ਬੱਚਿਆਂ ਲਈ ਪੀਟਿੰਗ ਯੂਅ ਵਿੱਚ ਬੱਕਰੀਆਂ ਤੇ ਛੋਟੇ ਘੋੜੇ ਵੇਖਣ ਨੂੰ ਮਿਲਦੇ ਹਨ।

**3. ਦੁਨੀਆਂ ਦਾ ਨੰਬਰ 1 ਚੀਤਾ ਪ੍ਰਜਨਨ ਕੇਂਦਰ:**

ਇਹ ਇਸ ਪਾਰਕ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ ਕਿ ਜਦੋਂ ਪੂਰੀ ਦੁਨੀਆਂ ਵਿੱਚ ਜੰਗਲੀ ਚੀਤੇ ਸਿਰਫ 10,000 ਦੇ ਕਰੀਬ ਬਚੇ ਹਨ, ਤਾਂ ਇਸ ਪਾਰਕ ਨੇ 1972 ਤੋਂ ਹੁਣ ਤੱਕ 259 ਤੋਂ ਵੱਧ ਚੀਤੇ ਦੇ ਬੱਚੇ ਪੈਦਾ ਕੀਤੇ ਹਨ।

ਇਹ ਅਫਰੀਕਾ ਤੋਂ ਬਾਹਰ ਦੁਨੀਆਂ ਦਾ ਨੰਬਰ 1 ਅਤੇ ਧਰਤੀ ਦਾ ਨੰਬਰ 2 ਸਭ ਤੋਂ ਸਫਲ ਚੀਤਾ ਬ੍ਰੀਡਿੰਗ ਪ੍ਰੋਗਰਾਮ ਹੈ। ਇੱਥੋਂ ਦੇ ਚੀਤੇ ਦੇ ਬੱਚੇ ਅਮਰੀਕਾ ਦੇ ਹੋਰ ਚਿੜੀਆਘਰਾਂ ਵਿੱਚ ਭੇਜੇ ਜਾਂਦੇ ਹਨ ਤਾਂ ਜੋ ਨਸਲ ਬਚੀ ਰਹੇ। ਇੱਕ ਵਾਰ ਇੱਥੇ ਕੇ ਜੈ ਨਾਮ ਦੇ ਚੀਤੇ ਅਤੇ ਰਹਿਨੋ ਨਾਮ ਦੇ ਕੁੱਤੇ ਦੀ ਦੋਸਤੀ ਨੇ ਪੂਰੀ ਦੁਨੀਆਂ ਵਿੱਚ ਖ਼ਬਰ ਬਣਾਈ ਸੀ। ਅਸਲ ਗੱਲ ਇਹ ਹੈ ਕਿ ਇਹ ਜੰਗਲ ਤੁਹਾਨੂੰ ਦੁਨੀਆਂ ਦਾ ਇੱਕ ਨਵਾਂ ਹੀ ਅਨੁਭਵ ਸਿਖਾਉਂਦਾ ਹੈ।

**ਐਲੀਫੈਂਟ ਕਾਰ ਵਾਸ਼**

ਇੱਥੇ ਹਾਥੀ ਤੁਹਾਡੀ ਕਾਰ ਨੂੰ ਪਾਣੀ ਮਾਰ ਕੇ ਧੋਂਦੇ ਹਨ, ਪਰ ਗਾਰੰਟੀ ਹੈ ਕਿ ਕਾਰ ਸਾਫ ਨਹੀਂ ਹੋਵੇਗੀ, ਸਗੋਂ ਹੋਰ ਗੰਦੀ ਹੋ ਜਾਵੇਗੀ, ਬੱਚੇ ਬਹੁਤ ਖੁਸ਼ ਹੁੰਦੇ ਹਨ।

ਵਾਇਲਡ ਲਾਈਫ ਸਫਾਰੀ ਫੋਟੋਗ੍ਰਾਫਰਾਂ ਲਈ ਜੰਨਤ ਹੈ।ਸਵੇਰੇ 9 ਵਜੇ ਜਾਨਵਰਾਂ ਨੂੰ ਚਾਰਾ ਪਾਇਆ ਜਾਂਦਾ ਹੈ, ਉਦੋਂ ਉਹ ਸਭ ਤੋਂ ਵੱਧ ਸਰਗਰਮ ਹੁੰਦੇ ਹਨ। ਫੋਟੋ ਲਈ ਇਹੀ ਵਧੀਆ ਸਮਾਂ ਹੈ।

ਇੱਥੇ ਹਾਈ ਸਕੂਲ ਦੇ ਬੱਚੇ Ecology, Math ਦੀਆਂ ਕਲਾਸਾਂ ਵੀ ਲੈਂਦੇ ਹਨ, ਅਤੇ ਗਰਮੀਆਂ ਵਿੱਚ Summer Camp ਲੱਗਦਾ ਹੈ। ਮੈਂ 2019 ਵਿੱਚ ਆਪਣੀ ਆਸਟਰੇਲੀਆਈ ਯਾਤਰਾ ਦੌਰਾਨ ਉਥੋਂ ਦੇ ਮੈਲਬੌਰਨ ਵਿਖੇ "ਨੈਸ਼ਨਲ ਪਾਰਕ" ਵਿੱਚ ਇਸ ਤਰ੍ਹਾਂ ਦਾ ਜੰਗਲੀ ਜਾਨਵਰਾਂ ਦਾ ਨਜ਼ਾਰਾ ਵੇਖਿਆ ਸੀ ਉਸ ਤੋਂ ਬਾਅਦ ਅਮਰੀਕਾ ਦੇ ਵਿੱਚ ਇਹਨਾਂ ਜੰਗਲੀ ਜਾਨਵਰਾਂ ਦਾ ਕਿਸ ਤਰਾਂ ਵਾਸਾ ਹੁੰਦਾ ਹੈ ਉਹ ਵੇਖਣ ਦਾ ਮੌਕਾ ਮਿਲਿਆ।

ਸੋ ਜੇ ਤੁਸੀਂ ਅਮਰੀਕਾ ਦੀ ਓਰੇਗਨ ਸਟੇਟ ਆਏ ਹੋ ਤਾਂ ਇਹ 600 ਏਕੜ ਦੀ ਸਫਾਰੀ ਜ਼ਰੂਰ ਵੇਖ ਕੇ ਜਾਓ। ਇਹ ਸਿਰਫ਼ ਸੈਰ ਨਹੀਂ, ਇੱਕ ਸੁਨੇਹਾ ਹੈ ਕਿ ਅਸੀਂ ਜਾਨਵਰਾਂ ਨੂੰ ਕਿਵੇਂ ਬਚਾ ਸਕਦੇ ਹਾਂ। ਗੁਰੂ ਭਲੀ ਕਰੇ। ਰੱਬ ਰਾਖਾ।



ਖੇਡ ਲੇਖਕ: ਜਗਰੂਪ ਸਿੰਘ ਜਰਖੜ, ਸਿਆਟਲ (USA)
ਸੰਪਰਕ: +91-98143-00722













